Punjabi Parwaz

# ਪੰਜਾਬੀ ਪਰਵਾਜ਼

ਅੰਕ 19ਵਾਂ (ਸ਼ਿਕਾਗੋ): 3 ਫਰਵਰੀ ਤੋਂ 16 ਫਰਵਰੀ 2024 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

# ਚੰਡੀਗੜ੍ਹ ਦੇ ਮੇਅਰ ਦੀ ਚੋਣ ਨੇ ਭਾਜਪਾ ਦੇ ਮਨਸ਼ੇ ਜ਼ਾਹਰ ਕੀਤੇ

## ਵਿਰੋਧੀ ਗੁੱਟ ਦੀਆਂ 8 ਵੋਟਾਂ ਰੱਦ ਕਰਵਾ ਕੇ ਜਿੱਤੀ ਚੋਣ

**ਜਸਵੀਰ ਸਿੰਘ ਸ਼ੀਰੀ**

ਚੰਡੀਗੜ੍ਹ ਦੇ ਮੇਅਰ ਦੀ ਚੋਣ ਵਿੱਚ ਭਾਰਤੀ ਜਨਤਾ ਪਾਰਟੀ ਦੀ ਸ਼ੱਰ੍ਹੇਆਮ ਧੱਕੇਸ਼ਾਹੀ ਨੇ ਵਿਰੋਧੀ ਧਿਰਾਂ, ਵਕੀਲਾਂ ਅਤੇ ਸਿਵਲ ਸੰਗਠਨਾਂ ਦੇ ਉਨ੍ਹਾਂ ਸ਼ੰਕਿਆਂ ਨੂੰ ਠੋਸ ਤੱਥਾਂ ਦਾ ਆਧਾਰ ਮੁਹੱਈਆ ਕਰਵਾ ਦਿੱਤਾ ਕਿ ਕੇਂਦਰ ਸਰਕਾਰ ਤੇ ਭਾਜਪਾ ਚੋਣ ਕਮਿਸ਼ਨ ਅਤੇ ਚੋਣ ਅਮਲੇ 'ਤੇ ਆਪਣੇ ਪ੍ਰਭਾਵ ਰਾਹੀਂ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਵੱਡੀ ਪੱਧਰ 'ਤੇ ਵੋਟਾਂ ਦੀ ਹੇਰਾਫੇਰੀ ਕਰ ਸਕਦੀ ਹੈ। ਇਸੇ ਖਦਸ਼ੇ ਤਹਿਤ ਵਕੀਲਾਂ ਦੇ ਕਈ ਸੰਗਠਨਾਂ ਵੱਲੋਂ ਈ.ਵੀ.ਐਮ. ਮਸ਼ੀਨਾਂ ਦੀ ਦੁਰਵਰਤੋਂ ਅਤੇ ਅੰਨ੍ਹੇ ਵੀ.ਵੀ.ਪੈਟ 'ਤੇ ਸੁਆਲ ਚੁੱਕੇ ਜਾ ਰਹੇ ਹਨ। ਉਪਰੋਕਤ ਸੰਗਠਨ ਮੰਗ ਕਰ ਰਹੇ ਹਨ ਕਿ ਜਦੋਂ ਵਿਕਸਿਤ ਮੁਲਕਾਂ ਵਿੱਚ ਚੋਣਾਂ ਚੋਣ ਪਰਚੀ ਰਾਹੀਂ ਹੁੰਦੀਆਂ ਹਨ ਤਾਂ ਸਾਡੇ ਕਿਉਂ ਨਹੀਂ? ਭਾਜਪਾ ਨੇ ਤਾਂ ਇਹ ਵੀ ਵਿਖਾ ਦਿੱਤਾ ਕਿ ਮਸ਼ੀਨਾਂ ਤੋਂ ਬਿਨਾ ਵੀ ਉਨ੍ਹਾਂ ਨੂੰ ਧਾਂਦਲੀ ਕਰਨੀ ਔਖੀ ਨਹੀਂ ਹੈ।

ਚੰਡੀਗੜ੍ਹ ਦੇ ਕੌਂਸਲਰਾਂ ਵਲੋਂ ਮੇਅਰ ਦੀ ਚੋਣ ਪਹਿਲਾਂ ਤਾਂ ਕੁਝ ਦਿਨ ਅੱਗੇ ਪਾਈ ਗਈ, ਪਰ ਅਖੀਰ ਜਦੋਂ ਇਹ ਕਰਵਾਈ ਕੀਤੀ ਗਈ ਤਾਂ ਪ੍ਰਜ਼ਾਈਡਿੰਗ ਅਫਸਰ ਨੇ 'ਆਪ' ਅਤੇ ਕਾਂਗਰਸ ਗੱਠਜੋੜ ਦੀਆਂ ਅੱਠ ਵੋਟਾਂ ਰੱਦ ਕਰਕੇ ਭਾਜਪਾ ਉਮੀਦਵਾਰ ਮਨੋਜ ਸੋਨਕਰ ਨੂੰ ਜਿਤਾ ਦਿੱਤਾ। ਪ੍ਰਜ਼ਾਈਡਿੰਗ ਅਫਸਰ ਅਨੁਸਾਰ ਵਿਰੋਧੀਆਂ ਦੀਆਂ ਅੱਠ ਵੋਟਾਂ ਰੱਦ ਹੋ ਜਾਣ ਦੀ ਸੂਰਤ ਵਿੱਚ ਭਾਜਪਾ ਦੇ ਮਨੋਜ ਸੋਨਕਰ ਨੂੰ 16 ਵੋਟਾਂ ਅਤੇ 'ਆਪ' ਤੇ ਕਾਂਗਰਸ ਦੇ ਸਾਂਝੇ ਉਮੀਦਵਾਰ ਕੁਲਦੀਪ ਕੁਮਾਰ ਧੌਲਰ ਨੂੰ 12 ਵੋਟਾਂ ਮਿਲੀਆਂ। ਇਸ ਤਰ੍ਹਾਂ ਭਾਜਪਾ ਉਮੀਦਵਾਰ ਨੂੰ ਚਾਰ ਵੋਟਾਂ ਨਾਲ ਜੇਤੂ ਕਰਾਰ ਦਿੱਤਾ ਗਿਆ। ਚੋਣ ਨਤੀਜੇ ਦੇ ਐਲਾਨ ਤੋਂ ਬਾਅਦ ਕਾਫੀ ਹੰਗਾਮਾ ਹੋਇਆ ਅਤੇ ਵਿਰੋਧੀ ਧਿਰ ਚੋਣ ਨਤੀਜੇ ਦਾ ਬਾਈਕਾਟ ਕਰਦੇ ਹੋਏ ਸਦਨ ਵਿੱਚੋਂ ਵਾਕਆਊਟ ਕਰ ਗਈ। ਇਸ ਤਰ੍ਹਾਂ ਇੱਕ ਵਾਰ ਫਿਰ ਇਹ ਮੁੱਦਾ ਹਾਈਕੋਰਟ ਵਿੱਚ ਜਾ ਪੁੱਜਾ ਹੈ।

ਭਾਜਪਾ ਦੇ ਕੌਂਸਲਰਾਂ ਵਲੋਂ ਕੁਲਜੀਤ ਸਿੰਘ ਸੀਨੀਅਰ ਡਿਪਟੀ ਮੇਅਰ ਅਤੇ ਰਜਿੰਦਰ ਸ਼ਰਮਾ ਡਿਪਟੀ ਮੇਅਰ ਚੁਣੇ ਗਏ ਹਨ। ਇੰਜ ਚੰਡੀਗੜ੍ਹ ਦੇ ਮੇਅਰ ਦੀ ਚੋਣ ਦਾ ਵਿਵਾਦਗ੍ਰਸਤ ਨਤੀਜਾ ਸਾਰੇ ਦੇਸ਼ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ ਹੈ। ਗੋਦੀ ਮੀਡੀਆ ਭਾਵੇਂ ਚੁੱਪ ਹੈ, ਪਰ ਸੋਸ਼ਲ ਮੀਡੀਆ 'ਤੇ ਇਸ ਦੀ ਵਿਆਪਕ ਚਰਚਾ ਹੋ ਰਹੀ ਹੈ। ਨਿਰਪੱਖ ਧਿਰਾਂ ਇਹ ਸੁਆਲ ਜ਼ੋਰ ਨਾਲ ਉਠਾ ਰਹੀਆਂ ਹਨ ਕਿ ਪਹਿਲਾਂ ਨਿਤੀਸ਼ ਨੂੰ ਪਲਟਣ ਤੇ ਬਿਹਾਰ ਸਰਕਾਰ ਗਿਰਾਉਣ ਅਤੇ ਹੁਣ ਚੰਡੀਗੜ੍ਹ ਦੇ ਮੇਅਰ ਦੀ ਚੋਣ ਵਿੱਚ ਸ਼ੱਰ੍ਹੇਆਮ ਧੱਕੇਸ਼ਾਹੀ ਕੇਂਦਰ ਸਰਕਾਰ ਦੀ ਮਾਨਿਸਕਤਾ ਨੂੰ ਪ੍ਰਗਟ ਕਰਦੀ ਹੈ। ਇਹ ਦਰਸਾਉਂਦੀ ਹੈ ਕਿ ਭਾਰਤੀ ਜਨਤਾ ਪਾਰਟੀ ਅਤੇ ਐਨ.ਡੀ.ਏ. ਦੇ ਮਨ ਵਿੱਚ ਸਾਫ-ਸਫਾਫ ਜਮਹੂਰੀ ਅਮਲ ਦੀ ਕਿੰਨੀ ਕੁ ਕਦਰ ਹੈ।

ਇਸ ਨਤੀਜੇ ਤੋਂ ਬਾਅਦ ਕਾਂਗਰਸ ਪ੍ਰਧਾਨ ਮਲਿਕਾਰੁਜਨ ਖੜਗੇ ਨੇ ਟਵਿੱਟਰ 'ਤੇ ਲਿਖਿਆ, 'ਚੰਡੀਗੜ੍ਹ ਦੇ ਮੇਅਰ ਦੀ ਚੋਣ ਵਿੱਚ ਭਾਜਪਾ ਵੱਲੋਂ ਕੀਤੀ ਗਈ ਚੋਣ ਮਸ਼ੀਨਰੀ ਦੀ ਦੁਰਵਰਤੋਂ ਆਜ਼ਾਦ ਤੇ ਨਿਰਪੱਖ ਚੋਣਾਂ ਵਿੱਚ ਲੋਕਾਂ ਦਾ ਭਰੋਸਾ ਹੋਰ ਘਟਾ ਦੇਵੇਗੀ। ਉਨ੍ਹਾਂ ਕਿਹਾ ਕਿ 2024 ਸਾਡੇ ਲਈ ਲੋਕਤੰਤਰ ਨੂੰ ਬਚਾਉਣ ਦਾ ਆਖਰੀ ਮੌਕਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਚੋਣ ਅਮਲ ਦੀਆਂ ਧੱਜੀਆਂ ਉਡਾਉਣ ਬਦਲੇ ਪ੍ਰਜ਼ਾਈਡਿੰਗ ਅਧਿਕਾਰੀ ਅਨਿਲ ਮਸੀਹ ਖਿਲਾਫ ਦੇਸ਼ ਧਰੋਹ ਦਾ ਮੁਕੱਦਮਾ ਦਰਜ ਕੀਤਾ ਜਾਵੇ। ਉਨ੍ਹਾਂ ਕਿਹਾ ਕਿ 30 ਜਨਵਰੀ ਦਾ ਦਿਨ ਭਾਰਤੀ ਸਿਆਸਤ ਦੇ ਇਤਿਹਾਸ ਵਿੱਚ ਕਾਲੇ ਦਿਨ ਵਜੋਂ ਦਰਜ ਕੀਤਾ ਜਾਵੇਗਾ। ਉਨ੍ਹਾਂ ਕਿਹਾ ਭਾਜਪਾ ਨੇ ਆਪਣੇ ਘੱਟਗਿਣਤੀ ਵਿੰਗ ਦੇ ਮੁਖੀ ਅਨਿਲ ਮਸੀਹ ਨੂੰ ਜਾਣ-ਬੁੱਝ ਕੇ ਪ੍ਰਜ਼ਾਈਡਿੰਗ ਅਫਸਰ ਲਾਇਆ। ਆਮ ਆਦਮੀ ਪਾਰਟੀ ਦੇ ਪ੍ਰਧਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਵੀ ਮੇਅਰ ਦੀ ਚੋਣ ਦੇ ਘਪਲੇ ਨੂੰ ਜਮਹੂਰੀਅਤ ਲਈ ਕਾਲਾ ਦਿਨ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਮੇਅਰ ਦੀ ਚੋਣ ਵਿੱਚ 'ਆਪ' ਤੇ ਕਾਂਗਰਸ ਦੇ ਗੱਠਜੋੜ ਕੋਲ ਬਹੁਮੱਤ ਸੀ ਅਤੇ ਇਹ ਇੱਕ ਤਰ੍ਹਾਂ ਨਾਲ ਸਿੱਧੀ ਚੋਣ ਸੀ। ਉਨ੍ਹਾਂ ਕਿਹਾ ਕਿ ਇਹ ਨਤੀਜਾ ਦਰਸਾਉਂਦਾ ਹੈ ਕਿ ਲੋਕ ਸਭਾ ਚੋਣਾਂ ਵਿੱਚ ਭਾਜਪਾ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ। ਇੰਡੀਆ ਗੱਠਜੋੜ ਦੇ ਆਗੂਆਂ ਨੇ ਚੰਡੀਗੜ੍ਹ ਦੇ ਮੇਅਰ ਦੀ ਚੋਣ ਨੂੰ ਗੈਰ-ਸੰਵਿਧਾਨਿਕ ਕਰਾਰ ਦਿੰਦਿਆਂ ਕਿਹਾ ਕਿ ਇਹ ਚੋਣ ਹਾਈ ਕੋਰਟ ਦੇ ਸੇਵਾ ਮੁਕਤ ਜੱਜ ਦੀ ਨਿਗਰਾਨੀ ਵਿੱਚ ਕਰਵਾਈ ਜਾਵੇ। ਉਧਰ ਭਾਜਪਾ ਦੇ ਕੌਮੀ ਪ੍ਰਧਾਨ ਜੇ.ਪੀ. ਨੱਢਾ ਨੇ ਕਿਹਾ ਹੈ ਕਿ ਚੰਡੀਗੜ੍ਹ ਦੇ ਮੇਅਰ ਦੀ ਚੋਣ ਵਿੱਚ 'ਇੰਡੀਆ' ਗੱਠਜੋੜ ਦੀ ਹਾਰ ਤੋਂ ਸਾਫ ਹੈ ਕਿ ਨਾ ਉਨ੍ਹਾਂ ਦਾ ਗਣਿਤ ਅਤੇ ਨਾ ਹੀ ਕੈਮਿਸਟਰੀ ਕੰਮ ਕਰ ਰਹੀ ਹੈ।

⇒ ਬਾਕੀ ਸਫਾ 13 ਉਤੇ ਪੜ੍ਹੋ

# ਰਾਜੋਆਣਾ ਤੇ ਭੁੱਲਰ ਸਮੇਤ ਸਿੱਖ ਬੰਦੀਆਂ ਦੀ ਰਿਹਾਈ ਦਾ ਮਾਮਲਾ ਲਟਕਿਆ

**ਪੰਜਾਬੀ ਪਰਵਾਜ਼ ਬਿਊਰੋ**

ਬੰਦੀ ਸਿੰਘਾਂ ਦਾ ਮਾਮਲਾ ਹਾਲੇ ਕਿਸੇ ਤਣ ਪੱਤਣ ਲੱਗਦਾ ਵਿਖਾਈ ਨਹੀਂ ਦੇ ਰਿਹਾ। ਉਨ੍ਹਾਂ ਦਾ ਵੀ ਨਹੀਂ, ਜਿਹੜੇ 25-25 ਸਾਲ ਜੇਲ੍ਹਾਂ ਵਿੱਚ ਰਹਿਣ ਪਿੱਛੋਂ ਆਪਣੀ ਸੁਧ-ਬੁਧ ਗੁਆ ਬੈਠੇ ਹਨ ਜਾਂ ਗੰਭੀਰ ਮਾਨਸਿਕ ਪ੍ਰੇਸ਼ਾਨੀਆਂ ਦਾ ਸ਼ਿਕਾਰ ਹੋ ਗਏ ਹਨ। ਕਈ ਬੰਦੀ ਸਿੰਘ 30 ਸਾਲ ਤੋਂ ਵੀ ਉਪਰ ਕੈਦਾਂ ਭੁਗਤ ਚੁੱਕੇ ਹਨ। ਗੰਭੀਰ ਬਿਮਾਰੀਆਂ ਦਾ ਸ਼ਿਕਾਰ ਵਿਅਕਤੀਆਂ ਤੋਂ ਦੇਸ਼ ਦੀ ਅਖੰਡਤਾ ਨੂੰ ਖਤਰੇ ਦਾ ਬਹਾਨਾ ਬਣਾ ਕੇ ਰਿਹਾਈ ਦੇ ਰਾਹ ਵਿੱਚ ਅੜਿੱਕੇ ਖੜ੍ਹੇ ਕਰਨਾ ਬੇਤਰਸੀ ਅਤੇ ਸੰਵੇਦਨਹੀਣਤਾ ਦੀ ਹੱਦ ਹੀ ਕਹੀ ਜਾ ਸਕਦੀ ਹੈ। ਘੱਟ-ਗਿਣਤੀਆਂ ਨੂੰ ਮਿੱਧ ਕੇ ਦੇਸ਼ਾਂ ਨੂੰ ਮਜ਼ਬੂਤੀ ਬਖਸ਼ਣਾ, ਫਾਸ਼ਿਸ਼ਟ ਤੱਤ ਵਾਲੇ ਕੌਮਵਾਦ ਦਾ ਮੁੱਖ ਲੱਛਣ ਹੈ। ਇਹ ਬੇਇਨਸਾਫੀ ਅਜਿਹੇ ਪ੍ਰਬੰਧਾਂ ਦੇ ਢਾਂਚਿਆਂ ਵਿੱਚ ਹੀ ਨਿਹਿਤ ਹੈ।

ਯਾਦ ਰਹੇ, ਬਲਵੰਤ ਸਿੰਘ ਰਾਜੋਆਣਾ ਅਤੇ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖਤ ਸਾਹਿਬ ਅਤੇ ਹੋਰ ਵੱਖ-ਵੱਖ ਪੰਥਕ ਸੰਗਠਨਾਂ ਵਲੋਂ ਯਤਨ ਕੀਤੇ ਜਾ ਰਹੇ ਹਨ। ਸਿੱਖ ਬੰਦੀਆਂ ਦੀ ਰਿਹਾਈ ਨੂੰ ਲੈ ਕੇ 20 ਜਨਵਰੀ ਨੂੰ ਕੌਮੀ ਇਨਸਾਫ ਮੋਰਚਾ ਅਤੇ ਕੁਝ ਕਿਸਾਨ ਸੰਗਠਨਾਂ ਨੇ ਪੰਜਾਬ ਵਿੱਚ 14 ਟੋਲ ਪਲਾਜ਼ਿਆਂ ਨੂੰ ਤਿੰਨ ਘੰਟੇ ਲਈ ਮੁਫਤ ਕਰਕੇ ਇੱਕ ਪ੍ਰਦਰਸ਼ਨ ਕੀਤਾ ਅਤੇ ਆਪਣੀਆਂ ਸਜ਼ਾਵਾਂ ਭੁਗਤ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕੀਤੀ। ਦੁਪਹਿਰ 11 ਵਜੇ ਤੋਂ ਲੈ ਕੇ 2 ਵਜੇ ਤੱਕ ਅਜ਼ੀਜ਼ਪੁਰ, ਭਾਗੋਮਾਜਰਾ, ਸੋਲਖੀਆਂ ਸਮੇਤ ਰਾਜਪੁਰਾ-ਪਟਿਆਲਾ ਸੜਕ 'ਤੇ ਧਰੇੜੀ ਜੱਟਾਂ, ਫਿਰੋਜਪੁਰ ਵਿੱਚ ਫਿਰੋਜ਼ ਸ਼ਾਹ ਤੇ ਤਾਰਾਪੁਰ, ਜਲੰਧਰ ਵਿੱਚ ਬਾਮਨੀਵਾਲਾ, ਲੁਧਿਆਣਾ ਵਿੱਚ ਲਾਡੋਵਾਲ ਤੇ ਘੁਲਾਲ ਟੋਲ ਪਲਾਜ਼ਾ, ਬਠਿੰਡਾ ਵਿੱਚ ਜੀਦਾ, ਫਰੀਦਕੋਟ ਵਿੱਚ ਤਲਵੰਡੀ ਭਾਈ (ਤਲਵੰਡੀ ਭਾਈ ਫਿਰੋਜ਼ਪੁਰ ਸੜਕ) ਅਤੇ ਨਵਾਂਸ਼ਹਿਰ ਵਿੱਚ ਕਾਠਗੜ੍ਹ-ਬਛੂਆ ਟੋਲ ਪਲਾਜ਼ਾ ਸਮੇਤ ਪੰਜ ਹੋਰ

⇒ ਬਾਕੀ ਸਫਾ 12 ਉਤੇ ਪੜ੍ਹੋ

Maaco
COLLISION REPAIR & AUTO PAINTING
AMERICA'S BODYSHOP

*We Work With All Insurance Co.
*Referrals Receive 10% Off
*We Replace Windshields
*Rental Car On Site *Free Towing



252 Commonweal Dr,
Carol Stream, IL 60188
Ph: 630-752-9240
MAACOCAROLSTREAM@YAHOO.COM
Jatin Patel






Rajveer S. Gill
847-907-1525
773-517-0574
www.RegalJewels.com



# ਫਰਾਂਸ ਦੇ ਰਾਸ਼ਟਰਪਤੀ ਮੈਕਰੋਨ ਦੀ ਭਾਰਤ ਫੇਰੀ ਦੇ ਮਾਇਨੇ

***ਦੋਹਾਂ ਦੇਸ਼ਾਂ ਦੇ ਆਪਸੀ ਰਿਸ਼ਤੇ ਹੋਰ ਵਿਆਪਕ ਹੋਏ *30 ਹਜ਼ਾਰ ਭਾਰਤੀ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਸੰਸਥਾਵਾਂ ਵਿੱਚ ਪੜ੍ਹਾਈ ਲਈ ਸੱਦਾ**

ਇਸ ਵਾਰ ਦੇ ਗਣਤੰਤਰ ਦਿਵਸ ਦੀ ਪਰੇਡ ਮੌਕੇ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਨ ਮੁੱਖ ਮਹਿਮਾਨ ਵਜੋਂ ਸ਼ਾਮਲ ਸਨ। ਇਹ ਛੇਵੀਂ ਵਾਰ ਹੈ, ਜਦੋਂ ਫਰਾਂਸ ਦੇ ਕਿਸੇ ਸੀਨੀਅਰ ਲੀਡਰ ਨੇ ਗਣਤੰਤਰ ਦਿਵਸ ਸਮਾਗਮਾਂ ਵਿੱਚ ਸ਼ਮੂਲੀਅਤ ਕੀਤੀ ਹੈ। ਇਸ ਤੋਂ ਪਹਿਲਾਂ ਫਰਾਂਸ ਦੇ ਸਾਬਕਾ ਰਾਸ਼ਟਰਪਤੀ ਜੈਕੁਅਸ ਸ਼ਿਰਾਕ, ਨਿਕੋਲਸ ਸਰਕੋਜ਼ੀ, ਹੋਲਾਂਡੇ ਵੀ ਗਣਤੰਤਰ ਦਿਵਸ ਸਮਾਗਮਾਂ ਵਿੱਚ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕਰ ਚੁੱਕੇ ਹਨ। ਇਸ ਵਾਰ ਦੇ ਗਣਤੰਤਰ ਦਿਵਸ ਸਮਾਗਮਾਂ ਵਿੱਚ ਸ਼ਮੂਲੀਅਤ ਲਈ ਪਹਿਲਾਂ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੂੰ ਸੱਦਾ ਦਿੱਤਾ ਗਿਆ ਸੀ, ਪਰ ਆਪਸੀ ਰਿਸ਼ਤਿਆਂ ਵਿੱਚ ਪੈਦਾ ਹੋਈ ਖਟਾਸ ਦੇ ਮੱਦੇਨਜ਼ਰ ਬਾਇਡਨ ਨੇ ਇਸ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਭਾਰਤ ਵੱਲੋਂ ਫਰਾਂਸੀਸੀ ਰਾਸ਼ਟਰਪਤੀ ਨੂੰ ਗਣਤੰਤਰ ਦਿਵਸ ਸਮਾਗਮਾਂ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਸੀ।

ਇਨ੍ਹਾਂ ਸਮਾਗਮਾਂ ਵਿੱਚ ਹਿੱਸਾ ਲੈਣ ਲਈ 95 ਮਿਲਟਰੀ ਮੁਲਾਜ਼ਮ ਵੀ ਮੈਕਰੋਨ ਦੇ ਨਾਲ ਆਏ, ਜਿਨ੍ਹਾਂ ਨੇ ਗਣਤੰਤਰ ਦਿਵਸ ਪਰੇਡ ਵਿੱਚ ਹਿੱਸਾ ਲਿਆ। ਉਨ੍ਹਾਂ ਦੇ ਨਾਲ ਸਨਅਤਕਾਰਾਂ ਅਤੇ ਕਾਰੋਬਾਰੀਆਂ ਦੇ ਇੱਕ ਵਫਦ ਤੋਂ ਇਲਾਵਾ ਯੂਰਪ ਅਤੇ ਹੋਰ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਸਟੀਫਨ ਸੇਜੋਰਨ, ਰੱਖਿਆ ਮੰਤਰੀ ਸਬੈਸਟੀਨ ਲੈਕੋਰਨੂ ਅਤੇ ਸਭਿਆਚਾਰਕ ਮੰਤਰੀ ਰਸ਼ੀਦਾ ਦੱਤੀ ਵੀ ਭਾਰਤ ਪੁੱਜੇ। ਇਸ ਦੌਰਾਨ ਦੋਹਾਂ ਮੁਲਕਾਂ ਵੱਲੋਂ ਰੱਖਿਆ ਅਤੇ ਸਪੇਸ ਸਮੇਤ 9 ਸਮਝੌਤਿਆਂ 'ਤੇ ਦਸਤਖਤ ਕੀਤੇ ਗਏ। ਯਾਦ ਰਹੇ, ਪਿਛਲੇ ਸਾਲ ਜੁਲਾਈ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਬਾਸਟਿਲੇ ਡੇਅ ਪਰੇਡ ਵਿੱਚ ਸ਼ਾਮਲ ਹੋਣ ਲਈ ਫਰਾਂਸ ਗਏ ਸਨ। ਦੋਹਾਂ ਮੁਲਕਾਂ ਵਿੱਚ ਬੀਤੇ 25 ਸਾਲਾਂ ਤੋਂ ਰਣਨੀਤਿਕ ਭਾਈਵਾਲੀ ਵਾਲੀ ਪਹੁੰਚ ਅਪਣਾਈ ਗਈ ਹੈ। ਦੋਵੇਂ ਮੁਲਕ ਹੁਣ ਇਸ ਭਾਈਵਾਲੀ ਨੂੰ ਹੋਰ ਵਿਸਤਾਰ ਦੇਣ ਹਿੱਤ ਕੰਮ ਕਰ ਰਹੇ ਹਨ। ਖਾਸਕਰ ਉਸ ਸਥਿਤੀ ਵਿੱਚ, ਜਦੋਂ ਅਮਰੀਕਾ ਨਾਲ ਭਾਰਤ ਦੇ ਰਿਸ਼ਤੇ ਹਾਲ ਦੀ ਘੜੀ ਖਟਪਟੇ ਚੱਲ ਰਹੇ ਹਨ।

ਦੋਹਾਂ ਦੇਸ਼ਾਂ ਵੱਲੋਂ ਇਸ ਵਾਰ ਕੀਤੇ ਗਏ ਸਮਝੌਤੇ ਮੁੱਖ ਤੌਰ 'ਤੇ ਰੱਖਿਆ-ਪੁਲਾੜ ਭਾਈਵਾਲੀ, ਸੈਟੇਲਾਈਟ ਲਾਂਚ, ਸਿਹਤ ਸੰਭਾਲ, ਸਮੁੰਦਰੀ ਨਜ਼ਰਸਾਨੀ ਅਤੇ ਵਿਗਿਆਨਕ ਖੋਜ ਨਾਲ ਸਬੰਧਤ ਹਨ। ਇਸ ਦਰਮਿਆਨ ਭਾਰਤ ਅਤੇ ਫਰਾਂਸ ਨੇ ਰੱਖਿਆ ਉਦਯੋਗ ਦੇ ਖੇਤਰ ਵਿੱਚ ਭਾਈਵਾਲੀ ਦਾ ਵੀ ਖੁਲਾਸਾ ਕੀਤਾ ਹੈ। ਟਾਟਾ ਗਰੁੱਪ ਅਤੇ ਏਅਰਬੱਸ ਵੱਲੋਂ ਸਾਂਝੇ ਤੌਰ 'ਤੇ ਸਿਵਲੀਅਨ ਹਵਾਈ ਜਹਾਜ਼ ਬਣਾਉਣ ਦਾ ਵੀ ਐਲਾਨ ਕੀਤਾ ਗਿਆ ਹੈ।

ਇਸ ਦੌਰਾਨ 18-35 ਸਾਲ ਦਰਮਿਆਨ ਦੇ ਪ੍ਰੋਫੈਸ਼ਨਲਾਂ ਦੇ ਤਬਾਦਲੇ ਲਈ ਵੀ ਇੱਕ ਯੋਜਨਾਬੰਦੀ ਬਣਾਈ ਗਈ ਹੈ। ਫਰਾਂਸੀਸੀ ਸੰਸਥਾਵਾਂ ਤੋਂ ਪੜ੍ਹੇ ਭਾਰਤੀ ਗਰੈਜੂਏਟਾਂ ਨੂੰ ਪੰਜ ਸਾਲ ਦਾ ਯੂਰਪੀਅਨ ਯੂਨੀਅਨ ਦਾ ਵੀਜ਼ਾ ਦੇਣ ਦਾ ਵੀ ਫੈਸਲਾ ਕੀਤਾ ਗਿਆ ਹੈ। ਉਸ ਸਮੇਂ ਜਦੋਂ ਕੈਨੇਡਾ ਨੇ ਵਿਦੇਸ਼ੀ ਵਿਦਿਆਰਥੀਆਂ ਲਈ ਵੀਜ਼ਿਆਂ ਨੂੰ ਸੀਮਤ ਕਰ ਦਿੱਤਾ ਹੈ ਤਾਂ ਫਰਾਂਸ ਦੇ ਰਾਸ਼ਟਰਪਤੀ 30 ਹਜ਼ਾਰ ਭਾਰਤੀ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਸੰਸਥਾਵਾਂ ਵਿੱਚ ਪੜ੍ਹਾਈ ਲਈ ਸੱਦਾ ਦੇ ਗਏ ਹਨ। ਦੋਵੇਂ ਧਿਰਾਂ ਵੱਲੋਂ ਸਿਵਲ ਪ੍ਰਮਾਣੂ ਊਰਜਾ ਸਹਿਯੋਗ ਨੂੰ ਅੱਗੇ ਵਧਾਉਣ ਲਈ ਵੀ ਵੱਖ-ਵੱਖ ਪੱਖਾਂ 'ਤੇ ਗੱਲਬਾਤ ਕੀਤੀ ਗਈ ਹੈ। ਭਾਰਤੀ ਜਲ ਸੈਨਾ ਲਈ 26 ਰਫਾਲ ਜਹਾਜ਼ਾਂ ਬਾਰੇ ਅਤੇ ਤਿੰਨ ਪਣਡੁੱਬੀਆਂ ਖਰੀਦਣ ਬਾਰੇ ਸਮਝਤੇ 'ਤੇ ਗੱਲਬਾਤ ਹੋਈ, ਪਰ ਕੋਈ ਅੰਤਿਮ ਫੈਸਲਾ ਨਹੀਂ ਹੋ ਸਕਿਆ।

ਇਸ ਤੋਂ ਇਲਾਵਾ ਕਲਾਈਮੇਟ ਮੋਨੀਟਰਿੰਗ ਸੈਟੇਲਾਈਟ ਲਾਂਚ ਕਰਨ ਅਤੇ ਸਮੁੰਦਰੀ ਨਜ਼ਰਸਾਨੀ (ਸਰਵੀਲੈਂਸ) ਬਾਰੇ ਵੀ ਗੱਲਬਾਤ ਹੋਈ ਹੈ। ਜੀ-20 ਸੰਮੇਲਨ ਤੋਂ ਬਾਅਦ ਭਾਰਤ-ਅਮਰੀਕਾ ਅਤੇ ਭਾਰਤ ਤੇ ਕੈਨੇਡਾ ਵਿਚਾਲੇ ਰਿਸ਼ਤਿਆਂ ਦੀ ਖਿੱਚੋਤਾਣ ਤੋਂ ਬਾਅਦ ਫਰਾਂਸ ਦੇ ਰਾਸ਼ਟਰਪਤੀ ਦੀ ਭਾਰਤ ਯਾਤਰਾ ਦੇ ਸੰਕੇਤਾਤਮਕ ਅਰਥ ਵੀ ਹਨ। ਇਹ ਸ਼ਾਇਦ ਇਸੇ ਦਾ ਸਿੱਟਾ ਹੈ ਕਿ ਕੈਨੇਡਾ ਅਤੇ ਅਮਰੀਕਾ ਵੱਲੋਂ ਜਾਰੀ ਹਾਲ ਹੀ ਦੇ ਬਿਆਨਾਂ ਵਿੱਚ ਭਾਰਤ ਪ੍ਰਤੀ ਨਰਮ ਰਵੱਈਆ ਅਖਤਿਆਰ ਕੀਤਾ ਗਿਆ ਹੈ। ਖਾਸ ਕਰਕੇ ਖਾਲਿਸਤਾਨੀ ਕਾਰਕੁਨ ਹਰਦੀਪ ਸਿੰਘ ਨਿੱਜਰ ਦੇ ਕਤਲ ਦੇ ਮਾਮਲੇ ਵਿੱਚ ਕੈਨੇਡਾ ਦੇ ਸੀਨੀਅਰ ਅਧਿਕਾਰੀਆਂ ਨੇ ਆਪਣੇ ਇੱਕ ਬਿਆਨ ਵਿੱਚ ਆਖਿਆ ਹੈ ਕਿ ਭਾਰਤ ਹੁਣ ਇਸ ਮਾਮਲੇ ਵਿੱਚ ਸਹਿਯੋਗ ਦੇ ਰਿਹਾ ਹੈ। ਕੈਨੇਡਾ ਦੇ ਆਵਾਸ ਮੰਤਰੀ ਮਾਰਕ ਮਿਲਰ ਨੇ ਇਹ ਤੱਥ ਵੀ ਸਵਿਕਾਰ ਕੀਤੇ ਹਨ ਕਿ ਦੋਹਾਂ ਮੁਲਕਾਂ ਵਿਚਕਾਰ ਡਿਪਲੋਮੈਟਿਕ ਤਣਾਅ ਵਧਣ ਦੇ ਕਾਰਨ ਭਾਰਤੀ ਵਿਦਿਆਰਥੀਆਂ ਨੂੰ ਦਿੱਤੇ ਜਾ ਰਹੇ ਸਟਡੀ ਵੀਜ਼ਿਆਂ ਵਿੱਚ ਭਾਰੀ ਕਮੀ ਆਈ ਹੈ। ਬੀਤੇ ਸਾਲ ਦੇ ਅਖੀਰ ਤੋਂ ਇਹ ਕਮੀ ਦਰਜ ਕੀਤੀ ਗਈ ਹੈ। ਮਿੱਲਰ ਅਨੁਸਾਰ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਕਾਰਨ ਪੈਦਾ ਹੋਏ ਕੂਟਨੀਤਿਕ ਤਣਾਅ ਅਤੇ 41 ਕੈਨੇਡੀਅਨ ਡਿਪਲੋਮੇਟਾਂ ਦੀ ਵਾਪਸੀ ਕਾਰਨ ਵੀ ਭਾਰਤੀ ਵਿਦਿਆਰਥੀਆਂ ਨੇ ਕੈਨੇਡਾ ਦੇ ਵੀਜ਼ੇ ਲਈ ਘੱਟ ਅਰਜ਼ੀਆਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਡਿਪਲੋਮੇਟਾਂ ਦੀ ਵਾਪਸੀ ਕਾਰਨ ਸਾਡੀ ਭਾਰਤ ਵਿੱਚ ਵੀਜ਼ਾ ਅਰਜ਼ੀਆਂ ਨੂੰ ਨਿਬੇੜਨ ਦੀ ਸਮਰੱਥਾ ਵੀ ਅੱਧੀ ਰਹਿ ਗਈ ਹੈ। ਇਸ ਸਥਿਤੀ ਵਿੱਚ ਭਾਰਤੀ ਵਿਦਿਆਰਥੀ ਹੋਰਨਾਂ ਮੁਲਕਾਂ ਵਿੱਚ ਵੀਜ਼ੇ ਤਲਾਸ਼ਣ ਲਈ ਮਜ਼ਬੂਰ ਹੋ ਗਏ ਹਨ। ਬੀਤੇ ਸਾਲ (2023) ਦੀ ਚੌਥੀ ਤਿਮਾਹੀ ਵਿੱਚ ਕੁੱਲ 14,910 ਵੀਜ਼ੇ ਹੀ ਜਾਰੀ ਕੀਤੇ ਗਏ ਹਨ, ਜਦੋਂ ਕਿ 2022 ਦੀ ਚੌਥੀ ਤਿਮਾਹੀ ਵਿੱਚ 10,8940 ਵੀਜ਼ੇ ਜਾਰੀ ਕੀਤੇ ਗਏ ਸਨ। ਯਾਦ ਰਹੇ, ਪਿਛਲੇ ਕੁਝ ਸਾਲਾਂ ਵਿੱਚ ਕੈਨੇਡਾ ਵਿੱਚ ਕੌਮਾਂਤਰੀ ਵਿਦਿਆਰਥੀਆਂ ਦਾ 41 ਫੀਸਦੀ ਹਿੱਸਾ ਭਾਰਤੀ ਰਹੇ ਹਨ। ਸਾਲ 2022 ਵਿੱਚ ਕੁੱਲ 22,5835 ਵੀਜ਼ੇ ਭਾਰਤੀ ਵਿਦਿਆਰਥੀਆਂ ਨੂੰ ਦਿੱਤੇ ਗਏ ਸਨ। ਇਨ੍ਹਾਂ ਵੀਜ਼ਿਆਂ ਤੋਂ ਕੈਨੇਡੀਅਨ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ 22 ਅਰਬ ਕੈਨੇਡੀਅਨ ਡਾਲਰ ਦੀ ਆਮਦਨ ਹੁੰਦੀ ਸੀ। ਇਸ ਸਥਿਤੀ ਵਿੱਚ ਫਰਾਂਸ ਦੀ ਭਾਰਤੀ ਵਿਦਿਅਕ ਖੇਤਰ ਵਿੱਚ ਦਸਤਕ ਮਾਇਨੇ ਰੱਖਦੀ ਹੈ। ਇਸ ਨਾਲ ਫਰਾਂਸ ਦੇ ਆਰਥਕ ਵਾਧੇ ਦੇ ਹਿੱਤ ਵੀ ਜੁੜੇ ਹੋਏ ਹਨ।

ਯਾਦ ਰਹੇ, ਭਾਰਤ ਅਤੇ ਫਰਾਂਸ ਦੀ 'ਰਣਨੀਤਿਕ ਭਾਈਵਾਲੀ' ਜਨਵਰੀ 1998 ਵਿੱਚ ਸ਼ੁਰੂ ਹੋਈ ਸੀ। ਇਸੇ ਸਾਲ ਮਈ ਮਹੀਨੇ ਵਿੱਚ ਭਾਰਤ ਵੱਲੋਂ ਪ੍ਰਮਾਣੂ ਟੈਸਟ ਕੀਤੇ ਗਏ ਸਨ। ਇਨ੍ਹਾਂ ਟੈਸਟਾਂ ਕਾਰਨ ਪੱਛਮ ਦੀ ਭਾਰਤ ਖਿਲਾਫ ਪਾਬੰਦੀਆਂ ਤੋਂ ਵੀ ਫਰਾਂਸ ਨੇ ਇਨਕਾਰ ਕਰ ਦਿੱਤਾ ਸੀ। ਇਸ ਤੋਂ ਪਹਿਲਾਂ ਮੈਕਰੋਨ 2018 ਵਿੱਚ ਭਾਰਤ ਪਹੁੰਚੇ ਸਨ। ਉਦੋਂ ਉਨ੍ਹਾਂ ਕਿਹਾ ਸੀ ਕਿ ਫਰਾਂਸ ਇਸ ਖੇਤਰ ਵਿੱਚ ਭਾਰਤ ਨੂੰ ਆਪਣਾ ਪ੍ਰਮੁੱਖ ਰਣਨੀਤਿਕ ਭਾਈਵਾਲ ਬਣਾਉਣਾ ਪਸੰਦ ਕਰੇਗਾ। ਇਸ ਮੌਕੇ ਦੋਹਾਂ ਮੁਲਕਾਂ ਵੱਲੋਂ ਇੱਕ ਸਾਂਝਾਂ ਦਸਤਾਵੇਜ਼ ਵੀ ਜਾਰੀ ਕੀਤਾ ਗਿਆ ਸੀ। ਇਸ ਦਸਤਾਵੇਜ਼ ਵਿੱਚ ਹਿੰਦ ਮਹਾਂਸਾਗਰ ਵਿੱਚ ਦੋਹਾਂ ਮੁਲਕਾਂ ਦੀਆਂ ਸਾਂਝੀਆਂ ਮਸ਼ਕਾਂ ਅਤੇ ਆਪਸੀ ਤਕਨੀਕੀ ਸਹਿਯੋਗ ਸਬੰਧੀ ਜ਼ਿਕਰ ਕੀਤਾ ਗਿਆ ਸੀ। ਸਾਲ 2023 ਵਿੱਚ ਇਸ ਨੂੰ ਇੰਡੋ ਪੈਸਿਫਿਕ ਖੇਤਰ ਤੱਕ ਪਸਾਰ ਦਿੱਤਾ ਗਿਆ ਹੈ। ਬਹੁਕੌਮੀ ਸੰਸਥਾਵਾਂ ਵਿੱਚ ਫਰਾਂਸ ਲਗਾਤਾਰ ਭਾਰਤ ਦੀ ਮਦਦ ਕਰਦਾ ਆ ਰਿਹਾ ਹੈ। ਸਾਲ 2016 ਵਿੱਚ ਫਰਾਂਸ ਨੇ ਮਿਜ਼ਾਇਲ ਕੰਟਰੋਲ ਰਿਜ਼ੀਮ ਤੱਕ ਪਹੁੰਚ ਬਣਾਉਣ ਵਿੱਚ ਭਾਰਤ ਦੀ ਹਮਾਇਤ ਕੀਤੀ। ਨਿਊਕਲੀਅਰ ਸਪਲਾਇਰ ਗਰੁੱਪ ਦਾ ਮੈਂਬਰ ਬਣਨ ਲਈ ਵੀ ਫਰਾਂਸ ਨੇ ਭਾਰਤ ਦੀ ਮਦਦ ਕੀਤੀ, ਪਰ ਇਸ ਨੂੰ ਚੀਨ ਵੱਲੋਂ ਬਲਾਕ ਕਰ ਦਿੱਤਾ ਗਿਆ ਸੀ। ਅਗਸਤ 2019 ਵਿੱਚ ਜਦੋਂ ਕੇਂਦਰ ਸਰਕਾਰ ਨੇ ਕਸ਼ਮੀਰ ਵਿੱਚ ਧਾਰਾ 370 ਵਾਪਸ ਲਈ ਤਾਂ ਚੀਨ ਵੱਲੋਂ ਇਹ ਮਸਲਾ ਸੰਯੁਕਤ ਰਾਸ਼ਟਰ ਸਿਕਿਉਰਿਟੀ ਕੌਂਸਲ ਵਿੱਚ ਉਠਾਉਣ ਦੀ ਕੋਸ਼ਿਸ਼ ਨੂੰ ਫਰਾਂਸ ਨੇ ਅਮਰੀਕਾ ਦੀ ਮੱਦਦ ਨਾਲ ਬਲਾਕ ਕਰ ਦਿੱਤਾ ਸੀ।


DJ RJB Entertainment Inc.
One of Chicagoland's leading Mobile DJ Companies.
We do all types of parties
*Weddings
*Private Parties
*Birthdays, Sweet 16's
*Engagements
*Retirement Parties
*Nightclubs
*Corporate Parties & much more!
Social: Instagram
Facebook
Youtube: djrjbmusic
Website: djrjbmusic.com
Ph: 630-770-0007
Our company is located in Naperville, IL, but we travel nationwide.
We offer industry standard equipment, state of the art sound and lighting, and digital turntables. We will do all we can to make sure your party is one of the most memorable nights of your life

BHANGRA CLASSES
Chicago & Milwaukee Area
ONLINE CLASSES AVAILABLE
Bhangra
Luddi
Malwai Giddha
Jhummer
Jindua
Weight Loss Bhangra
For The Students of Canada & USA
Learn From Professional Coach From Punjab
BHANGRA RHYMES
Call/Whtsapp us For More info
602-610-0001
WWW.BHANGRARHYMES.COM

Prepare for Tomorrow Now With Comprehensive Retirement Planning
■Annuities ■Life Insurance ■Long-Term Care
■Medicare Planning ■Disability Income

Call Gurpreet Singh
Retirement and Insurance Advisor
Cell: 630-677-6144
Email: Preetisingh@ffig.com
FUTURITY FIRST
Retirement | Life | Health
Futurity First Insurance Group

ਬਿਹਾਰ ਸਿਆਸਤ ਦਾ ਘਟਨਾਕ੍ਰਮ

# ਨਿਤੀਸ਼ ਕੁਮਾਰ ਫਿਰ ਭਾਜਪਾ ਦੀ ਗੋਦ 'ਚ, ਮੁੜ ਬਣਿਆ ਮੁੱਖ ਮੰਤਰੀ

**ਪੰਜਾਬੀ ਪਰਵਾਜ਼ ਬਿਊਰੋ**

ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਲੰਘੀ 28 ਜਨਵਰੀ ਨੂੰ ਭਾਜਪਾ ਦੀ ਮਦਦ ਨਾਲ 9ਵੀਂ ਵਾਰ ਬਿਹਾਰ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਉਨ੍ਹਾਂ ਇਸੇ ਦਿਨ ਸਵੇਰੇ ਅਸਤੀਫਾ ਦਿੱਤਾ। ਉਨ੍ਹਾਂ ਦੇ ਨਾਲ ਦੋ ਭਾਜਪਾ ਆਗੂਆਂ- ਵਿਜੇ ਕੁਮਾਰ ਸਿਨਹਾ ਅਤੇ ਸਮਰਾਟ ਚੌਧਰੀ ਨੇ ਉੱਪ ਮੁੱਖ ਮੰਤਰੀਆਂ ਵਜੋਂ ਸਹੁੰ ਚੁੱਕੀ ਹੈ। ਹਾਲ ਦੀ ਘੜੀ ਸਿਰਫ 8 ਮੈਂਬਰੀ ਮੰਤਰੀ ਮੰਡਲ ਹੋਵੇਗਾ। ਬਾਕੀ ਮੰਤਰੀ ਬਾਅਦ ਵਿੱਚ ਲਏ ਜਾਣਗੇ। ਯਾਦ ਰਹੇ, ਪਹਿਲਾਂ ਲਾਲੂ ਪ੍ਰਸਾਦ ਯਾਦਵ ਦੀ ਅਗਵਾਈ ਵਾਲੇ ਰਾਸ਼ਟਰੀ ਜਨਤਾ ਦਲ ਨਾਲ ਸਾਂਝ ਭਿਆਲੀ ਨਾਲ ਨਿਤੀਸ਼ ਬਿਹਾਰ ਦੇ ਮੁੱਖ ਮੰਤਰੀ ਸਨ। ਪਿਛਲੇ ਕਈ ਦਿਨਾਂ ਤੋਂ ਉਨ੍ਹਾਂ ਦੇ ਭਾਰਤੀ ਜਨਤਾ ਪਾਰਟੀ ਨਾਲ ਦੁਬਾਰਾ ਗੱਠਜੋੜ ਕਰਨ ਦੀਆਂ ਚਰਚਾਵਾਂ ਚੱਲ ਰਹੀਆਂ ਸਨ। ਇਨ੍ਹਾਂ ਚਰਚਾਵਾਂ ਦੌਰਾਨ ਨਿਤੀਸ਼ ਕੁਮਾਰ ਚੁੱਪ ਰਹੇ। ਉਨ੍ਹਾਂ ਦੀ ਇਸ ਚੁੱਪ ਦਰਮਿਆਨ ਇਹ ਸ਼ੰਕੇ ਵੀ ਪ੍ਰਗਟ ਕੀਤੇ ਜਾਣ ਲੱਗੇ ਸਨ ਕਿ ਉਨ੍ਹਾਂ ਦੀ ਪਾਰਟੀ ਜਨਤਾ ਦਲ ਯੂਨਾਈਟਿਡ ਵਿੱਚ ਫੁੱਟ ਪੈ ਸਕਦੀ ਹੈ, ਪਰ ਉਹ ਆਪਣੀ ਪਾਰਟੀ ਦੇ 45 ਵਿਧਾਨ ਸਭਾ ਮੈਂਬਰਾਂ ਨੂੰ ਇਕਜੁਟ ਰੱਖਣ ਵਿੱਚ ਕਾਮਯਾਬ ਰਹੇ। ਭਾਜਪਾ ਅਤੇ ਜਨਤਾ ਦਲ ਯੂਨਾਈਟਿਡ ਸਮੇਤ ਐਨ.ਡੀ.ਏ. ਦੇ ਬਿਹਾਰ ਵਿਧਾਨ ਸਭਾ ਵਿੱਚ 128 ਮੈਂਬਰ ਹਨ; ਜਦਕਿ ਰਾਸ਼ਟਰੀ ਜਨਤਾ ਦਲ, ਕਾਂਗਰਸ ਪਾਰਟੀ ਅਤੇ ਖੱਬੇ ਪੱਖੀਆਂ ਨੂੰ ਮਿਲਾ ਕੇ ਵਿਰੋਧੀ ਗੁੱਟ ਦੇ 114 ਵਿਧਾਨ ਸਭਾ ਮੈਂਬਰ ਹਨ। ਇਸ ਤਰ੍ਹਾਂ ਜਨਤਾ ਦਲ ਦੇ ਭਾਜਪਾ ਨਾਲ ਚਲੇ ਜਾਣ ਨਾਲ ਐਨ.ਡੀ.ਏ. ਵਾਲਿਆਂ ਦੀ ਰਾਜ ਸਭਾ ਵਿੱਚ ਪੁਜੀਸ਼ਨ ਵੀ ਮਜ਼ਬੂਤ ਹੋ ਗਈ ਹੈ।

ਇੰਝ ਬਿਹਾਰ ਦੀ ਰਾਜਨੀਤੀ ਵਿੱਚ ਹੋਈ ਇਸ ਚੱਕ-ਥੱਲ ਨਾਲ ਆ ਰਹੀਆਂ ਲੋਕ ਸਭਾ ਚੋਣਾਂ ਦੀ ਦ੍ਰਿਸ਼ਟੀ ਤੋਂ ਤਾਕਤਾਂ ਦਾ ਤੋਲ ਪੂਰੀ ਤਰ੍ਹਾਂ ਬਦਲ ਗਿਆ ਜਾਪਦਾ ਹੈ। ਪੂਰੀ ਹਿੰਦੀ ਬੈਲਟ ਵਿੱਚ ਬਿਹਾਰ ਹੀ ਸੀ, ਜਿੱਥੇ ਭਾਜਪਾ ਜਾਂ ਉਸ ਦੇ ਭਾਈਵਾਲ ਕਾਬਜ ਨਹੀਂ ਸਨ। ਹਾਲ ਹੀ ਵਿੱਚ ਹੋਈਆਂ ਪੰਜ ਰਾਜਾਂ ਦੀਆਂ ਚੋਣਾਂ ਵਿੱਚ ਤਿਲੰਗਾਨਾ ਵਿੱਚ ਭਾਵੇਂ ਕਾਂਗਰਸ ਪਾਰਟੀ ਜਿੱਤਣ ਵਿੱਚ ਕਾਮਯਾਬ ਰਹੀ ਅਤੇ ਮੀਜ਼ੋਰਮ ਵਿੱਚ ਉਥੋਂ ਦੀਆਂ ਸਥਾਨਕ ਪਾਰਟੀਆਂ ਬਾਜ਼ੀ ਮਾਰ ਗਈਆਂ, ਪਰ ਰਾਜਸਥਾਨ, ਮੱਧ ਪ੍ਰਦੇਸ ਅਤੇ ਛਤੀਸਗੜ੍ਹ ਜਿਹੇ ਗਊ ਬੈਲਟ ਨਾਲ ਸਬੰਧਤ ਰਾਜਾਂ ਵਿੱਚ ਭਾਰਤੀ ਜਨਤਾ ਪਾਰਟੀ ਹੂੰਝਾਂ ਫੇਰ ਗਈ ਸੀ। ਇੰਝ ਸਮੁੱਚੀ ਹਿੰਦੀ ਬੈਲਟ 'ਤੇ ਭਾਜਪਾ ਨੇ ਹੁਣ ਆਪਣੀ ਪਕੜ ਮਜ਼ਬੂਤ ਕਰ ਲਈ ਹੈ। ਇਹ ਗਊ ਪੂਜਕ ਬੈਲਟ ਹੀ ਹੈ, ਜਿਹੜੀ ਕੇਂਦਰੀ ਸੱਤਾ ਕਾਇਮ ਕਰਨ ਵਿੱਚ ਮੁੱਖ ਭੂਮਿਕਾ ਅਦਾ ਕਰਦੀ ਹੈ।

ਬਿਹਾਰ ਵਿੱਚ ਰਾਸ਼ਟਰੀ ਜਨਤਾ ਦਲ ਅਤੇ ਜਨਤਾ ਦਲ ਯੂਨਾਈਟਡ ਦਾ ਗੱਠਜੋੜ ਟੁੱਟ ਜਾਣ ਤੋਂ ਬਾਅਦ ਰਾਜ ਦੇ ਸਾਬਕਾ ਮੁੱਖ ਮੰਤਰੀ ਅਤੇ ਰਾਸ਼ਟਰੀ ਜਨਤਾ ਦਲ ਦੇ ਆਗੂ ਤੇਜੱਸਵੀ ਯਾਦਵ ਨੇ ਕਿਹਾ ਕਿ ਇਸ ਬਖੇੜੇ ਨਾਲ ਖੇਡ ਖਤਮ ਨਹੀਂ ਹੋਈ, ਸਗੋਂ ਇਹ ਖੇਡ ਤਾਂ ਹਾਲੇ ਸ਼ੁਰੂ ਹੋਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਲੋਕ ਸਭਾ ਚੋਣਾਂ ਤੋਂ ਪਿੱਛੋਂ ਜਨਤਾ ਦਲ ਯੂਨਾਈਟਡ ਦੀ ਹੋਂਦ ਖਤਮ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਦਗੇਬਾਜ਼ੀ ਨਾਲ ਨਿਤੀਸ਼ ਕੁਮਾਰ ਅਤੇ ਜਨਤਾ ਦਲ ਯੂਨਾਈਟਿਡ ਨੇ ਆਪਣੀ ਭਰੋਸੇਯੋਗਤਾ ਗਵਾ ਲਈ ਹੈ। ਇਸ ਕਿਸਮ ਦੇ ਕਿਆਫੇ ਕਈ ਹੋਰ ਵਿਸ਼ਲੇਸ਼ਕਾਂ ਨੇ ਵੀ ਲਗਾਏ ਹਨ।

ਚੋਣ ਰਣਨੀਤੀ ਦੇ ਮਾਹਿਰ ਪ੍ਰਸ਼ਾਂਤ ਕਿਸ਼ੋਰ ਨੇ ਆਪਣੇ ਇਕ ਬਿਆਨ ਵਿੱਚ ਕਿਹਾ ਕਿ ਲੋਕ ਸਭਾ ਚੋਣਾਂ ਤੋਂ ਬਾਅਦ 2025 ਵਿੱਚ ਹੋਣ ਵਾਲੀਆਂ ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਨਿਤੀਸ਼ ਕੁਮਾਰ ਦੀ ਪਾਰਟੀ ਦਾ ਕੋਈ ਵਜੂਦ ਨਹੀਂ ਬਚੇਗਾ। ਉਨ੍ਹਾਂ ਇਹ ਵੀ ਕਿਹਾ ਕਿ ਭਾਜਪਾ ਨੂੰ ਵੀ ਇਸ ਪਲਟੀ ਦੀ ਵੱਡੀ ਕੀਮਤ ਤਾਰਨੀ ਪੈ ਸਕਦੀ ਹੈ। ਯਾਦ ਰਹੇ, ਆਪਣੀ ਨਵੀਂ ਰਾਜਨੀਤਿਕ ਪਾਰਟੀ ਖੜ੍ਹੀ ਕਰਨ ਦੇ ਮਕਸਦ ਨਾਲ ਪ੍ਰਸ਼ਾਂਤ ਕਿਸ਼ੋਰ ਮੁਕੰਮਲ ਬਿਹਾਰ ਦੀ ਪੈਦਲ ਯਾਤਰਾ ਕਰ ਰਹੇ ਹਨ। ਉਨ੍ਹਾਂ ਦਾ ਆਖਣਾ ਹੈ ਕਿ ਗਰੀਬੀ ਅਤੇ ਬੇਕਾਰੀ ਦੇ ਚੱਕਰ ਵਿੱਚੋਂ ਬਾਹਰ ਕੱਢਣ ਲਈ ਬਿਹਾਰ ਨੂੰ ਰਵਾਇਤੀ ਪਾਰਟੀਆਂ ਦੇ ਚੱਕਰਵਿਊ ਵਿੱਚੋਂ ਬਾਹਰ ਕੱਢਣਾ ਜ਼ਰੂਰੀ ਹੈ।

ਨਿਤੀਸ਼ ਕੁਮਾਰ ਦੇ ਮੰਝਧਾਰ ਵਿੱਚ ਡੋਬਾ ਦੇ ਜਾਣ 'ਤੇ ਪ੍ਰਤੀਕਰਮ ਪਰਗਟ ਕਰਦਿਆਂ ਕਾਂਗਰਸ ਪਾਰਟੀ ਦੇ ਪ੍ਰਧਾਨ ਮਲਿਕਾਰੁਜਨ ਖੜਗੇ ਨੇ ਕਿਹਾ ਕਿ ਉਨ੍ਹਾਂ ਨੂੰ ਪਹਿਲਾਂ ਹੀ ਪਤਾ ਸੀ ਕਿ ਨਿਤੀਸ਼ ਕੁਮਾਰ ਅੱਧ ਵਿਚਕਾਰ ਡੋਬਣਗੇ। ਉਨ੍ਹਾਂ ਕਿਹਾ ਕਿ ਇਸ ਮੁਲਕ ਵਿੱਚ ਇਹੋ ਜਿਹੇ 'ਆਇਆ ਰਾਮ, ਗਇਆ ਰਾਮ' ਬਹੁਤ ਹਨ। ਕਾਂਗਰਸ ਨੇ ਨਿਤੀਸ਼ ਕੁਮਾਰ ਨੂੰ ਪਲ-ਪਲ ਕੋਹੜ-ਕਿਰਲੇ ਵਾਂਗ ਰੰਗ ਬਦਲਣ ਵਾਲੇ ਆਗੂ ਦੀ ਸੰਗਿਆ ਵੀ ਦਿੱਤੀ। ਪਾਰਟੀ ਦੇ ਆਗੂਆਂ ਨੇ ਇਹ ਵੀ ਕਿਹਾ ਕਿ ਨਿਤੀਸ਼ ਕੁਮਾਰ ਦਗਾ ਕਮਾਉਣ ਵਿੱਚ ਮਾਹਿਰ ਹੈ। ਉਧਰ ਭਾਰਤੀ ਜਨਤਾ ਪਾਰਟੀ, ਜਿਹੜੀ ਇਸ ਤੋਂ ਪਹਿਲਾਂ ਨਿਤੀਸ਼ ਲਈ ਸਦਾ ਵਾਸਤੇ ਦਰਵਾਜ਼ੇ ਬੰਦ ਕਰਨ ਦੀ ਗੱਲ ਆਖ ਰਹੀ ਸੀ, ਹੁਣ ਆਖ ਰਹੀ ਹੈ ਕਿ ਨਿਤੀਸ਼ ਅਤੇ ਉਨ੍ਹਾਂ ਦੀ ਪਾਰਟੀ ਭਾਜਪਾ ਦੀ ਕੁਦਰਤੀ ਸਹਿਯੋਗੀ ਹੈ।

ਪ੍ਰਸਾਂਤ ਕਿਸ਼ੋਰ ਤੋਂ ਇਲਾਵਾ ਕੁਝ ਹੋਰ ਰਾਜਨੀਤਿਕ ਮਾਹਿਰ ਵੀ ਭਾਰਤੀ ਜਨਤਾ ਪਾਰਟੀ ਦੀ ਸ਼ਾਖ ਦਾਅ 'ਤੇ ਲੱਗੀ ਵੇਖ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤੀ ਜਨਤਾ ਪਾਰਟੀ ਵੀ ਅਜਿਹੀਆਂ ਕਾਰਵਾਈਆਂ ਰਾਹੀਂ ਆਪਣੀ ਸ਼ਾਖ ਗੁਆ ਰਹੀ ਹੈ। ਜਿੱਥੋਂ ਤੱਕ ਬਿਹਾਰ ਦਾ ਸਬੰਧ ਹੈ, ਨਿਰਪੱਖ ਰਾਜਨੀਤਿਕ ਵਿਸ਼ਲੇਸ਼ਕ ਇੱਥੇ ਲਾਲੂ ਯਾਦਵ ਦੇ ਬੇਟੇ ਤੇਜਸਵੀ ਯਾਦਵ ਦਾ ਤੇਜ਼ੀ ਨਾਲ ਉਭਾਰ ਵੇਖ ਰਹੇ ਹਨ। ਯਾਦ ਰਹੇ, ਪਿਛਲੀਆਂ ਵਿਧਾਨ ਸਭਾਂ ਚੋਣਾਂ ਵਿੱਚ ਤੇਜਸਵੀ ਯਾਦਵ ਵੱਲੋਂ ਨੌਜਵਾਨਾਂ ਨੂੰ ਵੱਡੀ ਪੱਧਰ 'ਤੇ ਸਰਕਾਰੀ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਗਿਆ ਸੀ। ਸੱਤਾ ਵਿੱਚ ਆਉਣ 'ਤੇ ਨਿਤੀਸ਼-ਤੇਜਸਵੀ ਸਰਕਾਰ ਨੇ ਵੱਡੀ ਪੱਧਰ 'ਤੇ ਨੌਕਰੀਆਂ ਵੰਡੀਆਂ ਵੀ। ਲੱਖਾਂ ਦੀ ਗਿਣਤੀ ਵਿੱਚ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਸੱਤਾ ਵਿੱਚ ਆਉਣ ਵੇਲੇ ਨਿਤੀਸ਼ ਆਖ ਰਹੇ ਸਨ ਕਿ ਇੰਨੀਆਂ ਨੌਕਰੀਆਂ ਲਈ ਪੈਸਾ ਕਿੱਥੋਂ ਆਏਗਾ, ਪਰ ਤੇਜੱਸਵੀ ਨੇ ਇਸ ਦੀ ਪ੍ਰਵਾਹ ਕੀਤੇ ਬਿਨਾ ਨੌਕਰੀਆਂ ਵੰਡਣ ਲਈ ਨਿਤੀਸ਼ ਨੂੰ ਮਜ਼ਬੂਤ ਕੀਤਾ। ਇੱਥੇ ਇਹ ਵੀ ਚੇਤੇ ਰੱਖਣਾ ਬਣਦਾ ਹੈ ਕਿ ਤੇਜਸਵੀ ਦੀ ਪਾਰਟੀ ਰਾਸ਼ਟਰੀ ਜਨਤਾ ਦਲ ਬਿਹਾਰ ਵਿਧਾਨ ਸਭਾ ਵਿੱਚ ਸਭ ਤੋਂ ਵੱਡੀ ਪਾਰਟੀ ਹੈ। ਉਸ ਕੋਲ ਵਿਧਾਨ ਸਭਾ ਵਿੱਚ 79 ਮੈਂਬਰ ਹਨ। ਭਾਜਪਾ ਕੋਲ ਬਿਹਾਰ ਵਿਧਾਨ ਸਭਾ ਵਿੱਚ 78 ਐਮ.ਐਲ.ਏ. ਹਨ, ਜਦਕਿ ਜਨਤਾ ਦਲ ਯੂਨਾਈਟਿਡ ਕੋਲ 45 ਹਨ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਤੇਜੱਸਵੀ ਯਾਦਵ ਨੇ ਭਾਰਤੀ ਜਨਤਾ ਪਾਰਟੀ ਨੂੰ ਜ਼ੋਰਦਾਰ ਟੱਕਰ ਦਿੱਤੀ ਸੀ। ਇਸ ਤਰ੍ਹਾਂ ਰਾਸਟਰੀ ਜਨਤਾ ਦਲ ਅਤੇ ਜਨਤਾ ਦਲ ਯੂਨਾਈਟਿਡ ਦੀ 19 ਮਹੀਨੇ ਰਹੀ ਸਰਕਾਰ ਨੇ ਬਿਹਾਰੀ ਸਮਾਜ, ਨੌਜਵਾਨਾਂ ਅਤੇ ਵੋਟਰਾਂ 'ਤੇ ਵੱਡਾ ਪ੍ਰਭਾਵ ਛੱਡਿਆ। ਇਧਰ ਨਵੇਂ ਗੱਠਜੋੜ ਦੀ ਸਰਕਾਰ ਹੋਂਦ ਵਿੱਚ ਆਉਣ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਬਿਹਾਰ ਵਿੱਚ ਵਿਕਾਸ ਦੀ ਦ੍ਰਿਸ਼ਟੀ ਤੋਂ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਅਸਲ ਵਿੱਚ 'ਇੰਡੀਆ' ਗੱਠਜੋੜ ਦੀ ਅਖੀਰਲੀ ਮੀਟਿੰਗ ਵਿੱਚ ਜਦੋਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਅਤੇ ਆਮ ਆਦਮੀ ਪਾਰਟੀ ਦੇ ਆਗੂ ਅਰਵਿੰਦ ਕੇਜਰੀਵਾਲ ਨੇ ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਨੂੰ 'ਇੰਡੀਆ' ਗੱਠਜੋੜ ਦਾ ਆਗੂ ਬਣਾਏ ਜਾਣ ਦੀ ਪੈਰਵੀ ਕਰ ਦਿੱਤੀ ਸੀ, ਉਦੋਂ ਤੋਂ ਹੀ ਇਹ ਕਿਆਸ ਲੱਗਣ ਲੱਗ ਪਏ ਸਨ ਕਿ ਨਿਤੀਸ਼ ਕੁਮਾਰ ਕੋਈ ਖਤਰਨਾਕ ਗੇਮ ਖੇਡ ਸਕਦੇ ਹਨ। ਨਵੇਂ ਗੱਠਜੋੜ ਰਾਹੀਂ ਨਿਤੀਸ਼ ਕੁਮਾਰ ਦੇਸ਼ ਦੇ ਪ੍ਰਧਾਨ ਮੰਤਰੀ ਬਣਨ ਦੇ ਸੁਪਨੇ ਵੇਖ ਰਹੇ ਸਨ, ਜਦਕਿ ਰਾਹੁਲ ਗਾਂਧੀ ਦੇ ਪਿਛਾਂਹ ਹਟਣ ਦੀ ਸੂਰਤ ਵਿੱਚ ਮਮਤਾ ਤੇ ਕੇਜਰੀਵਾਲ ਵੀ ਵੱਡੇ ਸੁਪਨੇ ਵੇਖਣ ਲੱਗੇ ਹਨ; ਕਿਉਂਕਿ ਕੁਲੀਸ਼ਨ ਵਾਲੀ ਸਥਿਤੀ ਵਿੱਚ ਕਿਸੇ ਦਾ ਵੀ ਦਾਅ ਲੱਗ ਸਕਦਾ ਹੈ।

ਉਂਝ ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ 'ਇੰਡੀਆ' ਗੱਠਜੋੜ ਦੀ ਕਾਇਮੀ ਅਤੇ ਇਸ ਨੂੰ ਅੱਗੇ ਵਧਾਉਣ ਨੂੰ ਲੈ ਕੇ ਨਿਤੀਸ਼ ਕੁਮਾਰ ਨੇ ਕਾਫੀ ਨੱਠ-ਭੱਜ ਕੀਤੀ। ਕਾਂਗਰਸ ਸਮੇਤ ਬਾਕੀ ਧਿਰਾਂ ਉਸ ਨੂੰ 'ਇੰਡੀਆ' ਗੱਠਜੋੜ ਦਾ ਕਨਵੀਨਰ ਬਣਾਉਣ ਲਈ ਤਿਆਰ ਵੀ ਸਨ, ਪਰ ਮਮਤਾ ਤੇ ਕੇਜਰੀਵਾਲ ਦੇ ਬਿਆਨ ਨੇ ਦੁੱਧ ਵਿੱਚ ਕਾਂਜੀ ਘੋਲ ਦਿੱਤੀ। ਇੰਜ ਇਹ ਪਿੰਡ ਬੱਝਣ ਤੋਂ ਪਹਿਲਾਂ ਹੀ ਮੰਗਤਿਆਂ ਦੇ ਚਹਿਲ-ਪਹਿਲ ਹੋ ਜਾਣ ਵਰਗੀ ਘਟਨਾ ਵਾਪਰੀ। ਤ੍ਰਿਣਮੂਲ ਕਾਂਗਰਸ ਦੇ ਆਗੂ, ਕਾਂਗਰਸ ਅਤੇ ਖੱਬੇ ਪੱਖੀ ਧੜੇ ਭਾਵੇਂ ਹਾਲੇ ਵੀ ਆਖ ਰਹੇ ਹਨ ਕਿ 'ਇੰਡੀਆ' ਅਲਾਇੰਸ ਮਜ਼ਬੂਤ ਹੋ ਕੇ ਉਭਰੇਗਾ, ਪਰ ਚੋਣਾਂ ਦਾ ਸਮਾਂ ਨੇੜੇ ਆ ਜਾਣ ਕਾਰਨ ਇਸ ਸੱਟ ਦੀ ਭਰਪਾਈ 'ਇੰਡੀਆ' ਗੱਠਜੋੜ ਸ਼ਾਇਦ ਹੀ ਕਰ ਪਾਵੇ।




# ਰਾਮ ਮੰਦਰ ਦਾ ਸ਼ਾਹੀ ਉਦਘਾਟਨ ਕਿ ਰਾਜਨੀਤਿਕ ਸਮਾਗਮ !

**ਜੇ. ਐਸ. ਮਾਂਗਟ**

ਹਿੰਦੂ ਧਰਮ ਅਚਾਰੀਆਂ, ਚਾਰੋ ਸ਼ੰਕਰਾਚਾਰੀਆਂ ਦੇ ਵਿਰੋਧ ਦੇ ਬਾਵਜੂਦ ਬਾਬਰੀ ਮਸਜਿਦ ਵਾਲੇ ਥਾਂ 'ਤੇ ਰਾਮ ਮੰਦਰ ਦਾ ਉਦਘਾਟਨ ਹੋ ਗਿਆ ਹੈ। ਆਪਣੇ ਪ੍ਰਮੁੱਖ ਚੋਣ ਵਾਅਦੇ ਨੂੰ ਪੂਰਾ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੀਤੀ 22 ਜਨਵਰੀ ਨੂੰ ਅਯੋਧਿਆ ਵਿੱਚ ਇੱਕ ਸ਼ਾਨਦਾਰ ਨਵੇਂ ਰਾਮ ਮੰਦਰ ਦਾ ਉਦਘਾਟਨ ਕੀਤਾ। ਪੰਜ ਸਾਲ ਦੀ ਉਮਰ ਦੇ ਰਾਮ ਲੱਲਾ ਦੀ 51 ਇੰਚ ਦੀ ਕਾਲੇ ਪੱਥਰ ਵਿੱਚੋਂ ਤਰਾਸ਼ੀ ਮੂਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਨਵੇਂ ਬਣੇ ਮੰਦਰ ਵਿੱਚ ਸਥਾਪਤ ਕੀਤੀ ਗਈ। ਇਸ ਮੌਕੇ ਜ਼ਿੰਦਗੀ ਦੇ ਵੱਖ-ਵੱਖ ਸ਼ੋਹਬਿਆਂ ਵਿੱਚ ਆਪਣੇ ਮੁਕਾਮ ਸਥਾਪਨ ਕਰਨ ਵਾਲੀਆਂ 8 ਹਜ਼ਾਰ ਦੇ ਕਰੀਬ ਸ਼ਖਸੀਅਤਾਂ ਮੌਜੂਦ ਸਨ। ਇਨ੍ਹਾਂ ਵਿੱਚ ਦੇਸ਼ ਦੇ ਉੱਘੇ ਸਨਅਤਕਾਰ, ਖਿਡਾਰੀ, ਸਿਆਸਤਦਾਨ, ਫਿਲਮ ਸਟਾਰ, ਲੇਖਕ, ਪੱਤਰਕਾਰ ਅਤੇ ਸਾਧੂ ਸੰਤ ਸ਼ਾਮਲ ਸਨ। ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 40 ਮਿੰਟ ਲੰਮੀ ਆਪਣੀ ਤਕਰੀਰ ਕੀਤੀ। ਇਸ ਵਿੱਚ ਉਨ੍ਹਾਂ 'ਰਾਮ' ਨੂੰ 'ਰਾਜ' ਨਾਲ ਜੋੜਿਆ। ਉਨ੍ਹਾਂ ਕਿਹਾ, "22 ਜਨਵਰੀ 2024 ਮਹਿਜ ਇੱਕ ਤਰੀਕ ਨਹੀਂ ਹੈ। ਇਹ ਇੱਕ ਨਵੇਂ 'ਕਾਲ ਚੱਕਰ' ਦੀ ਸ਼ੁਰੂਆਤ ਹੈ। ਸਾਨੂੰ ਆਪਣੀ ਕਲਪਨਾ ਨੂੰ 'ਦੇਵ ਤੋਂ ਦੇਸ਼ ਤੱਕ' ਪਸਾਰਨਾ ਹੋਵੇਗਾ- ਰਾਮ ਤੋਂ ਰਾਸ਼ਟਰ ਤੱਕ, ਦੇਵਤੇ ਤੋਂ ਦੇਸ਼ ਤੱਕ। ਰਾਮ ਲੱਲਾ ਦੀ ਮੂਰਤੀ ਅੱਗੇ ਚਾਂਦੀ ਰੰਗਾ ਛਤਰ ਚੜ੍ਹਾਉਂਦਿਆਂ ਪ੍ਰਧਾਨ ਮੰਤਰੀ ਨੇ ਪਹਿਲੀ ਪੂਜਾ ਅਰਚਨਾ ਕੀਤੀ। ਇਸ ਮੌਕੇ ਉਨ੍ਹਾਂ ਹੋਰ ਕਿਹਾ ਕਿ ਇਹ ਕੌਮੀ ਚੇਤਨਾ ਦਾ ਮੰਦਰ ਹੈ। ਸ੍ਰੀ ਰਾਮ ਚੰਦਰ ਜੀ ਭਾਰਤ ਦਾ ਧਰਮ, ਨੀਂਹ, ਆਈਡੀਆ, ਚੇਤਨਾ, ਵਿਚਾਰ, ਆਨ ਅਤੇ ਸ਼ਾਨ ਹਨ।

ਰਵਾਇਤੀ ਭਾਰਤੀ ਨਾਗਰਾ ਸ਼ੈਲੀ ਵਿੱਚ ਬਣਿਆ ਇਹ ਮੰਦਰ 380 ਫੁੱਟ ਲੰਬਾ, 250 ਫੁੱਟ ਚੌੜਾ ਅਤੇ 161 ਫੁੱਟ ਉਚਾ ਹੈ। ਇਸ ਮੰਦਰ ਵਿੱਚ 392 ਬਾਰੀਆਂ ਅਤੇ 44 ਬੂਹੇ ਹਨ। ਰਾਮ ਮੰਦਰ 2.77 ਏਕੜ ਵਿੱਚ ਬਣਾਇਆ ਗਿਆ ਹੈ। ਇਸ ਵਿੱਚ ਉਹ ਜਗ੍ਹਾ ਵੀ ਸ਼ਾਮਲ ਹੈ, ਜਿਥੇ ਬਾਬਰੀ ਮਸਜਿਦ ਇਜਾਦ ਸੀ। ਹਿੰਦੂ ਜਥੇਬੰਦੀਆਂ ਦਾ ਆਖਣਾ ਹੈ ਕਿ ਇਸੇ ਥਾਂ ਉੱਤੇ ਸ੍ਰੀ ਰਾਮ ਜੀ ਦਾ ਜਨਮ ਹੋਇਆ ਸੀ। ਤਕਰੀਬਨ 150 ਸਾਲ ਰਾਮ ਜਨਮ ਭੂਮੀ-ਬਾਬਰੀ ਮਸਜਿਦ ਝਗੜਾ ਚੱਲਿਆ ਅਤੇ ਅੰਤ 2019 ਵਿੱਚ ਸੁਪਰੀਮ ਕੋਰਟ ਨੇ ਰਾਮ ਮੰਦਰ ਬਣਾਉਣ ਦੀ ਮੰਗ 'ਤੇ ਮੋਹਰ ਲਗਾ ਦਿੱਤੀ ਤੇ ਮੁਸਲਮਾਨਾਂ ਨੂੰ ਆਪਣੀ ਮਸਜਿਦ ਬਣਾਉਣ ਲਈ ਹੋਰ ਜ਼ਮੀਨ ਦੇਣ ਦਾ ਹੁਕਮ ਦਿੱਤਾ।

ਉਂਝ ਹਕੀਕਤ ਇਹ ਹੈ ਕਿ ਅਦਾਲਤ ਵਿੱਚ ਹਿੰਦੂ ਪੱਖ ਦੇ ਵਕੀਲ ਅਤੇ ਬਾਬਰੀ ਮਸਜਿਦ ਵਾਲੀ ਥਾਂ 'ਤੇ ਖੁਦਾਈ ਕਰਨ ਵਾਲੇ ਪੁਰਾਤਤਵ ਵਿਭਾਗ ਵੀ ਇਹ ਸਾਬਤ ਨਹੀਂ ਕਰ ਸਕੇ ਕਿ ਮਸਜਿਦ ਮੰਦਰ ਢਾਹ ਕੇ ਬਣਾਈ ਗਈ ਸੀ। ਸੁਪਰੀਮ ਕੋਰਟ ਦੇ ਹੁਕਮਾਂ 'ਤੇ ਕੀਤੀ ਗਈ ਮਸਜਿਦ ਵਾਲੀ ਥਾਂ ਦੀ ਖੁਦਾਈ ਦੌਰਾਨ ਮੰਦਰ ਦੇ ਕੋਈ ਅੰਸ਼ ਨਹੀਂ ਸਨ ਲੱਭੇ। ਇਸ ਲਈ ਅਦਾਲਤ ਦਾ ਪਹਿਲਾ ਫੈਸਲਾ ਮਸਜਿਦ ਦੇ ਹੱਕ ਵਿੱਚ ਆਇਆ ਸੀ, ਪਰ 2019 ਵਿੱਚ ਸੁਪਰੀਮ ਕੋਰਟ ਨੇ 'ਲੋਕਾਂ ਦੀਆਂ ਭਾਵਨਾਵਾਂ ਦਾ ਧਿਆਨ ਰੱਖਦਿਆਂ' ਮੰਦਰ ਬਣਾਉਣ ਦਾ ਫੈਸਲਾ ਦਿੱਤਾ। ਯਾਦ ਰਹੇ, ਬਾਬਰੀ ਮਸਜਿਦ ਦੇ ਢੱਠ ਜਾਣ ਪਿੱਛੋਂ ਰਾਮ ਲੱਲਾ ਦੀ ਛੋਟੀ ਮੂਰਤੀ ਨੂੰ ਇੱਕ ਆਰਜੀ ਮੰਦਰ 'ਚ ਰੱਖਿਆ ਗਿਆ ਸੀ, ਜਿੱਥੇ ਲੋਕ ਪੂਜਾ ਅਰਚਨਾ ਕਰਦੇ ਸਨ। ਇਹ ਛੋਟੀ ਮੂਰਤੀ 1949 'ਚ ਚੋਰੀ ਛਿੱਪੇ ਬਾਬਰੀ ਮਸਜਿਦ ਦੇ ਅਹਾਤੇ ਵਿੱਚ ਰੱਖੀ ਗਈ ਸੀ ਤੇ ਇਹ ਪ੍ਰਚਾਰਿਆ ਗਿਆ ਸੀ ਕਿ ਰਾਮ ਲੱਲਾ ਆਪਣੇ ਜਨਮ ਅਸਥਾਨ 'ਤੇ ਪ੍ਰਗਟ ਹੋ ਗਏ ਹਨ। ਦਿਲਚਸਪ ਇਹ ਵੀ ਹੈ ਕਿ ਇਹ ਕੰਮ ਕਾਂਗਰਸ ਪਾਰਟੀ ਵਿੱਚ ਮੌਜੂਦ ਹਿੰਦੂ ਕੱਟੜਪੰਥੀ ਧੜੇ ਦੀ ਸ਼ਹਿ 'ਤੇ ਹੋਇਆ ਸੀ।

ਇਥੇ ਇਹ ਧਿਆਨ ਦੇਣ ਵਾਲਾ ਪੱਖ ਹੈ ਕਿ ਬਹੁਤੀਆਂ ਭਾਜਪਾ ਵਿਰੋਧੀ ਰਾਜਨੀਤਿਕ ਪਾਰਟੀਆ ਇਸ ਸਮਾਗਮ ਤੋਂ ਇਹ ਆਖ ਕੇ ਪਾਸੇ ਰਹੀਆਂ ਕਿ ਇਹ ਭਾਰਤੀ ਜਨਤਾ ਪਾਰਟੀ ਦਾ ਇੱਕ ਰਾਜਨੀਤਿਕ ਸਮਾਗਮ ਹੈ ਅਤੇ ਧਰਮ ਤੇ ਰਾਜਨੀਤੀ ਵਿਚਕਾਰਲੀ ਲੀਕ ਨੂੰ ਧੁੰਦਲਾ ਕਰਨ ਦਾ ਬਾਇਸ ਬਣ ਰਿਹਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਉਭਾਰੀ ਜਾ ਰਹੀ ਇਸ ਰਾਮ ਮੰਦਰ ਦੀ ਵਿਛਵੀਂ ਰਾਜਨੀਤੀ ਨੂੰ ਸੱਭ ਤੋਂ ਖੜ੍ਹਵਾਂ (ਵਰਟੀਕਲ) ਵੱਢ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਬੀਬੀ ਮਮਤਾ ਬੈਨਰਜੀ ਨੇ ਮਾਰਿਆ। ਉਨ੍ਹਾਂ ਆਪਣੇ ਰਾਜ ਦੇ ਰਾਜਧਾਨੀ ਸ਼ਹਿਰ ਕਲਕੱਤਾ ਵਿੱਚ ਸਰਬ ਧਰਮ ਮਾਰਚ ਆਯੋਜਤ ਕੀਤਾ। ਇਸ ਦੌਰਾਨ ਉਹ ਕਾਲੀਘਾਟ ਮੰਦਰ ਤੋਂ ਇਲਾਵਾ ਮਸਜਿਦ, ਚਰਚ ਅਤੇ ਗੁਰਦੁਆਰਾ ਸਾਹਿਬ ਵੀ ਪੁੱਜੇ। ਇਸ ਦੌਰਾਨ ਬੋਲਦਿਆਂ ਉਨ੍ਹਾਂ ਕਿਹਾ, 'ਮੈਂ ਰਾਮ ਦੇ ਵਿਰੁਧ ਨਹੀਂ ਹਾਂ, ਪਰ ਤੁਸੀਂ (ਬੀ.ਜੇ.ਪੀ.) ਸੀਤਾ ਜੀ ਦਾ ਨਾਂ ਕਿਉਂ ਨਹੀਂ ਲਿਆ? ਕੀ ਤੁਸੀਂ ਔਰਤਾਂ ਦੇ ਵਿਰੁਧ ਹੋ? ਸੀਤਾ ਜੀ ਤੋਂ ਬਿਨਾ ਰਾਮ ਇੱਥੇ ਨਹੀਂ ਹੋ ਸਕਦੇ। ਉਨ੍ਹਾਂ ਹੋਰ ਕਿਹਾ ਕਿ ਜੇ ਮਾਤਾ ਕੁਸ਼ੱਲਿਆ ਨਾ ਹੁੰਦੇ ਤਾਂ ਰਾਮ ਨਹੀਂ ਸਨ ਹੋ ਸਕਦੇ।

ਇੱਥੇ ਜ਼ਿਕਰਯੋਗ ਹੈ ਕਿ ਹਿੰਦੂ ਧਰਮ ਦੇ ਚਾਰੋ ਧਾਮਾਂ ਦੇ ਸ਼ੰਕਰਾਚਾਰੀਆ ਅਧੂਰੇ ਮੰਦਰ ਵਿੱਚ ਮੂਰਤੀ ਅਸਥਾਪਤ ਕਰਨ ਅਤੇ ਪ੍ਰਾਣ ਪ੍ਰਤਿਸ਼ਠਾ ਸਮਾਗਮ ਕਰਨ ਦਾ ਵਿਰੋਧ ਕਰ ਰਹੇ ਸਨ। ਉਹ ਆਖ ਰਹੇ ਸਨ ਕਿ ਮੰਦਰ ਸ਼ਰੀਰ ਸਮਾਨ ਹੈ ਅਤੇ ਰਾਮ ਲੱਲਾ ਦੀ ਮੂਰਤੀ ਆਤਮਾ ਦੇ ਸਮਾਨ ਹੈ। ਇਸ ਲਈ ਜਦੋਂ ਮੰਦਰ (ਸ਼ਰੀਰ) ਹਾਲੇ ਪੂਰਾ ਬਣਿਆ ਨਹੀਂ ਹੈ ਤਾਂ ਉਸ ਵਿੱਚ ਆਤਮਾ (ਮੂਰਤੀ) ਕਿਵੇਂ ਪ੍ਰਵੇਸ਼ ਕਰ ਸਕਦੀ ਹੈ? ਪਰ ਸਾਰੀਆਂ ਦਲੀਲਾਂ ਨੂੰ ਜੁੱਤੀ ਦੀ ਨੋਕ 'ਤੇ ਰੱਖਦਿਆਂ ਸੱਤਾ ਨੇ ਆਪਣਾ ਜ਼ੋਰ ਪੁਗਾਇਆ। ਸਾਰੇ ਵਿਰੋਧਾਂ ਨੂੰ ਦਰਕਿਨਾਰ ਕਰ ਕੇ ਉਸਾਰੀ ਅਧੀਨ ਰਾਮ ਮੰਦਰ 'ਚ ਰਾਮ ਲੱਲਾ ਦੀ ਮੂਰਤੀ ਸਥਾਪਨ ਕਰ ਦਿੱਤੀ ਹੈ।

ਰਾਮ ਮੰਦਰ ਦੇ ਉਦਘਾਟਨ ਵਾਲੇ ਘਟਨਾਕ੍ਰਮ 'ਤੇ ਵੱਖ-ਵੱਖ ਪਾਰਟੀਆਂ ਨੇ ਅਲੱਗ ਅਲੱਗ ਪ੍ਰਤੀਕਰਮ ਦਿੱਤੇ। ਜਿੱਥੇ ਕਾਂਗਰਸ ਪਾਰਟੀ, ਜਨਤਾ ਦਲ ਯੂਨਾਈਟਿਡ, ਰਾਸ਼ਟਰੀ ਜਨਤਾ ਦਲ ਨੇ ਇਸ ਸਮਾਗਮ ਤੋਂ ਦੂਰ ਰਹਿਣਾ ਠੀਕ ਸਮਝਿਆ, ਉਥੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਨੇ ਕਿਹਾ ਕਿ ਦੇਸ਼ ਵਿੱਚ ਰਾਜਨੀਤੀ ਅਤੇ ਧਰਮ ਵਿਚਲੀ ਲਾਈਨ ਧੁੰਦਲੀ ਪੈਂਦੀ ਜਾ ਰਹੀ ਹੈ। ਪਾਰਟੀ ਨੇ ਕਿਹਾ ਕਿ ਦੇਸ਼ ਦੇ ਲੋਕਾਂ ਨੂੰ ਸੈਕੂਲਰ ਢਾਂਚੇ ਅਤੇ ਸਵਿੰਧਾਨ ਦੀ ਰਾਖੀ ਕਰਨੀ ਚਾਹੀਦੀ ਹੈ। ਕਰਨਾਟਕਾ ਦੇ ਕਾਂਗਰਸੀ ਮੁੱਖ ਮੰਤਰੀ ਸਿਧਾਰਮਈਆ ਨੇ ਆਪਣਾ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਭਾਜਪਾ ਨੇ ਇੱਕ ਧਾਰਮਿਕ ਸਮਾਗਮ ਦਾ ਰਾਜਨੀਤੀਕਰਣ ਕੀਤਾ ਹੈ। ਉਨ੍ਹਾਂ ਕਿਹਾ ਕਿ ਰਾਮ ਬੀ.ਜੇ.ਪੀ. ਦੇ ਨਹੀਂ, ਸਾਰੇ ਹਿੰਦੂਆਂ ਦੇ ਰਹਿਬਰ ਹਨ।

ਦੂਜੇ ਪਾਸੇ ਆਮ ਆਦਮੀ ਪਾਰਟੀ ਰਾਮ ਰਾਜ ਦੇ ਰੰਗ ਵਿੱਚ ਰੰਗੀ ਨਜ਼ਰ ਆਈ। ਉਸ ਨੇ ਇਸ ਮੌਕੇ ਸੁੰਦਰ ਕਾਂਡ ਦੇ ਪਾਠ ਕਰਵਾਏ ਅਤੇ ਕੇਜਰੀਵਾਲ ਸਮੇਤ ਪਾਰਟੀ ਦੇ ਆਗੂਆਂ ਨੇ ਧਾਰਮਿਕ ਰਸਮਾਂ ਵਿੱਚ ਹਿੱਸਾ ਲਿਆ। ਇਸ ਦੌਰਾਨ ਸਮਾਜਵਾਦੀ ਪਾਰਟੀ ਦੇ ਆਗੂ ਅਖਲੇਸ਼ ਯਾਦਵ ਨੇ ਕਿਹਾ ਕਿ ਰਾਮ ਆਪਣੇ ਭਗਤਾਂ ਦੇ ਦਿਲਾਂ ਵਿੱਚ ਰਹਿੰਦੇ ਹਨ। ਉਂਝ ਇਸ ਦਿਨ ਸਾਰੇ ਦੇਸ਼ ਵਿੱਚ ਲੋਕਾਂ ਨੇ ਮੰਦਰਾਂ ਵਿੱਚ ਪੂਜਾ ਅਰਚਨਾ ਕੀਤੀ। ਹਿੰਦੂ ਤਬਕੇ ਦੇ ਲੋਕਾਂ ਨੇ ਆਪਣੇ ਘਰਾਂ 'ਤੇ ਪੀਲੇ ਤੇ ਕੇਸਰੀ ਝੰਡੇ ਲਗਾਏ।

ਇਸ ਘਟਨਾਕ੍ਰਮ ਨੇ ਇਹ ਵਿਖਾ ਦਿੱਤਾ ਹੈ ਕਿ ਜਦੋਂ ਸੱਤਾ ਆਪਣੇ ਜੋਬਨ ਵਿੱਚ ਹੁੰਦੀ ਹੈ ਤਾਂ ਉਹ ਧਰਮ ਸਮੇਤ ਹਰ ਸ਼ੈਅ ਦਾ ਕੰਨ ਮਰੋੜ ਕੇ ਆਪਣੇ ਅਨੁਕੂਲ ਕਰ ਲੈਂਦੀ ਹੈ। ਇਸ ਸੰਦਰਭ ਵਿੱਚ ਸਿਮਰਨਜੀਤ ਸਿੰਘ ਮਾਨ ਦਾ ਇੱਕ ਕਥਨ ਯਾਦ ਆਉਂਦਾ ਹੈ, ਜੋ ਉਨ੍ਹਾਂ ਨੇ ਸੰਗਰੂਰ ਦੀ ਜ਼ਿਮਨੀ ਚੋਣ ਜਿੱਤਣ ਤੋਂ ਬਾਅਦ ਕਿਹਾ, 'ਰਾਜ ਬਿਨਾ ਨਹਿ ਧਰਮ ਚਲੈ ਹੈਂ, ਰਾਜ ਬਿਨਾ ਸਭ ਦਲੇ ਮਲੈ ਹੈਂ।' ਸਿੱਖਾਂ ਨੇ ਨਾ ਸਹੀ, ਮੋਦੀ ਨੇ ਇਸ ਵਾਕ 'ਤੇ ਅਮਲ ਕਰ ਵਿਖਾਇਆ ਹੈ। ਧਰਮ, ਰਾਜ ਦੇ ਅਧੀਨ ਘੋੜੀ ਬਣ ਗਿਆ ਹੈ। ਰਾਜ ਅਤੇ ਬਹੁਗਿਣਤੀ ਹਿੰਦੂ ਫਿਰਕਾ ਇੱਕ ਰੂਪ ਹੋ ਗਏ ਹਨ। ਹੁਣ ਬਸ ਸਵਿੰਧਾਨ ਨੂੰ 'ਹਿੰਦੂ ਇੱਛਾ' ਦੇ ਅਨੁਕੂਲ ਢਾਲਣਾ ਬਾਕੀ ਹੈ। ਜੇ ਅਜਿਹਾ ਹੋ ਜਾਂਦਾ ਹੈ ਤਾਂ ਭਾਰਤੀ ਰਾਜ ਘੱਟਗਿਣਤੀ ਫਿਰਕਿਆਂ 'ਤੇ ਸ਼ਾਸ਼ਨ ਕਰਨ ਦਾ ਇਖ਼ਲਾਕੀ ਆਧਾਰ ਗੁਆ ਲਵੇਗਾ। ਅਜਿਹੀ ਸਥਿਤੀ ਵਿੱਚ ਗੈਰ-ਹਿੰਦੂ ਤਬਕਿਆਂ ਨੂੰ ਰਾਜ ਖਿਲਾਫ ਬਗਾਵਤ ਕਰਨ ਦਾ ਨੈਤਿਕ ਅਧਿਕਾਰ ਮਿਲ ਜਾਵੇਗਾ। ਇਹ ਇੱਕ ਵੱਡੀ ਸਿਵਲ ਵਾਰ ਦੀ ਸ਼ੁਰੂਆਤ ਹੋਵੇਗੀ!

## ਸਿਆਸੀ ਆਸਥਾ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਯੁੱਧਿਆ ਵਿੱਚ ਰਾਮ ਲੱਲਾ ਦੀ ਪ੍ਰਾਣ ਪ੍ਰਤਿਸ਼ਠਾ ਤੋਂ ਪਹਿਲਾਂ ਜਨਵਰੀ ਵਿੱਚ ਤਿੰਨ ਵਾਰ ਦੱਖਣੀ ਭਾਰਤ ਦਾ ਦੌਰਾ ਕੀਤਾ। ਉਹ ਉੱਥੋਂ ਦੇ ਉਨ੍ਹਾਂ ਪ੍ਰਮੁੱਖ ਮੰਦਰਾਂ ਵਿੱਚ ਗਏ, ਜਿਨ੍ਹਾਂ ਦਾ ਰਾਮਾਇਣ ਵਿੱਚ ਜ਼ਿਕਰ ਕੀਤਾ ਗਿਆ ਹੈ। ਚੇਨੱਈ ਤੇ ਰਾਮੇਸ਼ਵਰਮ ਵਿੱਚ ਰੋਡ ਸ਼ੋਅ ਵੀ ਕੀਤੇ। ਕਹਿਣ ਨੂੰ ਮੰਦਰਾਂ ਦੇ ਦੌਰੇ ਨਿੱਜੀ ਆਸਥਾ ਨਾਲ ਜੁੜੇ ਹੋਏ ਸਨ, ਪਰ ਸਿਆਸੀ ਮਾਹਰ ਇਸ ਨੂੰ ਲੋਕ ਸਭਾ ਚੋਣਾਂ ਨਾਲ ਜੋੜ ਕੇ ਦੇਖ ਰਹੇ ਹਨ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਉੱਤਰੀ ਭਾਰਤ ਵਿੱਚ ਭਾਜਪਾ ਦੀ ਜਿੰਨੀ ਚੜ੍ਹਤ ਮੱਚਣੀ ਸੀ, ਮਚ ਚੁੱਕੀ ਹੈ, ਹੁਣ ਉਸ ਦੀਆਂ ਸੀਟਾਂ ਵਧਣ ਨਹੀਂ ਲੱਗੀਆਂ ਸਗੋਂ ਵਿਰੋਧੀ ਪਾਰਟੀਆਂ ਵੱਲੋਂ 'ਇੰਡੀਆ' ਗੱਠਜੋੜ ਬਣਾ ਲੈਣ ਕਰਕੇ ਘਟਣਗੀਆਂ ਹੀ। ਦੱਖਣੀ ਰਾਜਾਂ ਵਿੱਚ ਭਾਜਪਾ ਕਦੇ ਵੀ ਬਹੁਤੀਆਂ ਸੀਟਾਂ ਨਹੀਂ ਜਿੱਤ ਸਕੀ। ਪਿੱਛੇ ਜਿਹੇ ਤਾਂ ਕਰਨਾਟਕ ਦਾ ਰਾਜ ਵੀ ਉਸ ਦੇ ਹੱਥੋਂ ਨਿਕਲ ਗਿਆ।

2019 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੀ ਅਗਵਾਈ ਵਾਲਾ ਐੱਨ.ਡੀ.ਏ. ਦੱਖਣੀ ਰਾਜਾਂ ਦੀਆਂ 134 ਸੀਟਾਂ ਵਿੱਚੋਂ 31 ਹੀ ਜਿੱਤ ਸਕਿਆ ਸੀ। ਕਾਂਗਰਸ ਨੇ 65 ਤੇ ਹੋਰਨਾਂ ਪਾਰਟੀਆਂ ਨੇ 36 ਸੀਟਾਂ ਜਿੱਤੀਆਂ ਸਨ। ਭਾਵੇਂ ਕਾਂਗਰਸ ਦੀ ਉੱਤਰੀ ਭਾਰਤ ਵਿੱਚ ਸਥਿਤੀ ਖਰਾਬ ਹੈ, ਪਰ ਦੱਖਣ ਵਿੱਚ ਤਿਲੰਗਾਨਾ ਤੇ ਕਰਨਾਟਕ 'ਚ ਉਸ ਦੀਆਂ ਸਰਕਾਰਾਂ ਹਨ। ਕੇਰਲਾ ਵਿੱਚ ਖੱਬੇ ਜਮਹੂਰੀ ਮੁਹਾਜ਼ ਤੇ ਤਾਮਿਲਨਾਡੂ ਵਿੱਚ ਡੀ.ਐੱਮ.ਕੇ. ਦੀ ਅਗਵਾਈ ਵਾਲੇ ਮੁਹਾਜ਼ ਦੀ ਸਰਕਾਰ ਹੈ। ਤਿਲੰਗਾਨਾ ਦੀ ਜਿੱਤ ਤੋਂ ਬਾਅਦ ਕਾਂਗਰਸ ਦੀ ਆਂਧਰਾ ਵਿੱਚ ਵੀ ਸਥਿਤੀ ਸੁਧਰੀ ਹੈ। ਇਨ੍ਹਾਂ ਪ੍ਰਸਥਿਤੀਆਂ ਵਿੱਚ ਮੋਦੀ ਦੱਖਣ ਵਿੱਚ ਭਾਜਪਾ ਲਈ ਜ਼ਮੀਨ ਤਿਆਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਹੈਰਾਨੀ ਨਹੀਂ ਹੋਵੇਗੀ ਕਿ ਉਹ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਉੱਤਰੀ ਭਾਰਤ ਨਾਲੋਂ ਵੱਧ ਜ਼ੋਰ ਦੱਖਣੀ ਤੇ ਪੂਰਬੀ ਭਾਰਤ ਵਿੱਚ ਲਾਉਣ। ਹਾਲਾਂਕਿ ਉੱਤਰ-ਪੂਰਬ ਦੇ ਬਹੁਤੇ ਰਾਜਾਂ ਵਿੱਚ ਭਾਜਪਾ ਤੇ ਉਸ ਦੇ ਇਤਿਹਾਦੀ ਰਾਜ ਕਰ ਰਹੇ ਹਨ, ਪਰ ਥੋਕ ਸੀਟਾਂ ਵਾਲੇ ਰਾਜਾਂ ਪੱਛਮੀ ਬੰਗਾਲ ਤੇ ਬਿਹਾਰ ਵਿੱਚ ਵਿਰੋਧੀ ਪਾਰਟੀਆਂ ਦਾ ਰਾਜ ਹੈ।













ਗਹਿਰ-ਗੰਭੀਰ

ਤਰਲੋਚਨ ਸਿੰਘ ਭੱਟੀ
ਸੇਵਾ ਮੁਕਤ ਪੀ.ਸੀ.ਐਸ.
ਫੋਨ:91-9876502607



# ਚੋਣ ਕਮਿਸ਼ਨ ਦੀ ਭਰੋਸੇਯੋਗਤਾ ਦਾਅ ਉੱਤੇ

ਜਿਉਂ ਜਿਉਂ ਲੋਕ ਸਭਾ ਦੀਆਂ 2024 ਵਿੱਚ ਹੋਣ ਵਾਲੀਆਂ ਚੋਣਾਂ ਨੇੜੇ ਆ ਰਹੀਆਂ ਹਨ, ਲੋਕਾਂ ਦੀ ਰੁਚੀ ਅਤੇ ਤੌਖਲੇ ਵੱਧਦੇ ਜਾ ਰਹੇ ਹਨ ਕਿ ਇਹ ਚੋਣਾਂ ਕਿੰਨੀਆਂ ਖਰਚੀਲੀਆਂ ਤੇ ਹਿੰਸਕ ਹੋਣਗੀਆਂ ਅਤੇ ਭਾਰਤ ਦਾ ਚੋਣ ਕਮਿਸ਼ਨ ਇਸ ਚੋਣਾਂ ਨੂੰ ਕਿੰਨੀ ਨਿਰਪੱਖਤਾ, ਪਾਰਦਰਸ਼ਤਾ ਅਤੇ ਜਵਾਬਦੇਹੀ ਨਾਲ ਕਰਵਾਉਂਦਾ ਹੈ? ਖਾਸ ਤੌਰ 'ਤੇ ਉਸ ਸਮੇਂ ਜਦੋਂ ਚੋਣ ਕਮਿਸ਼ਨ (ਚੋਣ ਕਮਿਸ਼ਨਰਾਂ ਦੀਆਂ ਸੇਵਾ ਦੀਆਂ ਸ਼ਰਤਾਂ ਅਤੇ ਕਾਰੋਬਾਰ ਦਾ ਲੈਣ-ਦੇਣ) ਬਿੱਲ 2023 ਭਾਰਤ ਦੀ ਸੰਸਦ ਵੱਲੋਂ ਪਾਸ ਹੋ ਚੁੱਕਾ ਹੈ ਅਤੇ ਭਾਰਤ ਦੇ ਰਾਸ਼ਟਰਪਤੀ ਵੱਲੋਂ ਪ੍ਰਵਾਨ ਹੋ ਕੇ ਕਾਨੂੰਨ ਵੀ ਬਣ ਚੁੱਕਾ ਹੈ। ਇਹ ਕਾਨੂੰਨ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ ਦੀ ਨਿਯੁਕਤੀ, ਤਨਖਾਹ ਅਤੇ ਹਟਾਉਣ ਦੀ ਵਿਵਸਥਾ ਕਰਦਾ ਹੈ।

ਇਸ ਨਵੇਂ ਕਾਨੂੰਨ ਅਨੁਸਾਰ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਇੱਕ ਚੋਣ ਕਮੇਟੀ ਦੀਆਂ ਸਿਫਾਰਸ਼ਾਂ 'ਤੇ ਰਾਸ਼ਟਰਪਤੀ ਵੱਲੋਂ ਕੀਤੀ ਜਾਵੇਗੀ। ਚੋਣ ਕਮੇਟੀ ਵਿੱਚ ਪ੍ਰਧਾਨ ਮੰਤਰੀ, ਇੱਕ ਕੇਂਦਰੀ ਕੈਬਨਿਟ ਮੰਤਰੀ ਅਤੇ ਲੋਕ ਸਭਾ ਵਿੱਚ ਸਭ ਤੋਂ ਵੱਡੀ ਵਿਰੋਧੀ ਪਾਰਟੀ ਦਾ ਨੇਤਾ/ਵਿਰੋਧੀ ਧਿਰ ਦਾ ਨੇਤਾ ਸ਼ਾਮਲ ਹੋਣਗੇ। ਚੋਣ ਕਮੇਟੀ ਦੀਆਂ ਸਿਫਾਰਸ਼ਾਂ ਉਦੋਂ ਹੀ ਯੋਗ ਹੋਣਗੀਆਂ, ਜਦੋਂ ਮੁੱਖ ਚੋਣ ਕਮਿਸ਼ਨਰ ਜਾਂ ਚੋਣ ਕਮਿਸ਼ਨਰਾਂ ਦੀਆਂ ਅਸਾਮੀਆਂ ਖਾਲੀ ਹੋਣਗੀਆਂ। ਕੈਬਨਿਟ ਸਕੱਤਰ ਦੀ ਅਗਵਾਈ ਵਾਲੀ ਖੋਜ ਕਮੇਟੀ ਚੋਣ ਕਮੇਟੀ ਨੂੰ ਨਾਂਵਾਂ ਦੇ ਪੈਨਲ ਦਾ ਪ੍ਰਸਤਾਵ ਦੇਵੇਗੀ। ਅਹੁਦਿਆਂ ਲਈ ਯੋਗਤਾ ਵਿੱਚ ਕੇਂਦਰ ਸਰਕਾਰ ਦੇ ਸਕੱਤਰ ਦੇ ਬਰਾਬਰ ਦਾ ਅਹੁਦਾ ਰੱਖਣਾ ਜਾਂ ਸੰਭਾਲਣਾ ਸ਼ਾਮਲ ਹੈ। ਮੁੱਖ ਚੋਣ ਕਮਿਸ਼ਨਰ ਤੇ ਚੋਣ ਕਮਿਸ਼ਨਰਾਂ ਦੀ ਤਨਖਾਹ ਅਤੇ ਸੇਵਾ ਦੀਆਂ ਸ਼ਰਤਾਂ ਕੈਬਨਿਟ ਸਕੱਤਰ ਦੇ ਬਰਾਬਰ ਹੋਣਗੀਆਂ, ਜਦਕਿ 1991 ਦੇ ਕਾਨੂੰਨ ਤਹਿਤ ਇਹ ਸੁਪਰੀਮ ਕੋਰਟ ਦੇ ਜੱਜਾਂ ਦੀ ਤਨਖਾਹ ਅਤੇ ਰੁਤਬੇ ਦੇ ਬਰਾਬਰ ਸੀ।

ਭਾਰਤ ਦੇ ਚੋਣ ਕਮਿਸ਼ਨ ਦੀ ਭਰੋਸੇਯੋਗਤਾ ਲੰਮੇ ਅਰਸੇ ਤੋਂ ਭਾਰਤ ਦੇ ਲੋਕਾਂ ਦੀਆਂ ਨਜ਼ਰਾਂ ਵਿੱਚ ਸ਼ੱਕੀ ਰਹੀ ਹੈ। ਹੁਣ ਨਵੇਂ ਕਾਨੂੰਨ 2023 ਨੇ ਇਸ ਸ਼ੱਕ ਨੂੰ ਹੋਰ ਪੁਖਤਾ ਕਰ ਦਿੱਤਾ ਹੈ, ਖਾਸ ਤੌਰ 'ਤੇ ਉਸ ਵੇਲੇ ਜਦੋਂ ਕਾਨੂੰਨ ਅਨੁਸਾਰ ਮੁੱਖ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ ਦੀ ਚੋਣ ਲਈ ਬਣੀ ਕਮੇਟੀ ਨਿਰਪੱਖ ਨਹੀਂ ਰਹੇਗੀ, ਸਗੋਂ ਚੋਣ ਕਮੇਟੀ ਦੇ ਮੁਖੀ ਸਿਰਫ ਤੇ ਸਿਰਫ ਪ੍ਰਧਾਨ ਮੰਤਰੀ ਦੀ ਮਰਜ਼ੀ ਉਤੇ ਆਧਾਰਤ ਹੋਵੇਗੀ; ਖਾਸ ਤੌਰ 'ਤੇ ਉਸ ਵੇਲੇ ਜਦੋਂ ਪ੍ਰਧਾਨ ਮੰਤਰੀ ਅਪਹੁਦਰਾ ਹੋਵੇਗਾ। ਨਿਰਸੰਦੇਹ ਨਵੇਂ ਕਾਨੂੰਨ 2023 ਅਧੀਨ ਚੋਣ ਕਮਿਸ਼ਨ ਦੀ ਚੋਣ ਪ੍ਰਕ੍ਰਿਆ ਤੇ ਮੌਜੂਦਾ ਸਰਕਾਰ ਦਾ ਦਬਦਬਾ ਰਹੇਗਾ, ਜੋ ਚੋਣ ਕਮਿਸ਼ਨ ਦੀ ਆਜ਼ਾਦੀ 'ਤੇ ਅਸਰ ਪਾਵੇਗਾ। ਇਸ ਦੇ ਨਾਲ ਹੀ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ ਨੂੰ ਕੈਬਨਿਟ ਸਕੱਤਰ ਦੇ ਬਰਾਬਰ ਬਣਾਉਣ ਨਾਲ ਸਰਕਾਰ ਦਾ




ਪ੍ਰਭਾਵ ਹੋਰ ਵੀ ਵੱਧ ਜਾਵੇਗਾ, ਕਿਉਂਕਿ ਉਨ੍ਹਾਂ ਦੀ ਤਨਖਾਹ ਤੇ ਸੇਵਾ ਕਾਲ ਦੀਆਂ ਸ਼ਰਤਾਂ ਸਰਕਾਰ ਦੁਆਰਾ ਤੈਅ ਕੀਤੀਆਂ ਜਾਣਗੀਆਂ।

1991 ਵਾਲੇ ਕਾਨੂੰਨ ਅਧੀਨ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਾਂ ਦਾ ਅਹੁਦਾ ਸੁਪਰੀਮ ਕੋਰਟ ਦੇ ਜੱਜਾਂ ਦੇ ਬਰਾਬਰ ਹੋਣ ਕਾਰਨ ਉਨ੍ਹਾਂ ਦੀਆਂ ਤਨਖਾਹਾਂ ਅਤੇ ਸੇਵਾ ਕਾਲ ਸ਼ਰਤਾਂ ਸੰਸਦ ਵੱਲੋਂ ਪਾਸ ਕੀਤੇ ਕਾਨੂੰਨ ਅਨੁਸਾਰ ਹੋਣ ਦੀ ਵਿਵਸਥਾ ਹੈ। ਨਵੇਂ ਕਾਨੂੰਨ 2023 ਅਨੁਸਾਰ ਚੋਣ ਕਮਿਸ਼ਨ ਦੀਆਂ ਸੀਨੀਅਰ ਅਤੇ ਸੀਨੀਅਰ ਨੌਕਰਸ਼ਾਹਾਂ ਤੱਕ ਸੀਮਤ ਕਰਨ ਨਾਲ ਹੋਰ ਯੋਗ ਉਮੀਦਵਾਰਾਂ ਨੂੰ ਚੋਣ ਪ੍ਰਕ੍ਰਿਆ ਤੋਂ ਬਾਹਰ ਰੱਖਿਆ ਜਾ ਸਕਦਾ ਹੈ। ਚੋਣ ਕਮੇਟੀ ਖੋਜ ਕਮੇਟੀ ਦੇ ਸੁਝਾਵਾਂ ਨੂੰ ਨਜ਼ਰਅੰਦਾਜ਼ ਕਰ ਸਕਦੀ ਹੈ ਅਤੇ ਚੋਣ ਕਮਿਸ਼ਨ ਦੀਆਂ ਤਨਖਾਹਾਂ ਤੇ ਸੇਵਾ ਸ਼ਰਤਾਂ ਨੂੰ ਸਰਕਾਰ ਬਦਲ ਵੀ ਸਕਦੀ ਹੈ।

ਭਾਰਤ ਦੇ ਸੰਵਿਧਾਨ ਦੀ ਧਾਰਾ 324 ਅਨੁਸਾਰ ਮੁੱਖ ਚੋਣ ਕਮਿਸ਼ਨਰ ਅਤੇ ਕਿੰਨੇ ਚੋਣ ਕਮਿਸ਼ਨਰ ਹੋਣਗੇ ਇਸਦਾ ਫੈਸਲਾ ਭਾਰਤ ਦੇ ਰਾਸ਼ਟਰਪਤੀ ਵੱਲੋਂ ਕੀਤਾ ਜਾਂਦਾ ਹੈ। ਚੋਣ ਕਮਿਸ਼ਨ ਵੋਟਰ ਸੂਚੀਆਂ ਦੀ ਤਿਆਰੀ, ਸੰਸਦ, ਰਾਜ ਵਿਧਾਨ ਸਭਾਵਾਂ/ਪ੍ਰੀਸ਼ਦਾਂ, ਰਾਸ਼ਟਰਪਤੀ ਅਤੇ ਉੱਪ ਰਾਸ਼ਟਰਪਤੀ ਦੇ ਦਫਤਰਾਂ ਦੀਆਂ ਚੋਣਾਂ ਕਰਵਾਉਣ ਲਈ ਜ਼ਿੰਮੇਵਾਰ ਹੈ। ਸੰਵਿਧਾਨ ਨਿਸ਼ਚਿਤ ਕਰਦਾ ਹੈ ਕਿ ਰਾਸ਼ਟਰਪਤੀ ਸੰਸਦ ਦੇ ਐਕਟ ਦੇ ਉਪਬੰਦਾਂ ਅਧੀਨ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਕਰੇਗਾ। ਰਾਸ਼ਟਰਪਤੀ ਪ੍ਰਧਾਨ ਮੰਤਰੀ ਦੀ ਸਲਾਹ 'ਤੇ ਕੰਮ ਕਰਦਾ ਹੈ। ਚੰਗਾ ਹੁੰਦਾ ਜੇ ਕਮਿਸ਼ਨ ਮਸ਼ੀਨਰੀ ਨੂੰ ਸਰਕਾਰ ਦੇ ਕੰਟਰੋਲ ਤੋਂ ਬਾਹਰ ਰੱਖਿਆ ਜਾਂਦਾ, ਜਿਸ ਨਾਲ ਚੋਣ ਕਮਿਸ਼ਨ ਖੁਦਮੁਖਤਾਰੀ ਅਤੇ ਆਜ਼ਾਦੀ ਨਾਲ ਕੰਮ ਕਰਾ ਸਕਦਾ ਅਤੇ ਉਸਦੀ ਲੋਕਾਂ ਵਿੱਚ ਭਰੋਸੇਯੋਗਤਾ ਬਣੀ ਰਹਿੰਦੀ।

ਮਾਰਚ 2023 ਵਿੱਚ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਦੀ ਜਾਂਚ ਕਰਦੇ ਹੋਏ ਸੁਪਰੀਮ ਕੋਰਟ ਨੇ ਘੋਸ਼ਣਾ ਕੀਤੀ ਸੀ ਕਿ ਉਨ੍ਹਾਂ ਦੀ ਨਿਯੁਕਤੀ ਸਿਰਫ ਸਰਕਾਰ ਦੁਆਰਾ ਨਹੀਂ ਕੀਤੀ ਜਾਣੀ ਚਾਹੀਦੀ, ਚੋਣ ਕਮਿਸ਼ਨ ਸਰਕਾਰੀ ਦਖਲ-ਅੰਦਾਜ਼ੀ ਤੋਂ ਮੁਕਤ ਹੋਣਾ ਚਾਹੀਦਾ ਹੈ ਅਤੇ ਇਸ ਦੀ ਚੋਣ ਕਮੇਟੀ ਵਿੱਚ ਪ੍ਰਧਾਨ ਮੰਤਰੀ ਅਤੇ ਲੋਕ ਸਭਾ ਵਿੱਚ ਸਭ ਤੋਂ ਵੱਡੀ ਵਿਰੋਧੀ ਪਾਰਟੀ/ਵਿਰੋਧੀ ਧਿਰ ਦੇ ਨੇਤਾ ਤੋਂ ਇਲਾਵਾ ਭਾਰਤ ਦੀ ਸੁਪਰੀਮ ਕੋਰਟ ਦਾ ਮੁੱਖ ਜੱਜ ਸ਼ਾਮਲ ਹੋਣਾ ਚਾਹੀਦਾ ਹੈ; ਪਰ ਨਵੇਂ ਕਾਨੂੰਨ 2023 ਵਿੱਚ ਸੁਪਰੀਮ ਕੋਰਟ ਦੇ ਮੁੱਖ ਜੱਜ ਨੂੰ ਚੋਣ ਕਮੇਟੀ ਤੋਂ ਬਾਹਰ ਕਰਕੇ ਉਸ ਦੀ ਜਗ੍ਹਾ ਕੇਂਦਰੀ ਸਰਕਾਰ ਦੇ ਕੈਬਨਿਟ ਮੰਤਰੀ ਨੂੰ ਸ਼ਾਮਲ ਕਰਕੇ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ ਦੀ ਨਿਯੁਕਤੀਆਂ ਨੂੰ ਕੇਵਲ ਸਰਕਾਰ ਦੇ ਘੇਰੇ ਵਿੱਚ ਰੱਖਿਆ ਗਿਆ ਹੈ, ਜਿਸ ਕਾਰਨ ਚੋਣ ਕਮਿਸ਼ਨ ਦੀ ਖੁਦਮੁਖਤਿਆਰੀ ਅਤੇ ਭਰੋਸੇਯੋਗਤਾ ਨੂੰ ਖੋਰਾ ਲਾ ਦਿੱਤਾ ਗਿਆ ਹੈ। ਸੁਪਰੀਮ ਕੋਰਟ ਵੱਲੋਂ ਵੀ ਸਮੇਂ ਸਮੇਂ ਦਿੱਤੇ ਫੈਸਲਿਆਂ ਰਾਹੀਂ ਚੋਣ ਕਮਿਸ਼ਨਰ ਨੂੰ ਸਰਕਾਰ ਦਖਲਅੰਦਾਜ਼ੀ ਤੋਂ ਆਜ਼ਾਦ ਰੱਖਣ ਦੀ ਵਿਕਾਲਤ ਕੀਤੀ ਹੈ।

ਸੁਪਰੀਮ ਕੋਰਟ ਦੇ ਸਾਲ 2023 ਦੇ ਫੈਸਲੇ ਅਨੁਸਾਰ ਪ੍ਰਧਾਨ ਮੰਤਰੀ, ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਅਤੇ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਤੇ ਚੋਣ ਕਮਿਸ਼ਨਰਾਂ ਦੀਆਂ ਨਿਯੁਕਤੀਆਂ ਕੀਤੀਆਂ ਜਾਣਗੀਆਂ, ਪਰ ਨਵੇਂ ਕਾਨੂੰਨ ਅਨੁਸਾਰ ਨਿਯੁਕਤੀ ਦਾ ਸਾਰੀ ਪ੍ਰਕ੍ਰਿਆ ਨੂੰ ਮੌਜੂਦਾ ਕੇਂਦਰੀ ਸਰਕਾਰ ਅਤੇ ਖਾਸ ਤੌਰ 'ਤੇ ਪ੍ਰਧਾਨ ਮੰਤਰੀ ਦੀ ਇੱਛਾ ਉਤੇ ਛੱਡ ਦਿੱਤਾ ਗਿਆ ਹੈ। ਦੱਖਣੀ ਅਫਰੀਕਾ ਵਿੱਚ ਇਹ ਨਿਯੁਕਤੀਆਂ ਸੰਵਿਧਾਨਕ ਅਦਾਲਤ ਦੇ ਪ੍ਰਧਾਨ ਮੰਤਰੀ, ਮਨੁੱਖੀ ਅਧਿਕਾਰ ਅਦਾਲਤ ਦੇ ਪ੍ਰਤੀਨਿਧ, ਲਿੰਗ ਸਮਾਲਤਾ ਬਾਰੇ ਕਮਿਸ਼ਨ ਦੇ ਪ੍ਰਤੀਨਿੱਧ ਅਤੇ ਸਰਕਾਰੀ ਵਕੀਲ ਆਧਾਰਤ ਚੋਣ ਕਮੇਟੀ ਦੀ ਸਿਫਾਰਸ਼ ਦੇ ਦੇਸ਼ ਦੇ ਪ੍ਰਧਾਨ/ਰਾਸ਼ਟਰਪਤੀ ਵੱਲੋਂ ਕੀਤੀ ਜਾਂਦੀ ਹੈ।

ਜ਼ਿਕਰਯੋਗ ਹੈ ਕਿ ਭਾਰਤ ਦਾ ਚੋਣ ਕਮਿਸ਼ਨ ਭਾਰਤ ਦੇ ਰਾਸ਼ਟਰਪਤੀ, ਉੱਪ ਰਾਸ਼ਟਰਪਤੀ, ਸੰਸਦ ਅਤੇ ਰਾਜ ਵਿਧਾਨ ਸਭਾਵਾਂ/ਪ੍ਰੀਸ਼ਦਾਂ ਦੀਆਂ ਨਿਰਪੱਖ ਚੋਣਾਂ ਕਰਵਾਉਣ ਤੋਂ ਇਲਾਵਾ ਰਾਜਨੀਤਿਕ ਪਾਰਟੀਆਂ ਨੂੰ ਮਾਨਤਾ ਦੇਣ ਜਾਂ ਮਾਨਤਾ ਰੱਦ ਕਰਨ, ਚੋਣ ਲੜ ਰਹੇ ਉਮੀਦਵਾਰਾਂ ਦੇ ਨਾਂਵਾਂ ਨੂੰ ਪ੍ਰਵਾਨਗੀ ਦੇਣੀ, ਚੋਣ ਨਿਸ਼ਾਨ ਅਲਾਟ ਕਰਨੇ, ਚੋਣਾਂ ਕਰਵਾਉਣੀਆਂ, ਆਦਰਸ਼ ਚੋਣ ਜਾਬਤਾ ਲਾਗੂ ਕਰਨਾ, ਚੋਣ ਨਤੀਜਿਆਂ ਦਾ ਐਲਾਨ ਕਰਨਾ ਆਦਿ ਮਹੱਤਵਪੂਰਨ ਮਾਮਲਿਆਂ ਬਾਰੇ ਚੋਣ ਕਮਿਸ਼ਨ ਦੀ ਲੋਕਾਂ ਵਿੱਚ ਭਰੋਸੇਯੋਗਤਾ ਬਣਾਈ ਰੱਖਣੀ ਲਾਜ਼ਮੀ ਹੈ। ਦੇਖਣਾ ਹੋਵੇਗਾ ਕਿ ਜਦੋਂ ਲੋਕ ਈ.ਵੀ.ਐਮ. ਦੀ ਬਜਾਏ ਬੈਲਟ ਪੇਪਰ ਰਾਹੀਂ ਚੋਣਾਂ ਕਰਵਾਉਣ ਅਤੇ ਚੋਣ ਚੰਦਾ (ਇਲੈਕਟੋਰਲ ਬਾਂਡ) ਸਕੀਮ ਨੂੰ ਬੰਦ ਕਰਵਾਉਣ ਲਈ ਸੜਕਾਂ ਉੱਤੇ ਆ ਕੇ ਪ੍ਰਦਸ਼ਨ ਕਰ ਰਹੇ ਹਨ, ਪਰ ਹਾਕਮ ਧਿਰ ਇਨ੍ਹਾਂ ਨੂੰ ਚਾਲੂ ਰੱਖਣ ਲਈ ਬਜ਼ਿੱਦ ਹੈ। ਨਿਸਚੇ ਹੀ ਚੋਣ ਕਮਿਸ਼ਨ ਦੀ ਭਰੋਸੇਯੋਗਤਾ ਦਾਅ ਉੱਤੇ ਹੈ, ਖਾਸ ਤੌਰ 'ਤੇ ਉਸ ਵੇਲੇ ਜਦੋਂ ਵੀ-ਡੈਮ ਖੋਜ ਪ੍ਰੋਜੈਕਟ ਵੱਲੋਂ ਦੁਨੀਆਂ ਦੇ ਵੱਖ-ਵੱਖ ਲੋਕਤੰਤਰੀ ਦੇਸ਼ਾਂ ਦੇ ਸਬੰਧ ਵਿਚ ਜਾਰੀ ਤਾਜਾ ਰਿਪੋਰਟ 'ਇਲੈਕਟੋਰਲ ਡੈਮੋਕਰੇਸੀ ਇੰਡੈਕਸ' ਵਿਚ ਭਾਰਤ 108ਵੇਂ ਨੰਬਰ ਉੱਤੇ ਹੈ।



# ਖਾਹਿਸ਼ਾਂ ਦਾ ਚੱਕਰਵਿਊ ਅਤੇ ਪੁਰਸਕੂਨ ਜ਼ਿੰਦਗੀ ਦੀ ਭਾਲ

**ਖ਼ਵਾਹਿਸ਼ਾਂ ਕਦੇ ਵੀ ਕਿਸੇ ਦੀਆਂ ਪੂਰੀਆਂ ਨਹੀਂ ਹੁੰਦੀਆਂ, ਸਗੋਂ ਇੱਕ ਖ਼ਵਾਹਿਸ਼ ਪੂਰੀ ਹੋਣ 'ਤੇ ਦੂਜੀ ਪੈਦਾ ਹੋ ਜਾਂਦੀ ਹੈ ਅਤੇ ਇੰਜ ਬੰਦਾ ਖ਼ਵਾਹਿਸ਼ਾਂ ਪੂਰੀਆਂ ਕਰਦਾ ਕਰਦਾ ਤਾਉਮਰ ਲਾਲਸਾ ਦੀ ਉਲਝਣ ਵਿੱਚ ਫਸਿਆ ਰਹਿੰਦਾ ਹੈ ਤੇ ਆਪਣੀ ਜ਼ਿੰਦਗੀ ਦਾ ਸਕੂਲ ਗਵਾ ਬੈਠਦਾ ਹੈ; ਇਨਸਾਨੀ ਰਿਸ਼ਤਿਆਂ ਤੋਂ ਖ਼ੁਦ ਨੂੰ ਮਹਿਰੂਮ ਕਰ ਲੈਂਦਾ ਹੈ ਅਤੇ ਕਾਇਨਾਤ ਦੇ ਸਾਰੇ ਸੁੱਖ-ਅਰਾਮ ਤੇ ਖ਼ੁਸ਼ੀਆਂ ਆਪਣੀ ਛੋਟੀ ਜਿਹੀ ਝੋਲੀ ਵਿੱਚ ਪਾਉਣ ਲਈ ਤਤਪਰ ਰਹਿੰਦਾ ਹੈ। ਹਥਲੇ ਲੇਖ ਵਿੱਚ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਨੇ ਇਸ ਨੂੰ ਅਣਜਾਣ ਖ਼ੁਸ਼ੀਆਂ ਲਈ ਮ੍ਰਿਗ ਤ੍ਰਿਸ਼ਨਾ ਦਾ ਸ਼ਿਕਾਰ ਹੋ ਜਾਣਾ ਮੰਨਿਆ ਹੈ। ਉਨ੍ਹਾਂ ਠੀਕ ਹੀ ਲਿਖਿਆ ਹੈ ਕਿ ਆਪਣੇ ਹਾਸੇ ਅਤੇ ਦਿਲ ਦਾ ਚੈਨ ਗਵਾ ਕੇ ਕੋਈ ਵੀ ਵਿਅਕਤੀ ਸਫ਼ਲਤਾ ਦੇ ਸਿਖ਼ਰ ਉੱਪਰ ਪਹੁੰਚ ਕੇ ਵੀ ਕਦੇ ਖ਼ੁਸ਼ ਨਹੀਂ ਰਹਿ ਸਕਦਾ; ਪਰ ਸਿਦਕ, ਸਬਰ, ਸ਼ੁਕਰ ਅਤੇ ਸਹਿਜ ਦੇ ਰਸਤੇ ਉੱਪਰ ਚਲਣ ਵਾਲੇ ਲੋਕ ਹਰ ਹਾਲ ਵਿੱਚ ਖ਼ੁਸ਼ ਅਤੇ ਪੁਰਸਕੂਨ ਰਹਿਣ ਦਾ ਹੁਨਰ ਰੱਖਦੇ ਹਨ। ਪੇਸ਼ ਹੈ, ਨਸੀਹਤ ਭਰਪੂਰ ਇਹ ਲੇਖ...**

## ਸੱਚੋ-ਸੱਚ

**ਡਾ. ਅਰਵਿੰਦਰ ਸਿੰਘ ਭੱਲਾ**
**ਫੋਨ: +91-9463062603**



ਇਨਸਾਨ ਦੇ ਖ਼ਵਾਬਾਂ ਅਤੇ ਹਸਰਤਾਂ ਦੀ ਫਹਿਰਿਸਤ ਬੜੀ ਲੰਮੀ ਹੁੰਦੀ ਹੈ। ਸੁੱਖ ਤੇ ਖੁਸ਼ੀ ਦੇ ਅਸਲ ਅਰਥਾਂ ਤੋਂ ਬੇਖ਼ਬਰ ਮਨੁੱਖ ਨੂੰ ਉਸ ਦੀ ਬੇਕਰਾਰੀ ਨਾ ਤਾਂ ਕਿਤੇ ਠਹਿਰਨ ਦਿੰਦੀ ਹੈ ਅਤੇ ਨਾ ਹੀ ਉਸ ਨੂੰ ਆਪਣੇ ਨੁਕਤਾ-ਏ-ਨਿਗਾਹ ਤੇ ਅਮਲਾਂ ਨੂੰ ਦੁਰਸਤ ਕਰਨ ਦਿੰਦੀ ਹੈ। ਜਦੋਂ ਕੋਈ ਸ਼ਖ਼ਸ ਖ਼ਵਾਹਿਸ਼ਾਂ ਦੀ ਮੰਝਧਾਰ ਵਿੱਚ ਫ਼ਸਣ ਪਿਛੋਂ ਸਕੂਨ ਦੇ ਸਾਹਿਲ ਦੀ ਖੋਜ ਵਿੱਚ ਨਿਕਲਦਾ ਹੈ ਤਾਂ ਖ਼ਵਾਬਾਂ ਦੇ ਚੱਕਰਵਿਊ ਵਿੱਚੋਂ ਬਾਹਰ ਨਿਕਲਣ ਦੇ ਹੁਨਰ ਤੋਂ ਅਣਜਾਣ ਮਨੁੱਖ ਆਪਣੇ ਆਪ ਨੂੰ ਬੇਬੱਸ ਅਤੇ ਲਾਚਾਰ ਮਹਿਸੂਸ ਕਰਦਾ ਹੈ। ਆਪਣੀ ਹਯਾਤੀ ਦੌਰਾਨ ਅਧੂਰੇਪਣ ਦਾ ਸੰਤਾਪ ਹੰਢਾਉਂਦੇ ਹੋਏ ਮਨੁੱਖ ਆਪਣੀ ਤਕਦੀਰ ਦੀ ਪਹਿਲਾਂ ਤੋਂ ਤੈਅਸ਼ੁਦਾ ਤਹਿਰੀਰ ਨੂੰ ਬਦਲਣ ਦੀ ਜੁਸਤਜੂ ਵਿੱਚ ਭਟਕਦੇ ਹੋਏ ਤਉਮਰ ਦਰ-ਬਦਰ ਜ਼ਲੀਲ-ਓ-ਖ਼ੁਆਰ ਹੁੰਦਾ ਹੈ। ਮ੍ਰਿਗ ਤ੍ਰਿਸ਼ਨਾ ਦਾ ਸ਼ਿਕਾਰ ਮਨੁੱਖ ਅਣਜਾਣ ਖੁਸ਼ੀਆਂ ਦੇ ਕਿਸੇ ਜਜ਼ੀਰੇ ਦੀ ਤਲਾਸ਼ ਵਿੱਚ ਆਪਣੇ ਹੱਥੀਂ ਆਪਣਾ ਸਹਿਜ ਤੇ ਸਕੂਨ ਭੰਗ ਕਰਕੇ ਕਦੇ ਆਪਣੇ ਆਸ-ਪਾਸ ਦੇ ਲੋਕਾਂ, ਕਦੇ ਦੋਸਤਾਂ, ਕਦੇ ਰਕੀਬਾਂ, ਕਦੇ ਮੁਕੱਦਰਾਂ ਅਤੇ ਕਦੇ ਫ਼ਿਰ ਆਪਣੇ ਉਸ ਸੋਹਣੇ ਰੱਬ ਨੂੰ ਦੋਸ਼ ਦਿੰਦਾ ਹੈ। 'ਦੁਨੀਆਂ ਭਰ ਦੀਆਂ ਖੁਸ਼ੀਆਂ ਉਸ ਦੀ ਦਸਤਰਸ ਵਿੱਚ ਹੋਣ' ਬਸ ਮਨੁੱਖ ਦੀ ਇਹ ਹੀ ਸੋਚ ਇੱਕ ਦਿਨ ਉਸ ਦੇ ਜ਼ਵਾਲ ਦਾ ਕਾਰਨ ਬਣਦੀ ਹੈ। ਜੇ ਸਾਰੇ ਵਰਤਾਰੇ ਨੂੰ ਜ਼ਰਾ ਕੁ ਗੌਰ ਨਾਲ ਵਿਚਾਰਿਆ ਜਾਵੇ ਤਾਂ ਇਹ ਸਹਿਜੇ ਹੀ ਸਪੱਸ਼ਟ ਹੋ ਜਾਂਦਾ ਹੈ- ਇਹ ਕੋਈ ਜਰੂਰੀ ਨਹੀਂ ਹੈ ਕਿ ਇਨਸਾਨ ਦੀ ਛੋਟੀ ਜਿਹੀ ਝੋਲੀ ਵਿੱਚ ਇਸ ਕਾਇਨਾਤ ਦੇ ਸਾਰੇ ਸੁੱਖ-ਅਰਾਮ ਅਤੇ ਖੁਸ਼ੀਆਂ ਸਮਾ ਜਾਣ। ਇਹ ਵੀ ਇੱਕ ਸਦੀਵੀਂ ਸੱਚਾਈ ਹੈ ਕਿ ਇਸ ਜ਼ਿੰਦਗੀ ਵਿੱਚ ਬਹੁਤ ਕੁਝ ਹਾਸਲ ਕਰਨ ਪਿਛੋਂ ਵੀ ਹੋਰ ਬਹੁਤ ਕੁਝ ਹਾਸਲ ਕਰਨ ਦੀ ਤਮੰਨਾ ਰਹਿੰਦੀ ਹੈ ਅਤੇ ਇਸੇ ਤਰ੍ਹਾਂ ਹਸਰਤਾਂ ਦੇ ਸੈਲਾਬ ਦੇ ਬੇਰਹਿਮ ਵਹਾਉ ਵਿੱਚ ਵਹਿੰਦੇ ਹੋਏ ਇਨਸਾਨ ਇੱਕ ਦਿਨ ਇਸ ਫ਼ਾਨੀ ਸੰਸਾਰ ਤੋਂ ਸਦਾ ਲਈ ਕੂਚ ਕਰ ਜਾਂਦਾ ਹੈ।

ਹਰ ਪੁਰਕਸ਼ਿਸ਼ ਸ਼ੈਅ ਨੂੰ ਭੋਗਣ ਜਾਂ ਆਪਣੀ ਗ੍ਰਿਫ਼ਤ ਵਿੱਚ ਰੱਖਣ ਦੀ ਬੇਲਗਾਮ ਆਰਜ਼ੂ ਇਨਸਾਨ ਅੰਦਰ ਇੱਕ ਅਜਿਹੇ ਖ਼ਲਾਅ ਨੂੰ ਜਨਮ ਦਿੰਦੀ ਹੈ, ਜਿਸ ਦੀ ਭਰਪਾਈ ਕਦੇ ਵੀ ਕਿਸੇ ਸੂਰਤ ਵਿੱਚ ਮੁਮਕਿਨ ਦਿਖਾਈ ਨਹੀਂ ਦਿੰਦੀ ਹੈ। ਇਨਸਾਨ ਹਸਰਤਾਂ ਦੇ ਜੰਗਲ ਵਿੱਚ ਤਨਹਾ ਭਟਕਦੇ ਹੋਏ ਹੌਲੀ-ਹੌਲੀ ਹਰੇਕ ਖ਼ੁਸ਼ੀ, ਸਕੂਨ ਅਤੇ ਇਨਸਾਨੀ ਰਿਸ਼ਤਿਆਂ ਤੋਂ ਖ਼ੁਦ ਨੂੰ ਮਹਿਰੂਮ ਕਰ ਲੈਂਦਾ ਹੈ। ਮਨੁੱਖ ਇਹ ਭੁੱਲ ਹੀ ਜਾਂਦਾ ਹੈ ਕਿ ਹਵਸ ਦੀ ਭੱਠੀ ਵਿੱਚ ਉਸ ਨੂੰ ਇਕੱਲਿਆਂ ਹੀ ਸੜਨਾ ਨਹੀਂ ਪੈਂਦਾ, ਸਗੋਂ ਉਹ ਆਪਣੇ ਨਾਲ ਆਪਣੀ ਅਤੇ ਆਪਣੇ ਨਾਲ ਜੁੜੇ ਹੋਏ ਲੋਕਾਂ ਦੀ ਜ਼ਿੰਦਗੀ ਦੇ ਬੇਸ਼ੁਮਾਰ ਬੇਸ਼ਕੀਮਤੀ ਕਹਿਕਹਿਆਂ, ਛੋਟੀਆਂ-ਛੋਟੀਆਂ ਖੁਸ਼ੀਆਂ ਅਤੇ ਅਨਮੋਲ ਲਮਹਿਆਂ ਨੂੰ ਵੀ ਇਸ ਭੱਠੀ ਵਿੱਚ ਝੋਕ ਦਿੰਦਾ ਹੈ। ਇਹ ਆਪਣੇ ਆਪ ਵਿੱਚ ਕਿੰਨੀ ਹੈਰਤ ਦੀ ਗੱਲ ਹੈ ਕਿ ਸਾਡੇ ਤਾਲੀਮੀ ਅਦਾਰਿਆਂ, ਮਜ਼ਹਬੀ ਤਨਜ਼ੀਮਾਂ ਅਤੇ ਮੁਕੱਦਸ ਸਥਾਨਾਂ ਤੋਂ ਇਨਸਾਨ ਨੂੰ ਆਪਣੇ ਤਰਜ਼-ਏ-ਅਮਲ ਵੱਲ ਗੌਰ ਕਰਦੇ ਹੋਏ ਆਪਣੀ ਤਰਜ਼-ਏ-ਜ਼ਿੰਦਗੀ ਨੂੰ ਅਕਸਰ ਇਸ ਤਰ੍ਹਾਂ ਸੇਧ ਦੇਣ ਦਾ ਦਰਸ ਦਿੱਤਾ ਜਾਂਦਾ ਹੈ ਕਿ ਮਨੁੱਖ ਨੂੰ ਆਪਣੀ ਜ਼ਿੰਦਗੀ ਦੇ ਕਿਸੇ ਵੀ ਪੜਾਅ ਉੱਤੇ ਕਦੇ ਵੀ ਨਿਦਾਮਤ ਦੇ ਹੰਝੂ ਨਾ ਵਹਾਉਣੇ ਪੈਣ।

ਬਚਪਨ ਤੋਂ ਹੀ ਇਹ ਸਬਕ ਪੜ੍ਹਾਇਆ ਜਾਂਦਾ ਹੈ ਕਿ ਅਸੀਂ ਹਰ ਹਾਲ ਵਿੱਚ ਖ਼ੁਸ਼ ਅਤੇ ਪੁਰਸਕੂਨ ਰਹਿੰਦੇ ਹੋਏ ਹਰ ਪਲ ਖੁਦ ਨੂੰ ਮੁਤਮੀਨ ਮਹਿਸੂਸ ਕਰੀਏ, ਪਰ ਅਫ਼ਸੋਸ ਕਿ ਇਨਸਾਨ ਨਿੱਤ ਨਵੇਂ ਬਹੁਤ ਸਾਰੇ ਸਬਕ ਹਾਸਲ ਕਰਨ ਮਗਰੋਂ ਵੀ ਆਪਣੀ ਜ਼ਹਾਲਤ ਦਾ ਸ਼ਿਕਾਰ ਹੋ ਕੇ ਅਜਿਹੀਆਂ ਬੰਦ ਗਲੀਆਂ ਵੱਲ ਅੱਗੇ ਵਧਣ ਵਿੱਚ ਖੁਸ਼ੀ ਮਹਿਸੂਸ ਕਰਦਾ ਹੈ, ਜੋ ਉਸ ਨੂੰ ਕਿਤੇ ਵੀ ਨਹੀਂ ਪਹੁੰਚਾ ਪਾਉਂਦੀਆਂ ਹਨ। ਅਸਲ ਵਿੱਚ ਇਨਸਾਨ ਦੀ ਇਹ ਬੁਨਿਆਦੀ ਫ਼ਿਤਰਤ ਹੈ ਕਿ ਉਹ ਉੱਚੇ ਤੋਂ ਉੱਚਾ ਮਰਤਬਾ ਹਾਸਲ ਕਰਕੇ ਵੀ ਜਾਂ ਫਿਰ ਦੁਨੀਆਂ ਭਰ ਦੀ ਦੌਲਤ ਇਕੱਠੀ ਕਰਕੇ ਵੀ ਆਪਣੇ ਆਪ ਨੂੰ ਖਾਲੀ ਹੱਥ ਹੀ ਮਹਿਸੂਸ ਕਰਦਾ ਹੈ। ਉਸ ਦੀ ਦੌਲਤ, ਸ਼ੋਹਰਤ, ਤਾਕਤ, ਵੱਕਾਰ ਅਤੇ ਮਰਤਬਾ ਦੂਜਿਆਂ



ਨਾਲੋਂ ਉਸ ਨੂੰ ਕਿਸੇ ਹੱਦ ਤੱਕ ਵਕਤੀ ਤੌਰ ਉੱਪਰ ਮੁਨਫ਼ਰਿਦ ਮੁਕਾਮ ਤਾਂ ਪ੍ਰਦਾਨ ਕਰਦਾ ਹੈ, ਲੇਕਿਨ ਇਹ ਹਰਗਿਜ਼ ਜ਼ਰੂਰੀ ਨਹੀਂ ਕਿ ਇਹ ਸਭ ਕੁਝ ਹਾਸਲ ਕਰਨ ਮਗਰੋਂ ਇਨਸਾਨ ਦੇ ਅੰਦਰ ਵਿਸਮਾਦ ਜਾਂ ਖੇੜਾ ਵੀ ਪੈਦਾ ਹੋਵੇ। ਦਰਅਸਲ ਇਨਸਾਨ ਜਿਨ੍ਹਾਂ ਮਨਸੂਈ ਖੁਸ਼ੀਆਂ ਨੂੰ ਹਾਸਲ ਕਰਨ ਲਈ ਤੜਪਦਾ ਰਹਿੰਦਾ ਹੈ, ਅਸਲ ਵਿੱਚ ਉਹੋ ਹੀ ਉਸ ਦੇ ਧੁਰ ਅੰਦਰ ਮਹਿਰੂਮੀਅਤ ਅਤੇ ਗਮ ਦਾ ਅਹਿਸਾਸ ਪੈਦਾ ਕਰਦੀਆਂ ਹਨ। ਇਨ੍ਹਾਂ ਛਿਨ ਭਰ ਦੀਆਂ ਦਿਲ ਫ਼ਰੇਬ ਖ਼ੁਸ਼ੀਆਂ ਦੀ ਤਲਬ ਤੇ ਤਲਾਸ਼ ਮਨੁੱਖ ਨੂੰ ਨਾ ਤਾਂ ਕਦੇ ਆਰਾਮ ਨਾਲ ਬੈਠਣ ਦਿੰਦੀ ਹੈ ਅਤੇ ਨਾ ਹੀ ਉਸ ਨੂੰ ਉਨ੍ਹਾਂ ਖੁਸ਼ੀਆਂ ਨੂੰ ਮਾਨਣ ਦਿੰਦੀ ਹੈ, ਜਿਨ੍ਹਾਂ ਨੂੰ ਹਾਸਲ ਕਰਨ ਲਈ ਪਤਾ ਨਹੀਂ ਉਹ ਕਿੰਨਾ ਤੜਪਿਆ, ਉਦਾਸ ਤੇ ਪ੍ਰੇਸ਼ਾਨ ਰਿਹਾ ਹੁੰਦਾ ਹੈ।

ਜ਼ਰਾ ਸੋਚੋ ਕਿ ਜੇ ਅਸੀਂ ਲੋਕ ਸਾਰੀ ਉਮਰ ਆਪਣੀਆਂ ਖ਼ਵਾਹਿਸ਼ਾਂ ਦੇ ਇਸੇ ਤਰ੍ਹਾਂ ਗੁਲਾਮ ਬਣੇ ਰਹਾਂਗੇ ਤਾਂ ਫਿਰ ਜ਼ਿੰਦਗੀ ਨੂੰ ਕਦੋਂ ਜੀਅ ਪਾਵਾਂਗੇ? ਜੇ ਇਸੇ ਤਰ੍ਹਾਂ ਅਸੀਂ ਸਾਰੀ ਉਮਰ ਆਪਣੇ ਅਧੂਰੇ ਖ਼ਵਾਬਾਂ ਦਾ ਮਾਤਮ ਮਨਾਉਂਦੇ ਰਹਾਂਗੇ ਤਾਂ ਫਿਰ ਉਸ ਪਰਵਦਗਾਰ ਦੀਆਂ ਦਾਤਾਂ ਦਾ ਸ਼ੁਕਰਾਨਾ ਕਦੋਂ ਕਰਾਂਗੇ? ਜੇ ਇਸੇ ਤਰ੍ਹਾਂ ਸਾਡੀ ਜ਼ਿੰਦਗੀ ਹੇਰਵਿਆਂ, ਵਸਵਸਿਆਂ ਅਤੇ ਅੰਦੇਸ਼ਿਆਂ ਵਿੱਚ ਗੁਜ਼ਰ ਗਈ ਤਾਂ ਫਿਰ ਆਪਣਿਆਂ ਦੇ ਸੰਗ ਮਿਲ ਬੈਠ ਕੇ ਸੁੱਖ-ਦੁੱਖ ਕਦੋਂ ਸਾਂਝੇ ਕਰਾਂਗੇ? ਜੇ ਇਸੇ ਤਰ੍ਹਾਂ ਹਰੇਕ ਅੱਗੇ ਆਪਣੀ ਖਾਲੀ ਝੋਲੀ ਦਾ ਰੋਣਾ ਰੋਂਦੇ ਰਹਾਂਗੇ ਤਾਂ ਫਿਰ ਕੁਦਰਤ ਨੇ ਜਿਨ੍ਹਾਂ ਨਿਆਮਤਾਂ ਨਾਲ ਸਾਨੂੰ ਨਿਵਾਜਿਆ ਹੈ, ਉਨ੍ਹਾਂ ਨਿਆਮਤਾਂ ਦਾ ਲੁਤਫ਼ ਕਦੋਂ ਲਵਾਂਗੇ? ਜੇ ਇਸੇ ਤਰ੍ਹਾਂ ਨਾਸ਼ੁਕਰੇ ਬਣ ਕੇ ਅਸੀਂ ਆਪਣੀ ਜ਼ਿੰਦਗੀ ਜਿਊਂਦੇ ਰਹੇ ਤਾਂ ਫਿਰ ਮਰ ਕੇ ਵੀ ਸੁਰਖ਼ੁਰੂ ਕਿਦਾਂ ਹੋਵਾਂਗੇ? ਜੇ ਇਸੇ ਤਰ੍ਹਾਂ ਦੇ ਜਿਊਣ ਨੂੰ ਅਸੀਂ ਜ਼ਿੰਦਗੀ ਸਮਝ ਲਿਆ ਤਾਂ ਫਿਰ ਉਸ ਸੋਹਣੇ ਰੱਬ ਨੂੰ ਕੀ ਮੂੰਹ ਦਿਖਾਵਾਂਗੇ? ਜੇ ਇਸੇ ਤਰ੍ਹਾਂ ਪਲ ਭਰ ਦੀਆਂ ਖੁਸ਼ੀਆਂ ਨੂੰ ਹਾਸਲ ਨਾ ਕਰਨ ਕਰਕੇ ਅਸੀਂ ਮਾਯੂਸੀ ਦੇ ਆਲਮ ਵਿੱਚ ਰਹਾਂਗੇ ਤਾਂ ਫਿਰ ਜ਼ਿੰਦਗੀ ਦੀ ਕਦਰ ਨੂੰ ਕਦੋਂ ਜਾਣਾਂਗੇ? ਅਤੇ ਜੇ ਇਸੇ ਤਰ੍ਹਾਂ ਉਤੇਜਨਾ ਭਰੀ, ਬੇਚੈਨ ਅਤੇ ਬੇਸਕੂਨ ਜ਼ਿੰਦਗੀ ਵਿੱਚ ਅਸੀਂ ਦਿਲ ਨੂੰ ਸਕੂਨ ਜਾਂ ਰਾਹਤ ਪ੍ਰਦਾਨ ਕਰਨ ਵਾਲੇ ਕੁਝ ਪਲਾਂ ਦੀ ਤਲਾਸ਼ ਨਾ ਕੀਤੀ ਤਾਂ ਤਉਮਰ ਜਮਾਂ-ਘਟਾਉ ਦੇ ਸਮੀਕਰਣਾਂ ਵਿੱਚ ਅਸੀਂ ਸਭ ਸਦਾ ਉਲਝੇ ਰਹਾਂਗੇ।

ਸੱਚ ਜਾਣਿਓ! ਬੇਸ਼ੱਕ ਕਿਸੇ ਵੀ ਸ਼ਖ਼ਸ ਲਈ ਆਪਣੇ ਜ਼ਮੀਰ ਦੇ ਕਟਹਿਰੇ ਵਿੱਚ ਖੜ੍ਹੇ ਹੋ ਕੇ ਆਪਣੀ ਨਫ਼ਸ ਨਾਲ ਲੜਦੇ ਹੋਏ ਆਪਣੇ ਅੰਦਰੋਂ ਆਪਣੇ-ਆਪ ਨੂੰ ਤਲਾਸ਼ ਕਰਨ ਦਾ ਸਫ਼ਰ ਬੇਹੱਦ ਦੁਸ਼ਵਾਰ, ਤਵੀਲ ਅਤੇ ਤਕਲੀਫ਼ਦੇਹ ਹੁੰਦਾ ਹੈ, ਲੇਕਿਨ ਆਪਣੀ ਹਵਸ ਦੇ ਗੁਲਾਮ ਲੋਕਾਂ ਲਈ ਇਹ ਸਫ਼ਰ ਤੈਅ ਕਰਨਾ ਹੋਰ ਵੀ ਮੁਸ਼ਕਲ ਹੁੰਦਾ ਹੈ। ਯਾਦ ਰਹੇ, ਉਸ ਸਮੇਂ ਤੱਕ ਬਹੁਤ ਦੇਰ ਹੋ ਚੁੱਕੀ ਹੋਵੇਗੀ, ਜਦੋਂ ਕਦੇ ਸਾਨੂੰ ਇਹ ਅਹਿਸਾਸ ਹੋਵੇਗਾ ਕਿ ਜ਼ਿੰਦਗੀ ਇੱਕ ਅਨਮੋਲ ਦਾਤ ਸੀ ਅਤੇ ਅਸੀਂ ਆਪਣੀ ਬੇਸਮਝੀ ਵਿੱਚ ਇਸ ਨੂੰ ਕੌਡੀਆਂ ਦੇ ਭਾਅ ਅਜਾਈਂ ਗੁਆ ਦਿੱਤਾ। ਲਿਹਾਜ਼ਾ ਵਕਤ ਰਹਿੰਦਿਆਂ ਸਾਨੂੰ ਆਪਣੀ ਜ਼ਿੰਦਗੀ ਨੂੰ ਅਧੂਰੀਆਂ ਖਾਹਿਸ਼ਾਂ ਦੇ ਹੇਰਵੇ ਤੋਂ ਜਲਦ ਤੋਂ ਜਲਦ ਆਜ਼ਾਦ ਕਰਨ ਦਾ ਕੋਈ ਯਤਨ ਕਰਨਾ ਚਾਹੀਦਾ ਹੈ ਅਤੇ ਛੋਟੀਆਂ-ਛੋਟੀਆਂ ਖੁਸ਼ੀਆਂ ਦੀ ਕਦਰ ਪਛਾਣਦੇ ਹੋਏ ਬੰਦ ਗਲੀਆਂ ਤੋਂ ਬਾਹਰ ਆ ਕੇ ਜ਼ਿੰਦਗੀ ਦਾ ਪੁਰਜੋਸ਼ ਢੰਗ ਨਾਲ ਅਨੰਦ ਮਾਨਣ ਦਾ ਹੁਨਰ ਸਿੱਖਣਾ ਚਾਹੀਦਾ ਹੈ। ਅਸੀਂ ਜੇ ਹਰ ਮੈਦਾਨ ਫ਼ਤਿਹ ਕਰਕੇ ਵੀ ਖ਼ੁਦ ਨੂੰ ਤਨਹਾ ਜਾਂ ਖਾਲੀ ਹੱਥ ਮਹਿਸੂਸ ਕਰਦੇ ਰਹਾਂਗੇ ਤਾਂ ਸਾਡੇ ਲਈ ਇਹ ਬੇਹੱਦ ਜ਼ਰੂਰੀ ਹੈ ਕਿ ਅਸੀਂ ਕਿਤੇ ਸ਼ਾਂਤਚਿੱਤ ਬੈਠ ਕੇ ਆਪਣੀ ਜ਼ਿੰਦਗੀ ਦੀਆਂ ਤਰਜ਼ੀਹਾਂ ਦੀ ਤਰਤੀਬ ਨੂੰ ਇਸ ਤਰ੍ਹਾਂ ਦੁਰਸਤ ਕਰੀਏ ਕਿ ਸਾਡੇ ਲਈ ਆਪਣੇ ਦਿਲ ਦਾ ਸਕੂਨ ਅਤੇ ਰੂਹ ਦਾ ਖੇੜਾ ਸਭ ਤੋਂ ਵੱਧ ਅਹਿਮੀਅਤ ਰੱਖੇ। ਸਾਨੂੰ ਇਸ ਅਹਿਮ ਸੱਚਾਈ ਨੂੰ ਤਹਿ ਦਿਲੋਂ ਤਸਲੀਮ ਕਰਨਾ ਚਾਹੀਦਾ ਹੈ ਕਿ ਆਪਣੇ ਹਾਸੇ ਅਤੇ ਦਿਲ ਦਾ ਚੈਨ ਗਵਾ ਕੇ ਕੋਈ ਵੀ ਵਿਅਕਤੀ ਸਫ਼ਲਤਾ ਦੇ ਸਿਖ਼ਰ ਉੱਪਰ ਪਹੁੰਚ ਕੇ ਵੀ ਕਦੇ ਖੁਸ਼ ਨਹੀਂ ਰਹਿ ਸਕਦਾ ਹੈ।

ਸਾਨੂੰ ਇਹ ਨਿਰੰਤਰ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ ਕਿ ਅਸੀਂ ਕਦੇ ਵੀ ਆਪਣੀਆਂ ਖਾਹਿਸ਼ਾਂ ਨੂੰ ਆਪਣੇ ਦਿਲ ਦੇ ਸਕੂਨ ਨਾਲ ਖਿਲਵਾੜ ਕਰਨ ਦੀ ਇਜਾਜ਼ਤ ਨਾ ਦੇਈਏ। ਜੇ ਅਸੀਂ ਆਪਣੇ ਧੁਰ ਅੰਦਰੋਂ ਖੁਸ਼ ਅਤੇ ਮੁਤਮੀਨ ਨਹੀਂ ਤਾਂ ਫਿਰ ਹੁਣ ਤੱਕ ਦੀਆਂ ਸਾਡੀਆਂ ਸਾਰੀਆਂ ਪ੍ਰਾਪਤੀਆਂ ਅਤੇ ਸਫ਼ਲਤਾਵਾਂ ਬੇਮਾਇਨੇ ਹਨ। ਇਸ ਗੱਲ ਦਾ ਸਾਨੂੰ ਹਮੇਸ਼ਾ ਅਹਿਸਾਸ ਰਹੇ ਕਿ ਸਾਡੀ ਜ਼ਿੰਦਗੀ ਦਾ ਹਰ ਲਮਹਾ ਬੇਸ਼ਕੀਮਤੀ ਹੈ ਅਤੇ ਜੇ ਹੋ ਸਕੇ ਤਾਂ ਆਪਣੀ ਜ਼ਿੰਦਗੀ ਦੇ ਹਰ ਪਲ ਨੂੰ ਸਾਨੂੰ ਇਸ ਤਰ੍ਹਾਂ ਜਿਊਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਪਰਵਦਗਾਰ ਨੇ ਜਿਨ੍ਹਾਂ ਖੁਸ਼ੀਆਂ, ਨਿਆਮਤਾਂ ਅਤੇ ਬਰਕਤਾਂ ਨਾਲ ਸਾਨੂੰ ਨਿਵਾਜਿਆ ਹੈ, ਅਸੀਂ ਉਨ੍ਹਾਂ ਬਰਕਤਾਂ ਲਈ ਆਪਣੇ ਸੋਹਣੇ ਰੱਬ ਦਾ ਸ਼ੁਕਰ ਮਨਾਉਂਦੇ ਹੋਏ ਉਨ੍ਹਾਂ ਖੁਸ਼ੀਆਂ ਦਾ ਭਰਪੂਰ ਸਵਾਗਤ ਕਰਦਿਆਂ ਅਨੰਦ ਮਾਣੀਏ।

ਸਾਡੀਆਂ ਜਿਹੜੀਆਂ ਖਾਹਿਸ਼ਾਂ ਅਜੇ ਤੱਕ ਪੂਰੀਆਂ ਨਹੀਂ ਹੋਈਆਂ, ਉਨ੍ਹਾਂ ਦੀ ਵਜ੍ਹਾ ਕਰਕੇ ਕਦੇ ਵੀ ਮਾਯੂਸ ਜਾਂ ਪ੍ਰੇਸ਼ਾਨ ਨਾ ਹੋਈਏ ਅਤੇ ਨਾ ਹੀ ਆਪਣੇ ਕਿਸੇ ਅਧੂਰੇਪਣ ਦੀ ਵਜ੍ਹਾ ਕਰਕੇ ਅਹਿਸਾਸ-ਏ-ਕਮਤਰੀ ਨੂੰ ਆਪਣੇ ਉੱਪਰ ਭਾਰੂ ਹੋਣ ਦੇਈਏ। ਜ਼ਿੰਦਗੀ ਦੀ ਸਭ ਤੋਂ ਵੱਡੀ ਪ੍ਰਾਪਤੀ ਜਾਂ ਸਭ ਤੋਂ ਵੱਡਾ ਪੁਰਸਕਾਰ ਇਹ ਹੀ ਹੈ ਕਿ ਅਸੀਂ ਸਿਰਜਣਾਤਮਕ ਜਾਂ ਰਚਨਾਤਮਕ ਅਤੇ ਸਕਾਰਾਤਮਕ ਨੁਕਤਾ-ਏ-ਨਜ਼ਰ ਰੱਖਦੇ ਹੋਏ ਇੱਕ ਪੁਰਸਕੂਨ ਜ਼ਿੰਦਗੀ ਗੁਜ਼ਾਰਨ ਦਾ ਹੁਨਰ ਸਿੱਖੀਏ ਅਤੇ ਹਵਸ ਦੀ ਭੱਠੀ ਦੇ ਸੇਕ ਤੋਂ ਹਮੇਸ਼ਾ ਦੂਰ ਰਹਿਣ ਵਿੱਚ ਸਫ਼ਲਤਾ ਹਾਸਲ ਕਰੀਏ; ਤੇ ਅਸੀਂ ਕਦੇ ਵੀ ਆਪਣੀ ਖਾਲੀ ਝੋਲੀ ਨੂੰ ਦੇਖ ਕੇ ਆਪਣਾ ਸਹਿਜ ਅਤੇ ਸਕੂਨ ਨਾ ਗਵਾਈਏ। ਉਹ ਨਿਰੰਕਾਰ ਬੜਾ ਬੇਅੰਤ ਹੈ, ਵਿਸ਼ਵਾਸ ਰੱਖੋ ਕਿ ਸਹੀ ਸਮਾਂ ਆਉਣ ਉੱਪਰ ਉਹ ਸਾਡੇ ਜਰਫ, ਲੋੜ, ਸੰਘਰਸ਼ ਅਤੇ ਘਾਲਣਾ ਨੂੰ ਦੇਖਦੇ ਹੋਏ ਸਾਨੂੰ ਕਿਸੇ ਸ਼ੈਅ ਦੀ ਤੋਟ ਮਹਿਸੂਸ ਨਹੀਂ ਹੋਣ ਦੇਵੇਗਾ। ਯਾਦ ਰਹੇ ਕਿ ਸਿਦਕ, ਸਬਰ, ਸ਼ੁਕਰ ਅਤੇ ਸਹਿਜ ਦੇ ਰਸਤੇ ਉੱਪਰ ਚਲਣ ਵਾਲੇ ਲੋਕ ਹਰ ਹਾਲ ਵਿੱਚ ਖ਼ੁਸ਼ ਅਤੇ ਪੁਰਸਕੂਨ ਰਹਿਣ ਦਾ ਹੁਨਰ ਰੱਖਦੇ ਹਨ।

---

### ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC**
**DBA Punjabi Parwaz**

**Address:**
827 E. Kings Row, Unit# 7,
Palatine, IL 60074

**Managed by:**
Anureet Kaur
Kuljeet Singh

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਅਤੇ ਈਮੇਲ: punjabiparwaz@gmail.com ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

ਬਲਵਿੰਦਰ ਸਿੰਘ (ਬੌਬ) ਸੰਧੂ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਸੰਨੀ ਧੂੜ (ਮਿਸ਼ੀਗਨ)
ਅੰਮ੍ਰਿਤਪਾਲ ਸਿੰਘ ਗਿੱਲ
ਦੀਦਾਰ ਸਿੰਘ ਧਨੋਆ
ਅਮਰਜੀਤ ਸਿੰਘ ਢੀਂਡਸਾ
ਬੇਅੰਤ ਸਿੰਘ ਬੋਪਾਰਾਏ
ਦਰਸ਼ਨ ਸਿੰਘ ਪੰਮਾ
ਬਲਵਿੰਦਰ ਸਿੰਘ ਚੱਠਾ
ਕਿਰਪਾਲ ਸਿੰਘ ਰੰਧਾਵਾ
ਅਜੈਬ ਸਿੰਘ ਲੱਖਣ
ਹਰਕੇਵਲ ਲਾਲੀ
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਅਮਨਦੀਪ ਸਿੰਘ ਕੁਲਾਰ
ਇੰਦਰ ਹੁੰਜਣ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਹਰਮੀਕ ਸਿੰਘ ਗਿਰਨ

Pizza Restaurant is for SALE at Low Price

ਘੱਟ ਕੀਮਤ ਉਤੇ ਪੀਜ਼ਾ ਰੈਸਟੋਰੈਂਟ ਵਿਕਾਊ ਹੈ



ਮੈਡੀਸਨ, ਵਿਸਕਾਨਸਿਨ ਤੋਂ ਸਿਰਫ਼ 20 ਮਿੰਟਾਂ ਦੀ ਦੂਰੀ 'ਤੇ

ਪੂਰੀ ਤਰ੍ਹਾਂ ਨਾਲ ਲੈਸ ਵਪਾਰਕ ਰਸੋਈ ਵਿੱਚ ਇੱਕ ਟੋਸਟ ਪੀ.ਓ.ਐਸ. ਰੈਂਟਲ, ਪੀਜ਼ਾ ਓਵਨ ਕਨਵੇਅਰ, ਵੂਲਕਨ ਇਲੈਕਟ੍ਰਿਕ ਓਵਨ, 2 ਟਰਬੋ ਸ਼ੈੱਫ ਓਵਨ, ਪ੍ਰੈਪ ਟੇਬਲ, ਮਿਕਸਰ, ਵਾਕ-ਇਨ ਕੂਲਰ, ਫ੍ਰੀਜ਼ਰ ਅਤੇ ਉਹ ਸਭ ਕੁਝ ਸ਼ਾਮਲ ਹੈ, ਜਿਸਦੀ ਤੁਹਾਨੂੰ ਪੀਜ਼ਾ ਕਾਰੋਬਾਰ ਵਿੱਚ ਲੋੜ ਹੈ। 1200 ਵਰਗ ਫੁੱਟ ਏਰੀਆ ਕਿਰਾਏ 'ਤੇ ਹੈ। ਪਹਿਲੇ ਦਿਨ ਤੋਂ ਹੀ ਸੁਆਦੀ ਪੀਜ਼ਾ ਦੀ ਸੇਵਾ ਜਾਰੀ ਰੱਖਣ ਲਈ ਤਿਆਰ

ਕੀਮਤ $95,000

ਸੰਪਰਕ ਕਰੋ: 562-600-0031

ਆਪਣੇ ਖੁਦ ਦੇ ਪੀਜ਼ਾ ਰੈਸਟੋਰੈਂਟ ਦੇ ਮਾਲਕ ਬਣਨ ਦਾ ਸੁਨਹਿਰੀ ਮੌਕਾ!

# ਆਰਟੀਫੀਸ਼ੀਅਲ ਇੰਟੈਲੀਜੈਂਸ ਬਹੁਤੀਆਂ ਨੌਕਰੀਆਂ ਨਹੀਂ ਲਵੇਗੀ: ਅਧਿਐਨ

ਦੁਨੀਆ ਭਰ ਦੇ ਖੋਜਕਰਤਾਵਾਂ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਕਾਰਨ ਛੇਤੀ ਹੀ ਨੌਕਰੀਆਂ ਦੇ ਨੁਕਸਾਨ ਦੀ ਉਮੀਦ ਹੈ, ਪਰ ਇੱਕ ਨਵੇਂ ਅਧਿਐਨ ਵਿੱਚ ਕਿਹਾ ਗਿਆ ਹੈ ਕਿ ਏ.ਆਈ. ਉਮੀਦ ਅਨੁਸਾਰ ਬਹੁਤੀਆਂ ਨੌਕਰੀਆਂ ਨਹੀਂ ਲੈ ਸਕਦੀ। ਐਮ.ਆਈ.ਟੀ. ਦੀ ਕੰਪਿਊਟਰ ਸਾਇੰਸ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਲੈਬਾਰਟਰੀ- ਸੀ.ਐਸ.ਏ.ਆਈ.ਐਲ. ਵੱਲੋਂ ਕਰਵਾਏ ਗਏ ਇੱਕ ਤਾਜ਼ਾ ਅਧਿਐਨ ਵਿੱਚ ਇਹ ਜਾਂਚ ਕੀਤੀ ਗਈ ਹੈ ਕਿ ਕੀ ਏ.ਆਈ. ਮਨੁੱਖਾਂ ਨਾਲੋਂ ਵਧੇਰੇ ਕੁਸ਼ਲਤਾ ਨਾਲ ਕੰਮ ਕਰ ਸਕਦੀ ਹੈ ਅਤੇ ਕੀ ਕਾਰੋਬਾਰਾਂ ਲਈ ਮਨੁੱਖੀ ਕਿਰਤ ਨੂੰ ਏ.ਆਈ. ਨਾਲ ਬਦਲਣਾ ਲਾਗਤ-ਪ੍ਰਭਾਵੀ ਸੀ?

ਅਧਿਐਨ ਨੇ ਲੇਬਰ ਮਾਰਕੀਟ ਵਿੱਚ ਏ.ਆਈ. ਲਾਗੂ ਕਰਨ ਦੇ ਵਿਆਪਕ ਪ੍ਰਭਾਵਾਂ ਨੂੰ ਧਿਆਨ ਵਿੱਚ ਰੱਖਿਆ। ਹਾਲਾਂਕਿ ਉਨ੍ਹਾਂ ਤਨਖਾਹਾਂ ਦਾ ਸਿਰਫ 23 ਪ੍ਰਤੀਸ਼ਤ, ਜੋ ਕਿ ਸਮੁੱਚੀ ਆਰਥਿਕਤਾ ਦੇ 0.4 ਪ੍ਰਤੀਸ਼ਤ ਦੇ ਬਰਾਬਰ ਹੈ, ਕੰਪਨੀਆਂ ਲਈ ਮੌਜੂਦਾ ਲਾਗਤਾਂ 'ਤੇ ਮਨੁੱਖੀ ਕਰਮਚਾਰੀਆਂ ਨੂੰ ਭਰਤੀ ਕਰਨ ਦੀ ਬਜਾਏ ਸਵੈਚਾਲਤ ਕਰਨ ਲਈ ਸਸਤਾ ਹੋਵੇਗਾ।

ਅਧਿਐਨ ਅਨੁਸਾਰ "ਪਤਾ ਲੱਗਾ ਹੈ ਕਿ ਅੱਜ ਦੀ ਲਾਗਤ 'ਤੇ ਯੂ.ਐਸ. ਕਾਰੋਬਾਰ ਜ਼ਿਆਦਾਤਰ ਵਿਜ਼ਨ ਟਾਸਕਾਂ ਨੂੰ ਸਵੈਚਾਲਤ ਨਾ ਕਰਨ ਦੀ ਚੋਣ ਕਰਨਗੇ, ਜਿਨ੍ਹਾਂ ਵਿੱਚ 'ਏ.ਆਈ. ਐਕਸਪੋਜ਼ਰ' ਹੈ, ਅਤੇ ਇਹ ਕਿ ਸਿਰਫ 23 ਪ੍ਰਤੀਸ਼ਤ ਕਰਮਚਾਰੀਆਂ ਦੀ ਦਿਹਾੜੀ, ਜੋ ਵਿਜ਼ਨ ਦੇ ਕੰਮਾਂ ਲਈ ਅਦਾ ਕੀਤੀ ਜਾ ਰਹੀ ਹੈ, ਆਟੋਮੇਟ ਕਰਨ ਲਈ ਆਕਰਸ਼ਕ ਹੋਵੇਗੀ।... ਕੁੱਲ ਮਿਲਾ ਕੇ ਖੋਜਾਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਏ.ਆਈ. ਨੌਕਰੀ ਦਾ ਵਿਸਥਾਪਨ ਕਾਫ਼ੀ ਹੋਵੇਗਾ, ਪਰ ਹੌਲੀ-ਹੌਲੀ ਅਤੇ ਇਸ ਲਈ (ਸਰਕਾਰੀ) ਨੀਤੀ ਅਤੇ ਬੇਰੁਜ਼ਗਾਰੀ ਦੇ ਪ੍ਰਭਾਵਾਂ ਨੂੰ ਘਟਾਉਣ ਲਈ ਮੁੜ ਸਿਖਲਾਈ ਲਈ ਥਾਂ ਹੈ।"

ਅਧਿਐਨ ਵਿੱਚ 'ਵਿਜ਼ਨ ਟਾਸਕ' ਦੀਆਂ ਉਦਾਹਰਣਾਂ ਸ਼ਾਮਲ ਕੀਤੀਆਂ ਗਈਆਂ ਹਨ, ਜੋ ਏ.ਆਈ. ਪ੍ਰਾਪਤ ਕਰ ਸਕਦਾ ਹੈ, ਜਿਸ ਵਿੱਚ ਹਸਪਤਾਲ ਦੇ ਡਾਇਗਨੌਸਟਿਕ ਉਪਕਰਣਾਂ ਤੋਂ ਚਿੱਤਰਾਂ ਦਾ ਵਿਸ਼ਲੇਸ਼ਣ ਕਰਨਾ ਜਾਂ ਇਹ ਯਕੀਨੀ ਬਣਾਉਣ ਲਈ ਟ੍ਰੇਆਂ ਦੀ ਜਾਂਚ ਕਰਨਾ ਸ਼ਾਮਲ ਹੈ ਕਿ ਉਨ੍ਹਾਂ ਵਿੱਚ ਸਹੀ ਚੀਜ਼ਾਂ ਹਨ।

ਖੋਜਕਰਤਾਵਾਂ ਨੇ ਕਰਮਚਾਰੀਆਂ ਨੂੰ ਉਨ੍ਹਾਂ ਦੇ ਕੰਮਾਂ ਦਾ ਹਿੱਸਾ ਨਿਰਧਾਰਤ ਕਰਨ ਲਈ ਸਰਵੇਖਣ ਕੀਤਾ, ਜੋ ਕੰਪਿਊਟਰ ਵਿਜ਼ਨ ਦੁਆਰਾ ਪੂਰਾ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਬਾਅਦ ਵਿੱਚ ਲਾਗਤ-ਪ੍ਰਭਾਵ ਦਾ ਮੁਲੰਕਣ ਕਰਨ ਲਈ ਮਾਡਲ ਵਿਕਸਿਤ ਕੀਤੇ ਅਤੇ ਖੋਜ ਕੀਤੀ ਕਿ ਕਰਮਚਾਰੀਆਂ ਨੂੰ ਬਦਲਣ ਲਈ ਏ.ਆਈ. ਵਿਜ਼ੂਅਲ ਖੋਜ ਦੀ ਵਰਤੋਂ ਕਰਨਾ ਘੱਟ ਹੀ ਲਾਭਦਾਇਕ ਹੋਵੇਗਾ।

ਖੋਜਕਾਰਾਂ ਮੁਤਾਬਿਕ "ਸਾਨੂੰ ਪਤਾ ਲੱਗਦਾ ਹੈ ਕਿ ਮੱਧਮ ਕਰਮਚਾਰੀ ਇੱਕ ਫਰਮ ਵਿੱਚ ਕੰਮ ਕਰਦਾ ਹੈ, ਜਿੱਥੇ ਕੋਈ ਵੀ ਦ੍ਰਿਸ਼ਟੀ ਕਾਰਜ ਸਵੈਚਲਿਤ ਕਰਨ ਲਈ ਲਾਗਤ-ਪ੍ਰਭਾਵਸ਼ਾਲੀ ਨਹੀਂ ਹੁੰਦਾ। ਇੱਥੋਂ ਤੱਕ ਕਿ 5,000 ਕਰਮਚਾਰੀਆਂ ਵਾਲੀ ਇੱਕ ਫਰਮ ਅਰਥਾਤ ਯੂ.ਐਸ. ਵਿੱਚ ਫਰਮਾਂ ਦੇ 99.9 ਪ੍ਰਤੀਸ਼ਤ ਤੋਂ ਵੱਧ, ਮੌਜੂਦਾ ਲਾਗਤ ਢਾਂਚੇ ਵਿੱਚ ਆਪਣੇ ਮੌਜੂਦਾ ਵਿਜ਼ਨ ਲੇਬਰ ਦੇ ਦਸਵੇਂ ਹਿੱਸੇ ਤੋਂ ਘੱਟ ਲਾਗਤ-ਪ੍ਰਭਾਵਸ਼ਾਲੀ ਢੰਗ ਨਾਲ ਸਵੈਚਾਲਤ ਕਰ ਸਕਦੀ ਹੈ।"

ਅਧਿਐਨ ਵਿੱਚ ਮੰਨਿਆ ਗਿਆ ਹੈ ਕਿ ਏ.ਆਈ. ਦੀ ਲਾਗਤ ਸਮੇਂ ਦੇ ਨਾਲ ਘਟੇਗੀ, ਪਰ ਖੋਜਕਰਤਾ ਨਹੀਂ ਸੋਚਦੇ ਕਿ ਇਹ ਇਸ ਤਰ੍ਹਾਂ ਜਲਦੀ ਕਰੇਗਾ ਜਿਵੇਂ ਕਿ ਕੁਝ ਨੇ ਸੁਝਾਅ ਦਿੱਤਾ ਹੈ। ਉਨ੍ਹਾਂ ਨੇ ਇਹ ਵੀ ਭਵਿੱਖਬਾਣੀ ਕੀਤੀ ਕਿ ਏ.ਆਈ. ਨੂੰ ਇਸ ਕਿਸਮ ਦੇ ਪੇਸ਼ਿਆਂ 'ਤੇ ਵੱਡਾ ਪ੍ਰਭਾਵ ਪਾਉਣ ਲਈ ਕੁਝ ਸਮਾਂ ਲੱਗੇਗਾ।

QUALITY & SERVICE IS OUR SPECIALITY

Ashton AP Place



4 BALL ROOMS W/4 BRIDAL SUITES
CAPACITY UP TO 900 PEOPLE

WEDDINGS • CORPORATE EVENTS
FUNDRAISERS • FASHION SHOWS
MUSICAL SHOWS AND MUCH MORE!



FOR MORE INFO:
INFO@ASHTONPLACE.COM

630.789.3337 OR 630.677.9077

341 75TH STREET, WILLOWBROOK, IL 60527

# ਅੰਮ੍ਰਿਤ ਕੌਰ ਆਕਰੇ ਈ.ਈ.ਓ.ਸੀ. ਦੀ ਜ਼ਿਲ੍ਹਾ ਡਾਇਰੈਕਟਰ ਬਣੀ

**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਅੰਮ੍ਰਿਤ ਕੌਰ ਆਕਰੇ ਨੂੰ ਯੂ. ਐਸ. ਇਕੁਅਲ ਇੰਪਲੌਇਮੈਂਟ ਓਪਰਚੁਨਿਟੀ ਕਮਿਸ਼ਨ (ਈ.ਈ.ਓ.ਸੀ.) ਯਾਨਿ ਅਮਰੀਕੀ ਬਰਾਬਰ ਰੁਜ਼ਗਾਰ ਅਵਸਰ ਕਮਿਸ਼ਨ ਦੇ ਸ਼ਿਕਾਗੋ ਜ਼ਿਲ੍ਹੇ ਦੀ ਡਾਇਰੈਕਟਰ ਬਣਾਇਆ ਗਿਆ ਹੈ। ਫੈਡਰਲ ਏਜੰਸੀ ਨੇ ਐਲਾਨ ਕੀਤਾ ਹੈ ਕਿ ਅੰਮ੍ਰਿਤ ਕੌਰ ਆਕਰੇ ਈ.ਈ.ਓ.ਸੀ. ਸ਼ਿਕਾਗੋ ਜ਼ਿਲ੍ਹੇ ਦੀ ਨਵੀਂ ਡਾਇਰੈਕਟਰ ਵਜੋਂ ਕੰਮ ਕਰੇਗੀ। ਉਸ ਨੇ ਲੰਘੀ 29 ਜਨਵਰੀ ਨੂੰ ਆਪਣੇ ਅਹੁਦੇ ਦਾ ਹਲਫ ਲਿਆ। ਇਸ ਸਮੇਂ ਉਸ ਨੇ ਗੁਰਬਾਣੀ ਦੀਆਂ ਸਿੱਖਿਆਵਾਂ ਮੁਤਾਬਕ ਕੰਮ ਕਰਨ ਦਾ ਤਹੱਈਆ ਕੀਤਾ। ਬੀਬੀ ਆਕਰੇ ਨੇ ਹਾਲ ਹੀ ਵਿੱਚ ਸਿੱਖ ਕੁਲੀਸ਼ਨ ਲਈ ਕਾਨੂੰਨੀ ਨਿਰਦੇਸ਼ਕ ਵਜੋਂ ਸੇਵਾ ਨਿਭਾਈ ਹੈ।

ਈ.ਈ.ਓ.ਸੀ. ਦੀ ਚੇਅਰ ਸ਼ਾਰਲਟ ਏ. ਬਰੋਜ਼ ਵੱਲੋਂ ਜਾਰੀ ਬਿਆਨ ਅਨੁਸਾਰ ਬੀਬੀ ਆਕਰੇ ਕੋਲ ਸਿਰਜਣਾਤਮਕ ਸਮੱਸਿਆ ਹੱਲ ਕਰਨ, ਵਿਆਪਕ ਪ੍ਰਬੰਧਨ ਅਨੁਭਵ ਅਤੇ ਨਾਗਰਿਕ ਅਧਿਕਾਰਾਂ ਲਈ ਡੂੰਘੀ ਵਚਨਬੱਧਤਾ ਦਾ ਇੱਕ ਸਾਬਤ ਟਰੈਕ ਰਿਕਾਰਡ ਹੈ। ਉਨ੍ਹਾਂ ਕਿਹਾ ਕਿ ਮੈਨੂੰ ਖੁਸ਼ੀ ਹੈ ਕਿ ਉਹ (ਆਕਰੇ) ਈ.ਈ.ਓ.ਸੀ. ਦੇ ਸ਼ਿਕਾਗੋ ਜ਼ਿਲ੍ਹੇ ਵਿੱਚ ਸ਼ਾਮਲ ਹੋਵੇਗੀ।

ਇਸ ਮੌਕੇ ਬੀਬੀ ਆਕਰੇ ਨੇ ਕਿਹਾ, "ਮੇਰੇ ਕੋਲ ਈ.ਈ.ਓ.ਸੀ. ਅਤੇ ਸਾਰਿਆਂ ਲਈ ਬਰਾਬਰ ਰੁਜ਼ਗਾਰ ਦੇ ਮੌਕਿਆਂ ਨੂੰ ਅੱਗੇ ਵਧਾਉਣ ਦੇ ਇਸ ਮਿਸ਼ਨ ਲਈ ਅਥਾਹ ਸਤਿਕਾਰ ਹੈ ਅਤੇ ਮੈਂ ਸ਼ਿਕਾਗੋ ਜ਼ਿਲ੍ਹਾ ਡਾਇਰੈਕਟਰ ਨਿਯੁਕਤ ਕੀਤੇ ਜਾਣ ਲਈ ਧੰਨਵਾਦੀ ਹਾਂ।" ਉਸ ਨੇ ਪ੍ਰਭਾਵਸ਼ਾਲੀ ਤਬਦੀਲੀ ਲਿਆਉਣ ਅਤੇ ਆਪਣੇ ਅਧਿਕਾਰ ਖੇਤਰ ਵਿੱਚ ਗੈਰ-ਕਾਨੂੰਨੀ ਰੁਜ਼ਗਾਰ ਵਿਤਕਰੇ ਦਾ ਮੁਕਾਬਲਾ ਕਰਨ ਲਈ ਸ਼ਿਕਾਗੋ ਜ਼ਿਲ੍ਹੇ ਦੇ ਸਮਰਪਿਤ ਮੈਂਬਰਾਂ ਨਾਲ ਮਿਲ ਕੇ ਕੰਮ ਕਰਨ ਦੀ ਉਮੀਦ ਪ੍ਰਗਟਾਈ ਹੈ। ਉਸ ਨੇ ਕਿਹਾ, "ਮੈਂ ਵੱਖ-ਵੱਖ ਸਟਾਕਹੋਲਡਰ ਸਮੂਹਾਂ, ਨਾਗਰਿਕ ਅਧਿਕਾਰਾਂ ਤੇ ਹੋਰ ਪੇਸ਼ੇਵਰ ਸੰਸਥਾਵਾਂ ਅਤੇ ਕਰਮਚਾਰੀ ਤੇ ਰੁਜ਼ਗਾਰਦਾਤਾ ਭਾਈਚਾਰਿਆਂ ਦੇ ਮੈਂਬਰਾਂ ਤੋਂ ਇਹ ਜਾਣਨ ਲਈ ਵੀ ਉਤਸ਼ਾਹਿਤ ਹਾਂ ਕਿ ਸ਼ਿਕਾਗੋ ਡਿਸਟ੍ਰਿਕਟ ਦਫਤਰ ਉਨ੍ਹਾਂ ਦੀਆਂ ਲੋੜਾਂ ਨੂੰ ਸਭ ਤੋਂ ਵਧੀਆ ਢੰਗ ਨਾਲ ਕਿਵੇਂ ਪੂਰਾ ਕਰ ਸਕਦੇ ਹਨ। ਬੀਬੀ ਆਕਰੇ ਨੇ ਵਿਚਾਰ ਪ੍ਰਗਟਾਏ, "ਮੈਂ ਨਾਗਰਿਕ ਅਧਿਕਾਰਾਂ ਦੇ ਕੰਮ ਨਾਲ ਜੁੜੇ ਰਹਿਣ ਦੇ ਮੌਕੇ ਦੀ ਬਹੁਤ ਪ੍ਰਸ਼ੰਸਾ ਕਰਦੀ ਹਾਂ ਅਤੇ ਸ਼ਿਕਾਗੋ ਡਿਸਟ੍ਰਿਕਟ ਦੀ ਅੱਗੇ ਵਧਣ ਦੀ ਅਗਵਾਈ ਕਰਨ ਲਈ ਸਨਮਾਨਿਤ ਹਾਂ।"



ਸਹੁੰ ਚੁੱਕ ਸਮਾਗਮ ਦੌਰਾਨ ਅੰਮ੍ਰਿਤ ਕੌਰ ਆਕਰੇ ਆਪਣੇ ਮਾਪਿਆਂ ਅਤੇ ਫੀਲਡ ਮੈਨੇਜਮੈਂਟ ਪ੍ਰੋਗਰਾਮਾਂ ਦੇ ਨਿਰਦੇਸ਼ਕ ਥਾਮਸ ਕੋਲਕਲੋ ਨਾਲ

ਕਮਿਸ਼ਨ ਵਿੱਚ ਸ਼ਾਮਲ ਹੋਣ ਤੋਂ ਤੁਰੰਤ ਪਹਿਲਾਂ ਬੀਬੀ ਆਕਰੇ ਨੇ ਉੱਚ ਪ੍ਰਭਾਵ, ਕਾਰਜ ਸਥਾਨ 'ਤੇ ਵਿਤਕਰਾ, ਨਫ਼ਰਤ ਅਪਰਾਧ, ਸਕੂਲੀ ਵਿਤਕਰਾ, ਨਸਲੀ ਪ੍ਰੋਫਾਈਲਿੰਗ ਅਤੇ ਪੱਖਪਾਤ-ਆਧਾਰਤ ਨੀਤੀ ਮੁੱਦਿਆਂ ਵਰਗੇ ਖੇਤਰਾਂ ਵਿੱਚ ਪ੍ਰਣਾਲੀਗਤ ਮੁਕੱਦਮੇਬਾਜ਼ੀ ਦੇ ਮਾਮਲਿਆਂ 'ਤੇ ਕੇਂਦਰਿਤ ਇੱਕ ਰਾਸ਼ਟਰੀ ਨਾਗਰਿਕ ਅਧਿਕਾਰ ਅਭਿਆਸ ਦੀ ਅਗਵਾਈ ਕੀਤੀ। ਉਸ ਦੀ ਅਗਵਾਈ ਹੇਠ ਸਿੱਖ ਕੁਲੀਸ਼ਨ ਨੇ ਮਹੱਤਵਪੂਰਨ ਐਮੀਕਸ ਸੰਖੇਪਾਂ ਦਾ ਖਰੜਾ ਤਿਆਰ ਕੀਤਾ, ਜਿਸ ਵਿੱਚ ਸੁਪਰੀਮ ਕੋਰਟ ਦੁਆਰਾ ਆਪਣੇ ਸਭ ਤੋਂ ਤਾਜ਼ਾ ਧਾਰਮਿਕ ਰਿਹਾਇਸ਼ ਕੇਸ 'ਗ੍ਰੌਫ ਬਨਾਮ ਡੀਜੋਏ' ਵਿੱਚ ਹਵਾਲਾ ਦਿੱਤਾ ਗਿਆ ਸੀ। ਉਸ ਨੇ ਪਹਿਲਾਂ 11 ਸਾਲਾਂ ਤੋਂ ਵੱਧ ਸਮੇਂ ਲਈ ਸ਼ਿਕਾਗੋ ਵਿੱਚ ਕੁੱਕ ਕਾਉਂਟੀ ਸਟੇਟ ਦੇ ਅਟਾਰਨੀ ਦਫ਼ਤਰ ਵਿੱਚ ਇੱਕ ਵਕੀਲ ਵਜੋਂ ਵੀ ਸੇਵਾ ਨਿਭਾਈ। ਇਸ ਸਮੇਂ ਦੌਰਾਨ ਉਸ ਨੇ ਬਹਾਲ ਨਿਆਂ ਅਤੇ ਮੁੜ ਵਸੇਬਾ ਅਦਾਲਤਾਂ ਤੱਕ ਪਹੁੰਚ ਨੂੰ ਵਧਾਉਣ ਲਈ ਯਤਨਾਂ ਦਾ ਨਿਰਦੇਸ਼ ਦਿੱਤਾ।

ਇਸ ਸਮੇਂ ਬੀਬੀ ਆਕਰੇ ਇਲੀਨਾਏ ਦੇ ਏ.ਸੀ.ਐੱਲ.ਯੂ. ਤੇ ਸ਼ਿਕਾਗੋ ਦੀ ਦੱਖਣੀ ਏਸ਼ੀਅਨ ਬਾਰ ਐਸੋਸੀਏਸ਼ਨ (ਐੱਸ.ਏ.ਬੀ.ਏ.) ਲਈ ਬੋਰਡ ਆਫ਼ ਡਾਇਰੈਕਟਰਜ਼ ਅਤੇ ਅਮਰੀਕਨ ਬਾਰ ਐਸੋਸੀਏਸ਼ਨ ਦੇ ਧਾਰਮਿਕ ਲਿਬਰਟੀ ਸੈਕਸ਼ਨ ਲਈ ਲੀਡਰਸ਼ਿਪ ਕਮੇਟੀ ਵਿੱਚ ਕੰਮ ਕਰਦੀ ਹੈ। ਉਹ ਐੱਸ.ਏ.ਬੀ.ਏ. ਉੱਤਰੀ ਅਮਰੀਕਾ ਦੇ ਜਨਤਕ ਹਿੱਤ ਅਚੀਵਮੈਂਟ ਅਵਾਰਡ-2023 ਤੇ ਐੱਸ.ਏ.ਬੀ.ਏ. ਸ਼ਿਕਾਗੋ ਦੇ ਜਨਤਕ ਹਿੱਤ ਵਕੀਲ ਅਵਾਰਡ ਦੀ 2022 ਪ੍ਰਾਪਤਕਰਤਾ ਅਤੇ ਏਸ਼ੀਅਨ ਅਮਰੀਕਨ ਕੁਲੀਸ਼ਨ ਸ਼ਿਕਾਗੋ ਦੇ ਕਮਿਊਨਿਟੀ ਸਰਵਿਸ ਅਵਾਰਡ-2017 ਦੀ ਪ੍ਰਾਪਤਕਰਤਾ ਹੈ। ਉਸਨੇ ਸ਼ਿਕਾਗੋ ਕੌਂਸਲ ਆਨ ਗਲੋਬਲ ਅਫੇਅਰਜ਼ ਲਈ ਇੱਕ ਉਭਰਦੇ ਲੀਡਰਜ਼ ਫੈਲੋ ਵਜੋਂ ਵੀ ਕੰਮ ਕੀਤਾ ਹੈ।

ਬੀਬੀ ਆਕਰੇ ਨੇ ਜਾਰਜ ਵਾਸ਼ਿੰਗਟਨ ਯੂਨੀਵਰਸਿਟੀ ਤੋਂ ਅਪਲਾਈਡ ਸਾਇੰਸ ਤੇ ਟੈਕਨਾਲੋਜੀ ਇੰਜੀਨੀਅਰਿੰਗ ਅਤੇ ਅੰਗਰੇਜ਼ੀ ਸਾਹਿਤ ਵਿੱਚ ਦੋਹਰੀ ਬੈਚਲਰ ਡਿਗਰੀਆਂ ਹਾਸਲ ਕੀਤੀਆਂ ਹੋਈਆਂ ਹਨ। ਸਹੁੰ ਚੁੱਕ ਸਮਾਗਮ ਦੌਰਾਨ ਫੀਲਡ ਮੈਨੇਜਮੈਂਟ ਪ੍ਰੋਗਰਾਮਾਂ ਦੇ ਨਿਰਦੇਸ਼ਕ ਥਾਮਸ ਕੋਲਕਲੋ, ਆਕਰੇ ਦੇ ਮਾਤਾ-ਪਿਤਾ ਰਾਜਿੰਦਰਬੀਰ ਸਿੰਘ ਮਾਗੋ ਤੇ ਨਵਿੰਦਰ ਕੌਰ ਮਾਗੋ ਅਤੇ ਹੋਰ ਪਰਿਵਾਰਕ ਮੈਂਬਰ ਤੇ ਨੁਮਾਇੰਦੇ ਹਾਜ਼ਰ ਸਨ।

ਜ਼ਿਕਰਯੋਗ ਹੈ ਕਿ ਈ.ਈ.ਓ.ਸੀ. ਗੈਰ-ਕਾਨੂੰਨੀ ਰੁਜ਼ਗਾਰ ਭੇਦਭਾਵ ਨੂੰ ਰੋਕਦਾ ਹੈ ਤੇ ਉਪਾਅ ਕਰਦਾ ਹੈ ਅਤੇ ਸਾਰਿਆਂ ਲਈ ਬਰਾਬਰ ਮੌਕੇ ਪ੍ਰਦਾਨ ਕਰਦਾ ਹੈ। ਈ.ਈ.ਓ.ਸੀ. ਦਾ ਸ਼ਿਕਾਗੋ ਡਿਸਟ੍ਰਿਕਟ ਮਿਲਵਾਕੀ ਅਤੇ ਮਿਨੀਐਪੋਲਿਸ ਵਿੱਚ ਖੇਤਰ ਦਫਤਰਾਂ ਦੇ ਨਾਲ ਇਲੀਨਾਏ, ਵਿਸਕਾਨਸਿਨ, ਮਿਨੀਸੋਟਾ, ਆਇਓਵਾ ਅਤੇ ਉੱਤਰੀ ਤੇ ਦੱਖਣੀ ਡਕੋਟਾ ਵਿੱਚ ਵਿਤਕਰੇ ਦੇ ਦੋਸ਼ਾਂ, ਪ੍ਰਸ਼ਾਸਨਿਕ ਲਾਗੂਕਰਨ ਸਮੇਤ ਏਜੰਸੀ ਮੁਕੱਦਮੇ ਦੇ ਸੰਚਾਲਨ ਲਈ ਜ਼ਿੰਮੇਵਾਰ ਹੈ। ਈ.ਈ.ਓ.ਸੀ. ਬਾਰੇ ਹੋਰ ਜਾਣਕਾਰੀ www.eeoc.gov 'ਤੇ ਉਪਲਬਧ ਹੈ।

# ਐੱਫ.ਆਈ.ਏ. ਨੇ ਭਾਰਤੀ ਗਣਤੰਤਰ ਦਿਵਸ ਦੇ ਜਸ਼ਨ ਮਨਾਏ

**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨਜ਼ (ਐੱਫ.ਆਈ.ਏ.), ਸ਼ਿਕਾਗੋ ਨੇ ਮੈਟ੍ਰਿਕਸ ਕਲੱਬ (ਨੇਪਰਵਿਲ) ਵਿੱਚ ਲੰਘੀ 28 ਜਨਵਰੀ ਨੂੰ ਭਾਰਤੀ ਗਣਤੰਤਰ ਦਿਵਸ ਦੇ ਜਸ਼ਨ ਮਨਾਏ। ਇਸ ਸ਼ਾਮ ਦੀ ਧਿਆਨ ਦੇਣ ਯੋਗ ਗੱਲ ਪਦਮਸ਼੍ਰੀ ਮਰਹੂਮ ਮੁਹੰਮਦ ਰਫੀ ਦੇ ਪੁੱਤਰ ਸ਼ਾਹਿਦ ਰਫੀ ਤੇ ਹੋਰ ਕਲਾਕਾਰਾਂ ਵੱਲੋਂ ਇੱਕ ਸ਼ਾਨਦਾਰ ਪ੍ਰਦਰਸ਼ਨ ਸੀ। ਇਹ ਸ਼ਾਮ ਭਾਰਤੀ ਗਣਰਾਜ ਦੀ ਵਿਰਾਸਤ ਦੇ ਜਸ਼ਨ ਦੇ ਨਾਲ ਨਾਲ ਸੱਭਿਆਚਾਰਕ ਚਮਕ ਅਤੇ ਕਲਾਤਮਕ ਸ਼ਕਤੀ ਦੀ ਇੱਕ ਰੌਸ਼ਨੀ ਵਜੋਂ ਮਨਾਈ ਗਈ। ਸਮਾਗਮ ਦੀ ਸ਼ੁਰੂਆਤ ਐੱਫ.ਆਈ.ਏ. ਦੇ ਸੰਸਥਾਪਕ ਅਤੇ ਚੇਅਰਮੈਨ ਸੁਨੀਲ ਸ਼ਾਹ, ਸਾਬਾਕਾ ਪ੍ਰਧਾਨ ਵਿਨੀਤਾ ਗੁਲਾਬਾਨੀ, ਪ੍ਰਧਾਨ ਪ੍ਰਤਿਭਾ ਜੈਰਥ ਅਤੇ ਹੋਰ ਮੈਂਬਰਾਂ ਵੱਲੋਂ ਸ਼ਮ੍ਹਾਂ ਰੌਸ਼ਨ ਕੀਤੇ ਜਾਣ ਨਾਲ ਹੋਈ। ਜਨਰਲ ਸਕੱਤਰ ਨੀਲਾਭ ਦੂਬੇ ਨੇ ਸਟੇਜ ਦੀ ਕਾਰਵਾਈ ਸੰਭਾਲੀ ਅਤੇ ਐੱਫ.ਆਈ.ਏ. ਦੀਆਂ ਸਰਗਰਮੀਆਂ ਬਾਰੇ ਦੱਸਿਆ। ਇਸ ਪਿੱਛੋਂ ਅਨੂ ਮਲਹੋਤਰਾ ਅਤੇ ਸੁਚਿੱਤਰਾ ਕੁਕਰੇਜਾ ਨੇ ਬੜੇ ਉਤਸ਼ਾਹ ਨਾਲ ਸਟੇਜ ਦੀ ਕਮਾਨ ਸੰਭਾਲੀ।

ਇਸ ਮੌਕੇ ਮੁੱਖ ਮਹਿਮਾਨ ਕੌਂਸਲ ਜਨਰਲ ਸੋਮਨਾਥ ਘੋਸ਼ ਨੇ ਗਣਤੰਤਰ ਦਿਵਸ ਦੀ ਸਾਰਥਕਤਾ ਬਾਰੇ ਭਾਵੁਕਤਾ ਨਾਲ ਗੱਲ ਕੀਤੀ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਮੁੱਖ ਸੰਦੇਸ਼ਾਂ ਦੀ ਦਰਸ਼ਕਾਂ/ਸਰੋਤਿਆਂ ਨਾਲ ਸਾਂਝ ਪੁਆਈ। ਸਮਾਗਮ ਪ੍ਰਤੀ ਕੌਂਸਲ ਜਨਰਲ ਸੋਮਨਾਥ ਘੋਸ਼ ਨੇ ਟਿੱਪਣੀ ਕੀਤੀ, "ਇਹ ਸਮਾਗਮ ਸਿਰਫ਼ ਇੱਕ ਪ੍ਰਤੀਬਿੰਬ ਨਹੀਂ ਸੀ, ਸਗੋਂ ਭਾਰਤ ਲਈ ਸਾਡੇ ਪਿਆਰ ਅਤੇ ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰ, ਭਾਰਤ ਦਾ ਹਿੱਸਾ ਹੋਣ 'ਤੇ ਡੂੰਘੇ ਮਾਣ ਦਾ ਇੱਕ ਸਪਸ਼ਟ ਪ੍ਰਗਟਾਵਾ ਸੀ। ਇਸ ਜਸ਼ਨ ਨੇ ਆਪਣੀਆਂ ਜੜ੍ਹਾਂ ਅਤੇ ਵਿਰਾਸਤ ਨਾਲ ਜੁੜੇ ਗੈਰ-ਨਿਵਾਸੀ ਭਾਰਤੀਆਂ ਵਿੱਚ ਦੇਸ਼ ਭਗਤੀ ਅਤੇ ਰਾਸ਼ਟਰੀ ਮਾਣ ਦੀ ਉੱਚੀ ਭਾਵਨਾ ਪੈਦਾ ਕਰਦਿਆਂ ਅਮਿੱਟ ਛਾਪ ਛੱਡੀ।"

ਸੰਸਥਾਪਕ ਚੇਅਰਮੈਨ ਸੁਨੀਲ ਸ਼ਾਹ ਨੇ ਸ਼ਿਕਾਗੋਲੈਂਡ ਵਿੱਚ ਅਤੇ ਇਸ ਦੇ ਆਲੇ-ਦੁਆਲੇ ਦੇ ਡਾਇਸਪੋਰਾ ਨੂੰ ਗੁਆਂਢੀ ਰਾਜਾਂ ਵਿੱਚ ਫੈਲਾਉਣ ਸਮੇਤ ਡਾਇਸਪੋਰਾ ਨੂੰ ਇੱਕਜੁੱਟ ਕਰਨ ਵਿੱਚ ਐੱਫ.ਆਈ.ਏ. ਦੀ ਭੂਮਿਕਾ ਦੀ ਤਸਵੀਰ ਪੇਸ਼ ਕੀਤੀ। ਸੁਨੀਲ ਸ਼ਾਹ ਨੇ ਸੰਗਠਨ ਦੇ ਦ੍ਰਿਸ਼ਟੀਕੋਣ ਅਤੇ ਮਿਸ਼ਨ ਬਾਰੇ ਵੀ ਚਾਨਣਾ ਪਾਇਆ। ਸਾਬਕਾ ਪ੍ਰਧਾਨ ਵਿਨੀਤਾ ਗੁਲਾਬਾਨੀ ਨੇ ਸੰਸਥਾ ਦੇ 58 ਤੋਂ 160 ਮੈਂਬਰਾਂ ਦੇ ਅਸਾਧਾਰਣ ਵਾਧੇ 'ਤੇ ਰੌਸ਼ਨੀ ਪਾਈ ਅਤੇ 2023 ਦੀਆਂ ਪ੍ਰਾਪਤੀਆਂ ਦਾ ਵਿਖਿਆਨ ਕੀਤਾ, ਜਿਵੇਂ ਕਿ ਫੰਡਿੰਗ, ਇਵੈਂਟ ਦੇ ਆਕਾਰ ਅਤੇ ਮੇਜ਼ਬਾਨੀ ਸਮਾਗਮਾਂ ਦੀ ਸੰਖਿਆ ਵਿੱਚ 300 ਪ੍ਰਤੀਸ਼ਤ ਵਾਧੇ ਦਾ ਪ੍ਰਮਾਣ। ਪ੍ਰਧਾਨ ਪ੍ਰਤਿਭਾ ਜੈਰਥ ਨੇ ਕਾਰਜਕਾਰੀ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ 2024 ਲਈ ਆਪਣੀ ਅਭਿਲਾਸ਼ੀ ਯੋਜਨਾ ਦੀ ਰੂਪ-ਰੇਖਾ ਦਿੱਤੀ।

ਇਸ ਤੋਂ ਇਲਾਵਾ ਸਈਅਦ ਹੁਸੈਨੀ, ਮਨੀਸ਼ ਗਾਂਧੀ, ਆਸ਼ਾ ਓਰੋਸਕਰ, ਪਿੰਕੀ ਠੱਕਰ, ਲਖਵੀਰ ਸਹੋਤਾ, ਡਾ. ਅਨੁਜਾ ਗੁਪਤਾ, ਡਾ. ਭੁਪਿੰਦਰ ਬੇਰੀ, ਡਾ. ਸੁਰੇਸ਼ ਰੈਡੀ, ਨਿਮਿਸ਼ ਜਾਨੀ, ਸ਼ਰੂਜਲ ਪਟੇਲ, ਸੁਸ਼ਮਾ ਭਨੋਟ, ਸ਼ੀਤਲ ਦਫ਼ਤਰੀ, ਅਤੇ ਜਸਬੀਰ ਸੁੱਗਾ ਨੇ ਵੀ ਐਫ.ਆਈ.ਏ. ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।

ਉਪਰੰਤ ਅਥਰਵ ਡਾਂਸ ਅਕੈਡਮੀ ਦੇ ਬੱਚਿਆਂ ਨੇ ਦੇਸ਼ਭਗਤੀ ਦੇ ਰੰਗ ਵਿੱਚ ਰੰਗਿਆ ਡਾਂਸ ਪੇਸ਼ ਕੀਤਾ। ਇਸ ਮੌਕੇ ਵਿਭਿੰਨ ਖੇਤਰਾਂ ਵਿੱਚ ਸਮਾਜ ਪ੍ਰਤੀ ਜ਼ਿੰਮੇਵਾਰੀਆਂ ਨਿਭਾਉਣ ਵਾਲੇ ਕੁਝ ਵਿਅਕਤੀਆਂ ਨੂੰ ਕੌਂਸਲ ਜਨਰਲ ਤੇ ਸੰਸਥਾ ਦੇ ਨੁਮਾਇੰਦਿਆਂ ਵੱਲੋਂ ਅਵਾਰਡ ਅਤੇ ਸਨਮਾਨ ਪ੍ਰਦਾਨ ਕੀਤੇ ਗਏ। ਭਾਈਚਾਰਕ ਵਿਕਾਸ ਨੂੰ ਉਤਸ਼ਾਹਿਤ ਕਰਨ ਦੀ ਵਚਨਬੱਧਤਾ ਵਿੱਚ ਐੱਫ.ਆਈ.ਏ. ਵੱਲੋਂ ਭਾਰਤ ਦੇ ਗਣਤੰਤਰ ਦਿਵਸ 'ਤੇ ਹਰ ਸਾਲ 'ਵਿੱਤੀ ਲੋੜਾਂ ਅਤੇ ਅਕਾਦਮਿਕ ਉੱਤਮਤਾ ਸਕਾਲਰਸ਼ਿਪ ਪ੍ਰੋਗਰਾਮ' ਤਹਿਤ ਵਜ਼ੀਫੇ ਦਿੱਤੇ ਜਾਂਦੇ ਹਨ। ਇਸ ਸਾਲ 35 ਤੋਂ ਵੱਖ ਦਰਖਾਸਤਾਂ ਪ੍ਰਾਪਤ ਹੋਈਆਂ ਸਨ, ਪਰ ਸਖ਼ਤ ਮੁਲੰਕਣ ਪਿੱਛੋਂ 17 ਉਮੀਦਵਾਰਾਂ ਦੀ ਚੋਣ ਕੀਤੀ ਗਈ। ਮੌਕੇ 'ਤੇ 6 ਵਿਅਕਤੀਆਂ ਨੂੰ ਵਜ਼ੀਫੇ ਨਾਲ ਸਨਮਾਨਿਤ ਕੀਤਾ ਗਿਆ।




ਕੌਂਸਲ ਜਨਰਲ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਦਿਆਂ

ਐੱਫ.ਆਈ.ਏ. ਦੀ ਉਪ ਪ੍ਰਧਾਨ ਚਾਂਦਨੀ ਦੁਵਵੂਰੀ ਨੇ ਪੂਰੇ ਸੰਗਠਨ ਦੀ ਤਰਫੋਂ ਧੰਨਵਾਦ ਪ੍ਰਗਟਾਇਆ। ਉਸ ਨੇ ਕੌਂਸਲ ਜਨਰਲ ਸੋਮਨਾਥ ਘੋਸ਼, ਕੋਰਟ ਜੱਜ ਲਿੰਡਾ ਡੇਵਨਪੋਰਟ ਅਤੇ ਹੋਰ ਮਾਣਯੋਗ ਪਤਵੰਤਿਆਂ ਦਾ ਧੰਨਵਾਦ ਕੀਤਾ।

ਸ਼ਾਹਿਦ ਰਫੀ ਨੇ ਮੁਹੰਮਦ ਰਫੀ ਦੇ ਨਿੱਜੀ ਜੀਵਨ ਅਤੇ ਪਿਤਾ ਦੇ ਰੂਪ ਵਿੱਚ ਉਸ ਦੀ ਭੂਮਿਕਾ ਬਾਰੇ ਪ੍ਰਭਾਵਸ਼ਾਲੀ ਵਿਚਾਰ ਪੇਸ਼ ਕੀਤੇ। 'ਆਜ ਕਲ ਤੇਰੇ ਮੇਰੇ ਪਿਆਰ ਕੇ ਚਰਚੇ', 'ਚਾਹੇ ਕੋਈ ਮੁਝੇ ਜੰਗਲੀ ਕਹੇ', 'ਯੇ ਚੰਦ ਸਾ ਰੌਸ਼ਨ ਚਿਹਰਾ', 'ਗੁਲਾਬੀ ਆਂਖੇਂ' ਅਤੇ 'ਪਰਦਾ ਹੈ ਪਰਦਾ' ਵਰਗੀਆਂ ਕਲਾਸਿਕ ਵੰਨਗੀਆਂ ਨੇ ਸਟੇਜ 'ਤੇ ਧੁਨਾਂ ਬਿਖੇਰ ਦਿੱਤੀਆਂ। 'ਐਨ ਈਵਨਿੰਗ ਇਨ ਪੈਰਿਸ' ਦੀ ਬਿਜਲਈ ਪੇਸ਼ਕਾਰੀ ਅਤੇ ਗਾਇਕ ਨੀਲਾਜਨ ਰੇਅ, ਪ੍ਰਿਯੰਕਾ ਮਿੱਤਰਾ, ਸੈਮੀ ਐੱਮ., ਗੌਤਮੀ ਰੌਏ, ਪ੍ਰਖਰ ਘੋਸ਼ ਤੇ ਮੁਹੰਮਦ ਸਲਾਮਤ ਦੇ ਸੁਪਰ-ਹਿੱਟ ਪ੍ਰਦਰਸ਼ਨ ਨੇ ਦਰਸ਼ਕ ਝੂਮਣ ਲਾ ਦਿੱਤੇ।

ਸ਼ਾਹਿਦ ਰਫੀ ਨੇ ਮੁਹੰਮਦ ਰਫੀ ਦੇ ਗੀਤਾਂ 'ਮੇਰਾ ਰੰਗ ਦੇ ਬਸੰਤੀ ਚੋਲਾ', 'ਕਰੋ ਜ਼ਿੰਦਗੀ ਕੋ ਵਤਨ ਕੇ ਹਵਾਲੇ' ਅਤੇ 'ਨਫ਼ਰਤ ਕੀ ਲਾਠੀ ਤੋੜੋ' ਰਾਹੀਂ ਖੂਬ ਰੰਗ ਬੰਨ੍ਹਿਆ। 'ਸਰਫਰੋਸ਼ੀ ਕੀ ਤਮੰਨਾ' ਅਤੇ 'ਯੇ ਦੇਸ਼ ਹੈ ਵੀਰ ਜਵਾਨੋਂ ਕਾ' ਵਰਗੇ ਗੀਤਾਂ ਨੇ ਇੱਕ ਜਜ਼ਬਾਤੀ ਭਾਵ ਉਭਾਰਿਆ। ਰਿਜ਼ਵਾਨ ਅਤੇ ਸ਼ਾਹਿਦ ਰਫ਼ੀ ਵਿਚਕਾਰ ਸਵਾਲ-ਜਵਾਬ ਦੇ ਸੈਸ਼ਨ ਦੌਰਾਨ ਹਾਸੇ ਦੇ ਫੁਹਾਰੇ ਛੁਟਦੇ ਰਹੇ। ਇਹ ਸ਼ਾਮ ਦੇਸ਼ਭਗਤੀ, ਪੁਰਾਣੀਆਂ ਯਾਦਾਂ ਤੇ ਮਨੋਰੰਜਨ ਭਰਪੂਰ ਸ਼ਾਮ ਹੋ ਨਿਬੜੀ।




ਸਮਾਗਮ ਦੌਰਾਨ ਐਫ.ਆਈ.ਏ. ਦੀ ਟੀਮ

# ਹਵਾ 'ਚੋਂ ਪਾਣੀ ਨਮੀ ਤੋਂ ਬਿਜਲੀ




ਖੋਜ-ਪੁਲਾਂਘਾਂ

ਮੁਕਲ ਵਿਆਸ

ਹਵਾ ਤੋਂ ਪਾਣੀ ਇਕੱਠਾ ਕਰਕੇ ਬਿਜਲੀ ਪੈਦਾ ਕਰਨ ਦਾ ਵਿੱਚਾਰ ਲੱਗਦਾ ਤਾਂ ਅਜੀਬ ਹੈ, ਪਰ ਵਿਗਿਆਨੀ ਇਸ ਦਿਸ਼ਾ 'ਚ ਤੇਜ਼ੀ ਨਾਲ ਕੰਮ ਕਰ ਰਹੇ ਹਨ। ਵਿਸ਼ਵ ਦੀ ਆਬਾਦੀ ਨੂੰ ਸਾਫ਼ ਪਾਣੀ ਮੁਹੱਈਆ ਕਰਵਾਉਣਾ ਇੱਕ ਵੱਡੀ ਚੁਣੌਤੀ ਹੈ। ਧਰਤੀ ਉੱਤੇ ਸਿਰਫ਼ 3 ਫ਼ੀਸਦੀ ਪਾਣੀ ਹੀ ਤਾਜ਼ਾ ਹੈ, ਜਿਸ ਵਿੱਚੋਂ 2.5 ਫ਼ੀਸਦੀ ਗਲੇਸ਼ੀਅਰਾਂ, ਧਰੁਵੀ ਬਰਫ਼ ਦੇ ਟੋਪਿਆਂ, ਵਾਯੂਮੰਡਲ ਅਤੇ ਮਿੱਟੀ ਵਿੱਚ ਕੈਦ ਹੈ। ਸਾਫ਼ ਪਾਣੀ ਵਜੋਂ ਸਿਰਫ਼ 0.5 ਫ਼ੀਸਦੀ ਪਾਣੀ ਹੀ ਉਪਲਬਧ ਹੈ। ਹੁਣ ਬਦਲਦੇ ਮੌਸਮ ਅਤੇ ਵਧਦੇ ਪ੍ਰਦੂਸ਼ਣ ਨੇ ਬਹੁਤ ਸਾਰੇ ਲੋਕਾਂ ਲਈ ਪੀਣ ਵਾਲੇ ਸਾਫ਼ ਪਾਣੀ ਦੀ ਉਪਲਬਧਤਾ ਨੂੰ ਹੋਰ ਘਟਾ ਦਿੱਤਾ ਹੈ। ਸੰਸਾਰ ਵਿੱਚ 2.2 ਬਿਲੀਅਨ ਤੋਂ ਵੱਧ ਲੋਕ ਪਾਣੀ ਦੀ ਘਾਟ ਵਾਲੇ ਦੇਸ਼ਾਂ ਵਿੱਚ ਰਹਿੰਦੇ ਹਨ। ਸੰਯੁਕਤ ਰਾਸ਼ਟਰ ਦਾ ਅੰਦਾਜ਼ਾ ਹੈ ਕਿ ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਕਾਰਨ ਹਰ ਸਾਲ 3.5 ਮਿਲੀਅਨ ਲੋਕ ਆਪਣੀ ਜਾਨ ਗੁਆਉਂਦੇ ਹਨ। ਅਜਿਹੀ ਸਥਿਤੀ ਵਿੱਚ ਪਾਣੀ ਨੂੰ ਆਸਾਨੀ ਨਾਲ ਉਪਲਬਧ ਕਰਾਉਣ ਵਾਲੀ ਤਕਨੀਕ ਸਮੇਂ ਦੀ ਲੋੜ ਹੈ।

**ਵਾਯੂਮੰਡਲ ਵਾਟਰ ਹਾਰਵੈਸਟਿੰਗ ਤਕਨਾਲੋਜੀ:** ਬਿਹਤਰ ਪੀਣ ਵਾਲੇ ਪਾਣੀ ਦੀ ਲੋੜ ਦੁਨੀਆਂ ਦੇ ਉਨ੍ਹਾਂ ਖੇਤਰਾਂ ਵਿੱਚ ਸਭ ਤੋਂ ਵੱਧ ਹੈ, ਜਿੱਥੇ ਸੂਰਜ ਦੀ ਰੌਸ਼ਨੀ ਸਭ ਤੋਂ ਵੱਧ ਮਿਲਦੀ ਹੈ। ਇਹੀ ਕਾਰਨ ਹੈ ਕਿ ਕੁਝ ਵਿਗਿਆਨੀ ਸਾਫ਼ ਪਾਣੀ ਪ੍ਰਾਪਤ ਕਰਨ ਲਈ ਸੂਰਜ ਦੀ ਰੌਸ਼ਨੀ ਦੀ ਵਰਤੋਂ ਕਰਨਾ ਚਾਹੁੰਦੇ ਹਨ। ਖਾਰੇ ਪਾਣੀ ਨੂੰ ਸਾਫ਼ ਪਾਣੀ ਵਿੱਚ ਬਦਲਣ ਲਈ ਡੀਸੈਲੀਨੇਸ਼ਨ ਪਲਾਂਟ ਉਨ੍ਹਾਂ ਖੇਤਰਾਂ ਵਿੱਚ ਸੰਭਵ ਹਨ, ਜੋ ਸਮੁੰਦਰੀ ਤੱਟਾਂ ਦੇ ਨੇੜੇ ਹਨ, ਪਰ ਦੂਰ-ਦੁਰਾਡੇ ਦੇ ਸੁੱਕੇ ਖੇਤਰਾਂ ਵਿੱਚ ਜਿੱਥੇ ਪਾਣੀ ਦੀ ਗੰਭੀਰ ਕਮੀ ਹੈ, ਹਵਾ ਵਿੱਚ ਮੌਜੂਦ ਭਾਫ਼ ਹੀ ਤਾਜ਼ੇ ਪਾਣੀ ਦਾ ਇੱਕੋ ਇੱਕ ਸਰੋਤ ਹੈ।

ਚੀਨ ਦੀ ਸ਼ੰਘਾਈ ਜਿਓ ਟੋਂਗ ਯੂਨੀਵਰਸਿਟੀ ਦੇ ਖੋਜਕਰਤਾਵਾਂ ਨੇ ਸੂਰਜੀ ਊਰਜਾ ਨਾਲ ਚੱਲਣ ਵਾਲੀ ਵਾਯੂਮੰਡਲ ਵਾਟਰ ਹਾਰਵੈਸਟਿੰਗ ਤਕਨੀਕ ਵਿਕਸਿਤ ਕੀਤੀ ਹੈ, ਜੋ ਸੁੱਕੇ ਖੇਤਰਾਂ ਵਿੱਚ ਲੋਕਾਂ ਨੂੰ ਬਚਣ ਲਈ ਲੋੜੀਂਦਾ ਪੀਣ ਵਾਲਾ ਪਾਣੀ ਪ੍ਰਦਾਨ ਕਰਨ ਵਿੱਚ ਮਦਦ ਕਰ ਸਕਦੀ ਹੈ। ਖੋਜਕਰਤਾਵਾਂ ਨੇ ਅਪਲਾਈਡ ਫਿਜ਼ਿਕਸ ਰਿਵਿਊਜ਼ ਜਰਨਲ ਵਿੱਚ ਇਸ ਤਕਨੀਕ ਦੇ ਵੇਰਵੇ ਦਿੱਤੇ ਹਨ। ਅਧਿਐਨ ਦੇ ਪ੍ਰਮੁੱਖ ਲੇਖਕ ਰੁਜ਼ੂ ਵੈਂਗ ਦਾ ਕਹਿਣਾ ਹੈ ਕਿ ਇਸ ਵਾਯੂਮੰਡਲ ਵਾਟਰ ਹਾਰਵੈਸਟਿੰਗ ਤਕਨਾਲੋਜੀ ਦੀ ਵਰਤੋਂ ਘਰੇਲੂ ਪੀਣ ਵਾਲੇ ਪਾਣੀ, ਉਦਯੋਗਿਕ ਪਾਣੀ ਅਤੇ ਸਰੀਰ ਦੀ ਸਫਾਈ ਲਈ ਪਾਣੀ ਦੀ ਰੋਜ਼ਾਨਾ ਪਾਣੀ ਦੀ ਸਪਲਾਈ ਨੂੰ ਵਧਾਉਣ ਲਈ ਕੀਤੀ ਜਾ ਸਕਦੀ ਹੈ।

**ਹਾਈਗ੍ਰੋਸਕੋਪਿਕ ਜੈੱਲ ਤੋਂ ਪਾਣੀ ਦਾ ਉਤਪਾਦਨ:** ਵਾਯੂਮੰਡਲ ਵਿੱਚੋਂ ਪਾਣੀ ਕੱਢਣਾ ਕੋਈ ਆਸਾਨ ਕੰਮ ਨਹੀਂ ਹੈ। ਇਸ ਦੇ ਲਈ ਵਿਗਿਆਨੀ ਹਾਈਡ੍ਰੋਜੇਲ ਪੋਲੀਮਰ ਅਤੇ ਨਮਕ ਦੀ ਵਰਤੋਂ ਕਰਦੇ ਹਨ; ਪਰ ਖੋਜਕਰਤਾਵਾਂ ਨੂੰ ਹਾਈਡ੍ਰੋਜੇਲ ਵਿੱਚ ਲੂਣ ਦੀ ਸ਼ੁਰੂਆਤ ਕਰਨ ਵੇਲੇ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ, ਕਿਉਂਕਿ ਉੱਚ ਨਮਕ ਦੀ ਮਾਤਰਾ ਹਾਈਡ੍ਰੋਜੇਲ ਦੀ ਸੁੱਜਣ ਦੀ ਸਮਰੱਥਾ ਨੂੰ ਘਟਾਉਂਦੀ ਹੈ। ਇਹ ਲੂਣ ਲੀਕ ਹੋਣ ਦਾ ਕਾਰਨ ਬਣਦਾ ਹੈ ਅਤੇ ਹਾਈਡ੍ਰੋਜੇਲ ਦੀ ਪਾਣੀ ਸੋਖਣ ਦੀ ਸਮਰੱਥਾ ਨੂੰ ਘਟਾਉਂਦਾ ਹੈ।

ਖੋਜਕਰਤਾਵਾਂ ਨੇ ਇੱਕ ਨਵੇਂ ਪ੍ਰਯੋਗ ਵਿੱਚ ਪਾਇਆ ਕਿ ਜਦੋਂ 1 ਗ੍ਰਾਮ ਪੋਲੀਮਰ ਵਿੱਚ 5 ਗ੍ਰਾਮ ਤੱਕ ਲੂਣ ਮਿਲਾਇਆ ਜਾਂਦਾ ਹੈ, ਤਾਂ ਜੈੱਲ ਚੰਗੀ ਤਰ੍ਹਾਂ ਸੁੱਜ ਜਾਂਦਾ ਹੈ ਅਤੇ ਇਸਦੇ ਨਮਕ ਨੂੰ ਸੋਖਣ ਵਾਲੇ ਗੁਣਾਂ ਨੂੰ ਬਰਕਰਾਰ ਰੱਖਦਾ ਹੈ। ਖੋਜਕਰਤਾਵਾਂ ਨੇ ਇੱਕ ਸੁਪਰਹਾਈਗਰੋਸਕੋਪਿਕ ਜੈੱਲ ਦੇ ਸੰਸਲੇਸ਼ਣ ਲਈ ਪੌਦਿਆਂ ਤੋਂ ਪ੍ਰਾਪਤ ਪਦਾਰਥਾਂ ਅਤੇ ਲੂਣ ਦੀ ਵਰਤੋਂ ਕੀਤੀ, ਜੋ ਵੱਡੀ ਮਾਤਰਾ ਵਿੱਚ ਪਾਣੀ ਨੂੰ ਜਜ਼ਬ ਕਰਨ ਤੇ ਬਰਕਰਾਰ ਰੱਖਣ ਦੇ ਸਮਰੱਥ ਸੀ। ਧਿਆਨਯੋਗ ਹੈ ਕਿ ਹਾਈਗ੍ਰੋਸਕੋਪਿਕ ਜੈੱਲ ਵਿੱਚ ਵਾਯੂਮੰਡਲ ਦੀ ਨਮੀ ਤੋਂ ਪਾਣੀ ਇਕੱਠਾ ਕਰਨ ਦੀ ਸਮਰੱਥਾ ਹੁੰਦੀ ਹੈ। ਇੱਕ ਕਿਲੋਗ੍ਰਾਮ ਸੁੱਕੀ ਜੈੱਲ ਸੁੱਕੇ ਵਾਯੂਮੰਡਲ ਵਿੱਚ 1.18 ਕਿਲੋਗ੍ਰਾਮ ਪਾਣੀ ਅਤੇ ਨਮੀ ਵਾਲੇ ਵਾਯੂਮੰਡਲ ਵਿੱਚ 6.4 ਕਿਲੋਗ੍ਰਾਮ ਤੱਕ ਪਾਣੀ ਸੋਖ ਸਕਦੀ ਹੈ। ਜੈੱਲ ਤਿਆਰ ਕਰਨਾ ਸਧਾਰਨ ਤੇ ਸਸਤਾ ਸੀ ਅਤੇ ਵੱਡੇ ਪੱਧਰ 'ਤੇ ਤਿਆਰ ਕਰਨਾ ਸੰਭਵ ਸੀ। ਨਵੀਂ ਤਕਨਾਲੋਜੀ ਪਾਣੀ ਦੇ ਉਤਪਾਦਨ ਤੋਂ ਪਰੇ ਭਵਿੱਖ ਦੀਆਂ ਐਪਲੀਕੇਸ਼ਨਾਂ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਅ ਸਕਦੀ ਹੈ। ਇਨ੍ਹਾਂ ਵਿੱਚ ਨਮੀ ਘਟਾਉਣਾ, ਖੇਤੀ ਸਿੰਚਾਈ ਆਦਿ ਸ਼ਾਮਲ ਹਨ।

**ਹਵਾ ਤੋਂ ਬਿਜਲੀ ਪੈਦਾ ਕਰਨ ਲਈ ਨੈਨੋ ਤਕਨੀਕ:** ਵਿਗਿਆਨੀਆਂ ਨੇ ਹਵਾ ਤੋਂ ਬਿਜਲੀ ਪ੍ਰਾਪਤ ਕਰਨ ਦਾ ਤਰੀਕਾ ਵੀ ਲੱਭ ਲਿਆ ਹੈ। ਇੱਕ ਨਵੇਂ ਅਧਿਐਨ ਮੁਤਾਬਕ ਛੋਟੇ ਛੇਕਾਂ ਨਾਲ ਢਕੀ ਕੋਈ ਵੀ ਸਮੱਗਰੀ ਹਵਾ ਵਿੱਚਲੀ ਨਮੀ ਤੋਂ ਊਰਜਾ ਪ੍ਰਾਪਤ ਕਰ ਸਕਦੀ ਹੈ। ਅਮਰੀਕਾ ਦੀ ਮੈਸਾਚੁਸੈਟਸ ਯੂਨੀਵਰਸਿਟੀ, ਐਮਹਰਸਟ ਦੇ ਇੰਜੀਨੀਅਰਾਂ ਨੇ ਹਵਾ ਤੋਂ ਬਿਜਲੀ ਪ੍ਰਾਪਤ ਕਰਨ ਲਈ ਨੈਨੋ ਤਕਨਾਲੋਜੀ ਵਿਕਸਿਤ ਕੀਤੀ ਹੈ। ਇਸ ਟੈਕਨਾਲੋਜੀ ਨਾਲ 100 ਨੈਨੋਮੀਟਰ ਤੋਂ ਘੱਟ ਵਿਆਸ ਵਾਲੇ ਬਹੁਤ ਹੀ ਛੋਟੇ ਪੋਰਸ (ਨੈਨੋਪੋਰਸ) ਵਾਲੀ ਕੋਈ ਵੀ ਸਮੱਗਰੀ ਲਗਾਤਾਰ ਬਿਜਲੀ ਪੈਦਾ ਕਰਨ ਲਈ ਵਰਤੀ ਜਾ ਸਕਦੀ ਹੈ। ਇੱਕ ਨੈਨੋਮੀਟਰ ਇੱਕ ਮੀਟਰ ਦਾ ਇੱਕ ਅਰਬਵਾਂ ਹਿੱਸਾ ਹੁੰਦਾ ਹੈ। ਇਸ ਕਾਢ ਵਿੱਚ ਦੋ ਇਲੈਕਟ੍ਰੋਡ ਅਤੇ ਸਮੱਗਰੀ ਦੀ ਇੱਕ ਪਤਲੀ ਪਰਤ ਸ਼ਾਮਲ ਹੈ। ਇਸ ਸਮੱਗਰੀ ਨੂੰ 100 ਨੈਨੋਮੀਟਰ ਤੋਂ ਘੱਟ ਵਿਆਸ ਵਾਲੇ ਛੋਟੇ ਪੋਰਸ ਨਾਲ ਢਕਿਆ ਜਾਣਾ ਚਾਹੀਦਾ ਹੈ। ਇਸ ਯੰਤਰ ਵਿੱਚ ਪਾਣੀ ਦੇ ਅਣੂ ਉਪਰਲੇ ਚੈਂਬਰ ਤੋਂ ਹੇਠਲੇ ਚੈਂਬਰ ਵਿੱਚ ਜਾਂਦੇ ਹਨ। ਇਸ ਪ੍ਰਕਿਰਿਆ ਵਿੱਚ ਉਹ ਛੋਟੇ ਛੇਕਾਂ ਦੇ ਕਿਨਾਰਿਆਂ ਨਾਲ ਟਕਰਾ ਜਾਂਦੇ ਹਨ। ਇਹ ਚੈਂਬਰਾਂ ਦੇ ਵਿੱਚਕਾਰ ਬਿਜਲੀ ਦੇ ਚਾਰਜ ਦਾ ਅਸੰਤੁਲਨ ਬਣਾਉਂਦਾ ਹੈ। ਇਹ ਡਿਵਾਈਸ ਬੈਟਰੀ ਦੀ ਤਰ੍ਹਾਂ ਕੰਮ ਕਰਦਾ ਹੈ। ਇਹ ਸਾਰੀ ਪ੍ਰਕਿਰਿਆ ਉਸੇ ਤਰ੍ਹਾਂ ਦੀ ਹੈ, ਜਿਵੇਂ ਬੱਦਲ ਬਿਜਲੀ ਪੈਦਾ ਕਰਦੇ ਹਨ। ਇੰਜੀਨੀਅਰਾਂ ਨੇ ਇਸ ਟੈਕਨਾਲੋਜੀ ਨੂੰ 'ਜੇਨਰਿਕ ਏਅਰ-ਜੇਨ ਇਫੈਕਟ' ਦਾ ਨਾਂ ਦਿੱਤਾ ਹੈ। ਇਸ ਤਕਨੀਕ ਦੀ ਵਰਤੋਂ ਵੱਡੇ ਪੱਧਰ 'ਤੇ ਕੀਤੀ ਜਾ ਸਕਦੀ ਹੈ।

ਇਸ ਤਕਨੀਕ ਨਾਲ ਵੱਖ-ਵੱਖ ਸਮੱਗਰੀਆਂ ਰਾਹੀਂ ਘੱਟ ਕੀਮਤ 'ਤੇ ਨਿਰਵਿਘਨ ਬਿਜਲੀ ਪੈਦਾ ਕੀਤੀ ਜਾ ਸਕਦੀ ਹੈ। ਐਡਵਾਂਸਡ ਮੈਟੀਰੀਅਲ ਜਰਨਲ ਵਿੱਚ ਪ੍ਰਕਾਸ਼ਿਤ ਖੋਜ ਦੇ ਮੁੱਖ ਲੇਖਕ ਸ਼ੀਓਮਿੰਗ ਲਿਉ ਨੇ ਕਿਹਾ ਕਿ ਇਹ ਦਿਲਚਸਪ ਤਕਨਾਲੋਜੀ ਹਵਾ ਦੀ ਨਮੀ ਤੋਂ ਸਾਫ਼ ਅਤੇ ਟਿਕਾਊ ਬਿਜਲੀ ਦੇ ਉਤਪਾਦਨ ਲਈ ਇੱਕ ਵੱਡਾ ਦਰਵਾਜ਼ਾ ਖੋਲ੍ਹਦੀ ਹੈ।

**ਮਾਈਕ੍ਰੋ ਪੋਰਸ ਵਾਲੀ ਇੱਕ ਪਰਤ ਜ਼ਰੂਰੀ ਹੈ:** ਖੋਜਕਰਤਾਵਾਂ ਨੇ ਪ੍ਰਯੋਗਸ਼ਾਲਾ ਵਿੱਚ ਇੱਕ ਛੋਟੇ ਪੈਮਾਨੇ ਦੇ ਬੱਦਲ ਬਣਾਏ, ਜੋ ਲਗਾਤਾਰ ਬਿਜਲੀ ਪੈਦਾ ਕਰਦੇ ਹੈ। ਮਨੁੱਖ ਦੁਆਰਾ ਬਣਾਏ ਇਨ੍ਹਾਂ ਬੱਦਲਾਂ ਦਾ ਮੁੱਖ ਆਧਾਰ 'ਆਮ ਹਵਾ-ਜਨ ਪ੍ਰਭਾਵ' ਹੈ। ਨਵੀਂ ਖੋਜ ਯਾਓ ਅਤੇ ਸਹਿ-ਲੇਖਕ ਡੇਰੇਕ ਲੋਅਲੀ ਦੁਆਰਾ 2020 ਵਿੱਚ ਕੀਤੀ ਗਈ ਖੋਜ ਦਾ ਇੱਕ ਵਿਸਥਾਰ ਹੈ। ਪਿਛਲੀ ਖੋਜ ਨੇ ਦਿਖਾਇਆ ਸੀ ਕਿ ਜੀਓਬੈਕਟਰ ਬੈਕਟੀਰੀਆ ਤੋਂ ਪੈਦਾ ਹੋਏ ਪ੍ਰੋਟੀਨ ਦੀਆਂ ਸੂਖਮ ਤਾਰਾਂ ਤੋਂ ਬਣੀ ਵਿਸ਼ੇਸ਼ ਸਮੱਗਰੀ ਦੀ ਵਰਤੋਂ ਕਰਕੇ ਹਵਾ ਤੋਂ ਬਿਜਲੀ ਦੀ ਕਟਾਈ ਕੀਤੀ ਜਾ ਸਕਦੀ ਹੈ। ਇਸ ਖੋਜ ਤੋਂ ਬਾਅਦ ਵਿਗਿਆਨੀਆਂ ਨੇ ਮਹਿਸੂਸ ਕੀਤਾ ਕਿ ਹਵਾ ਤੋਂ ਬਿਜਲੀ ਪੈਦਾ ਕਰਨ ਦੀ ਸਮਰੱਥਾ ਆਮ ਹੋ ਸਕਦੀ ਹੈ। ਦੂਜੇ ਸ਼ਬਦਾਂ ਵਿੱਚ, ਕੋਈ ਵੀ ਸਮੱਗਰੀ ਹਵਾ ਤੋਂ ਬਿਜਲੀ ਪੈਦਾ ਕਰ ਸਕਦੀ ਹੈ, ਬਸ਼ਰਤੇ ਇਸ ਵਿੱਚ ਕੁਝ ਗੁਣ ਹੋਵੇ। ਇੱਥੇ ਗੁਣਵੱਤਾ ਦਾ ਮਤਲਬ ਹੈ- ਸਮੱਗਰੀ 'ਚ ਸੂਖਮ ਛੇਕ ਦੀ ਮੌਜੂਦਗੀ। ਇਹ ਪੋਰਸ 100 ਨੈਨੋਮੀਟਰ ਤੋਂ ਛੋਟੇ ਹੋਣੇ ਚਾਹੀਦੇ ਹਨ ਜਾਂ ਮਨੁੱਖੀ ਵਾਲਾਂ ਦੀ ਚੌੜਾਈ ਦੇ ਇੱਕ ਹਜ਼ਾਰਵੇਂ ਹਿੱਸੇ ਤੋਂ ਘੱਟ ਹੋਣੇ ਚਾਹੀਦੇ ਹਨ।

ਯਾਓ ਅਤੇ ਉਸਦੇ ਸਾਥੀਆਂ ਨੇ ਮਹਿਸੂਸ ਕੀਤਾ ਕਿ ਉਹ ਇਸ ਨੰਬਰ ਦੇ ਆਧਾਰ 'ਤੇ ਬਿਜਲੀ ਦੀ ਹਾਰਵੈਸਟਰ ਡਿਜ਼ਾਈਨ ਕਰ ਸਕਦੇ ਹਨ। ਇਹ ਹਾਰਵੈਸਟਰ 100 ਨੈਨੋਮੀਟਰ ਤੋਂ ਛੋਟੇ ਮਾਈਕ੍ਰੋਸਕੋਪਿਕ ਪੋਰਸ ਵਾਲੀ ਸਮੱਗਰੀ ਦੀ ਪਤਲੀ ਪਰਤ ਤੋਂ ਬਣਾਇਆ ਜਾਵੇਗਾ। ਵਾਢੀ ਕਰਨ ਵਾਲਿਆਂ ਨੂੰ ਲਗਭਗ ਸਾਰੀਆਂ ਕਿਸਮਾਂ ਦੀਆਂ ਸਮੱਗਰੀਆਂ ਤੋਂ ਡਿਜ਼ਾਈਨ ਕੀਤਾ ਜਾ ਸਕਦਾ ਹੈ। ਵਧੇਰੇ ਨਮੀ ਵਾਲੇ ਮੀਂਹ ਵਾਲੇ ਜੰਗਲਾਂ ਦੇ ਵਾਤਾਵਰਣ ਅਤੇ ਘੱਟ ਨਮੀ ਵਾਲੇ ਸੁੱਕੇ ਵਾਤਾਵਰਣ ਲਈ ਵੱਖੋ-ਵੱਖਰੇ ਵਾਢੀ ਕਰਨ ਵਾਲੇ ਬਣਾਏ ਜਾ ਸਕਦੇ ਹਨ। ਕਿਉਂਕਿ ਵਾਤਾਵਰਣ ਵਿੱਚ ਨਮੀ ਹਰ ਸਮੇਂ ਮੌਜੂਦ ਰਹਿੰਦੀ ਹੈ, ਇਹ ਵਾਢੀ 24 ਘੰਟੇ ਕੰਮ ਕਰ ਸਕਦੇ ਹਨ। ਸਾਰੀ ਧਰਤੀ ਨਮੀ ਦੀ ਇੱਕ ਮੋਟੀ ਪਰਤ ਨਾਲ ਢਕੀ ਹੋਈ ਹੈ। ਇਹ ਨਮੀ ਸਾਫ਼ ਊਰਜਾ ਦਾ ਇੱਕ ਵੱਡਾ ਸਰੋਤ ਬਣ ਸਕਦੀ ਹੈ।


ਡੇਵਨਪੋਰਟ ਫੈਮਿਲੀ ਫਿਊਨਰਲ ਹੋਮ ਅਤੇ ਸ਼ਮਸ਼ਾਨਘਰ

Serving the Sikh Community with Dignity and Care



ਸਿੱਖ ਭਾਈਚਾਰੇ ਨਾਲ ਸਬੰਧਤ ਮ੍ਰਿਤਕਾਂ ਦਾ ਸਸਕਾਰ ਭਾਵਨਾਤਮਕ ਤੌਰ 'ਤੇ ਪੂਰੀ ਦੇਖਭਾਲ ਨਾਲ ਕੀਤਾ ਜਾਂਦਾ ਹੈ

-ਮੌਕੇ 'ਤੇ ਸਸਕਾਰ
-ਅੰਤਿਮ ਦਰਸ਼ਨਾਂ ਲਈ ਕਮਰਾ
-ਵੱਡਾ ਤੇ ਸੁੰਦਰ ਚੈਪਲ
-ਘੱਟ ਖਰਚ ਉਤੇ ਸੇਵਾਵਾਂ

-On Site Crematory
-Viewing Room Available
-Large, Beautiful Chapels
-Competitive Prices

ਪਰਿਵਾਰਾਂ ਦੀ ਉਸੇ ਤਰ੍ਹਾਂ ਸੇਵਾ ਕਰਦੇ ਹਾਂ, ਜਿਵੇਂ ਅਸੀਂ ਆਪਣੇ ਪਰਿਵਾਰ ਲਈ ਚਾਹੁੰਦੇ ਹਾਂ

Serving Families As We Would Want Ours Served

Lake Zurich 847-550-4221
Crystal Lake 825-459-3411
Barrington 847-381-3411

Please call or visit our website at www.davenportfamily.com

Davenport
FAMILY FUNERAL HOMES AND CREMATORY

# ਲੋਕ-ਜੀਵਨ ਵਿੱਚ ਪਰੰਪਰਾਗਤ ਭੰਗੜੇ ਦੀ ਭੂਮਿਕਾ

**ਪੰਜਾਬੀ ਪਰਵਾਜ਼ ਫੀਚਰ**

ਨੱਚਣਾ ਤਾਂ ਮਨ ਕਾ ਚਾਓ ਹੈ ਤੇ ਜਦੋਂ ਮਨ ਖੁਸ਼ੀ 'ਚ ਲਹਿਰਾ ਉਠਦਾ ਹੈ ਤਾਂ ਭੰਗੜਾ ਪਾਉਣ ਨੂੰ ਜੀ ਕਰਦਾ ਹੈ- ਉਦੋਂ ਕਿਸੇ ਸਾਜ਼ ਦੀ ਲੋੜ ਵੀ ਨਹੀਂ ਪੈਂਦੀ, ਬੱਸ ਖੇੜੇ ਵਿੱਚ ਆਇਆ ਮਨ ਸਰੀਰ ਨੂੰ ਆਪੇ ਸੁਰ ਕਰ ਲੈਂਦਾ ਹੈ; ਉਂਜ ਆਮ ਤੌਰ 'ਤੇ ਭੰਗੜਾ ਸੰਗੀਤ ਦੀ ਵਿਸ਼ੇਸ਼ਤਾ ਰਿਹਾ ਹੈ।

ਭੰਗੜਾ ਨਾਚ ਦੀ ਇੱਕ ਸ਼ੈਲੀ ਹੈ। ਭੰਗੜੇ ਦੀ ਸ਼ੁਰੂਆਤ ਪੰਜਾਬ ਦੇ ਸਿਆਲਕੋਟ ਜ਼ਿਲ੍ਹੇ (ਹੁਣ ਲਹਿੰਦੇ ਪੰਜਾਬ ਵਿੱਚ) ਤੋਂ ਹੋਈ ਮੰਨੀ ਜਾਂਦੀ ਹੈ। ਇਹ ਅਸਲ ਵਿੱਚ ਵਾਢੀ ਦੇ ਸਮੇਂ ਨੂੰ ਮਨਾਉਣ ਲਈ ਇੱਕ ਲੋਕ ਨਾਚ ਸੀ। ਵਿਸਾਖੀ ਦੇ ਮੌਸਮ ਵਿੱਚ ਕਣਕ ਦੀ ਵਾਢੀ ਕਰਨ ਤੋਂ ਬਾਅਦ ਲੋਕ ਭੰਗੜਾ ਪਾਉਂਦੇ ਹੋਏ ਸੱਭਿਆਚਾਰਕ ਮੇਲਿਆਂ ਵਿੱਚ ਸ਼ਾਮਲ ਹੁੰਦੇ ਸਨ। ਕਈ ਸਾਲਾਂ ਤੱਕ ਕਿਸਾਨਾਂ ਨੇ ਪ੍ਰਾਪਤੀ ਦੀ ਭਾਵਨਾ ਨੂੰ ਦਰਸਾਉਣ ਅਤੇ ਵਾਢੀ ਦੇ ਨਵੇਂ ਸੀਜ਼ਨ ਦਾ ਸਵਾਗਤ ਕਰਨ ਲਈ ਭੰਗੜਾ ਪਾਇਆ। ਰਵਾਇਤੀ ਭੰਗੜਾ ਹੁਣ ਵਾਢੀ ਦੇ ਮੌਸਮ ਨੂੰ ਮੁੱਖ ਰੱਖਦਿਆਂ ਬਹੁਤ ਹੀ ਘੱਟ, ਪਰ ਹੋਰ ਮੌਕਿਆਂ 'ਤੇ ਵੱਧ ਪੇਸ਼ ਕੀਤਾ ਜਾਂਦਾ ਹੈ।

ਪਰੰਪਰਾਗਤ ਭੰਗੜੇ ਨੇ ਹਮੇਸ਼ਾ ਲੋਕਾਂ ਦੇ ਜੀਵਨ ਵਿੱਚ ਇੱਕ ਪ੍ਰਮੁੱਖ ਭੂਮਿਕਾ ਨਿਭਾਈ ਹੈ। ਭੰਗੜਾ ਪੰਜਾਬ ਖੇਤਰ ਦੇ ਵੱਖ-ਵੱਖ ਹਿੱਸਿਆਂ ਦੇ ਨਾਚਾਂ ਦੇ ਸੁਮੇਲ ਵਜੋਂ ਵਿਕਸਿਤ ਹੋਇਆ ਹੈ। 'ਭੰਗੜਾ' ਸ਼ਬਦ ਹੁਣ ਝੂੰਮਰ, ਗਿੱਧਾ, ਧਮਾਲ, ਕਿੱਕਲੀ ਅਤੇ ਸੰਮੀ ਸਮੇਤ ਕਈ ਕਿਸਮਾਂ ਦੇ ਨਾਚਾਂ ਅਤੇ ਕਲਾਵਾਂ ਨੂੰ ਦਰਸਾਉਂਦਾ ਹੈ। ਇਸ ਵਿੱਚ ਢੋਲ, ਅਲਗੋਜ਼ੇ, ਸੱਪ, ਕਾਟੋ, ਚਿਮਟਾ, ਖੂੰਡਾ, ਤੂੰਬੀ, ਢੱਡ ਅਤੇ ਡਫਲੀ ਵਰਗੇ ਕਈ ਸਾਜ਼ਾਂ ਦੀ ਵਰਤੋਂ ਸ਼ਾਮਲ ਹੈ। ਭੰਗੜਾ ਸਾਡੇ ਸੱਭਿਆਚਾਰ ਤੇ ਵਿਲੱਖਣਤਾ ਦਾ ਪ੍ਰਗਟਾਵਾ ਹੈ ਅਤੇ ਸਾਡੇ ਬਾਰੇ ਵਿਲੱਖਣਤਾ ਦਿਖਾਉਣ ਦਾ ਇੱਕ ਤਰੀਕਾ ਵੀ।



ਇਹ ਸੱਚ ਹੈ ਕਿ ਦੁਨੀਆਂ 'ਚ ਜਿੱਥੇ ਜਿੱਥੇ ਪੰਜਾਬੀ ਗਏ, ਆਪਣੇ ਖਾਣ-ਪੀਣ, ਪਹਿਰਾਵਾ ਤੇ ਸੱਭਿਆਚਾਰ ਨਾਲ ਲੈ ਕੇ ਗਏ; ਇਸੇ ਤਰ੍ਹਾਂ ਹੀ ਆਪਣੇ ਲੋਕ ਸਾਜ਼ ਵੀ। ਕੋਈ ਵੀ ਪ੍ਰੋਗਰਾਮ, ਮੇਲਾ ਤੇ ਟੂਰਨਾਮੈਂਟ ਲੋਕ ਨਾਚਾਂ ਬਿਨਾ ਅਧੂਰਾ ਹੈ। ਆਮ ਕਰਕੇ ਲੋਕਾਂ 'ਚ ਭੰਗੜਾ ਤੇ ਗਿੱਧਾ ਹੀ ਜ਼ਿਆਦਾ ਪ੍ਰਚੱਲਿਤ ਹਨ। ਬਹੁਤ ਘੱਟ ਨਵੀਂ ਪਨੀਰੀ ਨੂੰ ਪਤਾ ਹੈ ਕਿ ਪੰਜਾਬੀ ਲੋਕ ਨਾਚਾਂ 'ਚ ਝੂਮਰ, ਮਲਵਈ ਗਿੱਧਾ, ਸੰਮੀ, ਲੁੱਡੀ, ਜਿੰਦੂਆ ਵੀ ਆਉਂਦਾ ਹੈ। ਭੰਗੜਾ ਸਾਰੇ ਹੀ ਨਾਚਾਂ ਦਾ ਸੁਮੇਲ ਹੈ। ਢੋਲ ਦੀ ਤਾਲ ਅਤੇ ਡੱਗੇ 'ਤੇ ਨੱਚਿਆ ਜਾਣ ਵਾਲਾ ਇਹ ਲੋਕ ਨਾਚ ਅਤਿ ਦਰਜੇ ਦਾ ਜੋਸ਼ੀਲਾ ਹੈ।

ਪਿਛਲੇ ਕੁਝ ਦਹਾਕਿਆਂ ਵਿੱਚ ਭੰਗੜਾ ਪੂਰੀ ਦੁਨੀਆਂ ਵਿੱਚ ਸਥਾਪਿਤ ਹੋਇਆ ਹੈ। ਇਹ ਹਿਪ ਹੌਪ, ਹਾਊਸ ਅਤੇ ਰੇਗੇ ਸੰਗੀਤ ਦੀਆਂ ਸ਼ੈਲੀਆਂ ਨਾਲ ਮਿਲਾਏ ਜਾਣ ਤੋਂ ਬਾਅਦ ਪ੍ਰਸਿੱਧ ਏਸ਼ੀਅਨ ਸੱਭਿਆਚਾਰ ਵਿੱਚ ਏਕੀਕ੍ਰਿਤ ਹੋ ਗਿਆ ਹੈ। ਕੁਝ ਭੰਗੜੇ ਦੀਆਂ ਚਾਲਾਂ ਨੂੰ ਸਮੇਂ ਦੇ ਨਾਲ ਢਾਲਿਆ ਅਤੇ ਬਦਲਿਆ ਗਿਆ ਹੈ, ਪਰ ਇਸ ਦੇ ਮੂਲ ਵਿੱਚ ਸੱਭਿਆਚਾਰਕ ਪਛਾਣ ਅਤੇ ਪਰੰਪਰਾ ਦੀ ਭਾਵਨਾ ਬਣੀ ਹੋਈ ਹੈ। ਭੰਗੜਾ ਮੁੱਖ ਤੌਰ 'ਤੇ ਪੰਜਾਬੀ ਸੱਭਿਆਚਾਰ ਵਿੱਚ ਹੁੰਦਾ ਹੈ। ਬਹੁਤ ਸਾਰੇ ਲੋਕ ਵਿਆਹਾਂ, ਪਾਰਟੀਆਂ ਅਤੇ ਹਰ ਤਰ੍ਹਾਂ ਦੇ ਜਸ਼ਨਾਂ ਵਿੱਚ ਖੁਸ਼ੀ ਅਤੇ ਮਨੋਰੰਜਨ ਦੇ ਸਰੋਤ ਵਜੋਂ ਭੰਗੜੇ ਦਾ ਪ੍ਰਦਰਸ਼ਨ ਕਰਦੇ ਹਨ।

ਜਿੱਥੇ ਅੱਜ ਕੱਲ੍ਹ ਮੌਜੂਦਾ ਦੌਰ ਨੇ ਹਰ ਇੱਕ ਚੀਜ਼ 'ਚ ਮਿਲਾਵਟ ਕਰ ਦਿੱਤੀ ਹੈ, ਉੱਥੇ ਲੋਕ ਨਾਚ ਵੀ ਇਸ ਤੋਂ ਨਹੀਂ ਬਚੇ। ਮਾਡਰਨ ਭੰਗੜਾ ਵੀ ਪੁਰਾਣੇ ਭੰਗੜੇ ਦਾ ਵਿਗੜਿਆ ਰੂਪ ਹੈ। ਅੱਜ ਕੱਲ੍ਹ ਦੀ ਨਵੀਂ ਪੀੜ੍ਹੀ ਹਰ ਇੱਕ ਗਾਣੇ 'ਤੇ ਨੱਚ ਰਹੀ ਹੈ। ਜਿਸ ਤਰ੍ਹਾਂ ਹਰ ਗਾਣਾ ਭੰਗੜੇ ਲਈ ਨਹੀਂ ਬਣਿਆ ਹੁੰਦਾ, ਉਸੇ ਤਰ੍ਹਾਂ ਭੰਗੜਾ ਵੀ ਹਰ ਗਾਣੇ 'ਤੇ ਨਹੀਂ ਪਾਇਆ ਜਾਂਦਾ। ਆਰਕੈਸਟਰਾ ਤੇ ਨਚਾਰਾਂ ਨੇ ਭੰਗੜੇ ਦੇ ਅਸਲ ਰੂਪ ਨੂੰ ਬਹੁਤ ਬਦਲਿਆ ਹੈ। ਇਹ ਤਸੱਲੀ ਵਾਲੀ ਗੱਲ ਹੈ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਅਜੇ ਵੀ ਭੰਗੜੇ ਨੂੰ ਅਸਲ ਰੂਪ ਵਿੱਚ ਰੱਖਿਆ ਹੋਇਆ ਹੈ। ਕਾਲਜ ਦੇ ਯੂਥ ਫੈਸਟੀਵਲ, ਜੋਨ, ਇੰਟਰ ਜੋਨ ਤੇ ਇੰਟਰ-'ਵਰਸਿਟੀ 'ਚ ਅਜੇ ਵੀ ਭੰਗੜਾ ਸਖਤੀ ਨਾਲ ਪਵਾਇਆ ਜਾਂਦਾ ਹੈ। ਬੋਲੀਆਂ ਪੁਰਾਣੀਆਂ ਤੇ ਲੋਕ-ਪੱਖੀ ਹੁੰਦੀਆਂ ਹਨ, ਜੋ ਹੋਣੀਆਂ ਵੀ ਚਾਹੀਦੀਆਂ ਹਨ। ਭੰਗੜੇ ਦੇ ਐਕਸ਼ਨ ਵੀ ਪੁਰਾਣੇ ਤੇ ਸਾਫ ਸੁਥਰੇ ਹੁੰਦੇ ਹਨ, ਇਹ ਹੋਣੇ ਵੀ ਚਾਹੀਦੇ ਹਨ। ਇਸੇ ਕਰਕੇ ਅਸਲੀ ਭੰਗੜਾ ਬਚਿਆ ਹੋਇਆ ਹੈ। ਪੱਬਾਂ 'ਤੇ ਨੱਚਿਆ ਜਾਣ ਵਾਲਾ ਇਹ ਨਾਚ ਜ਼ੋਰ ਤੇ ਜੋਸ਼ ਦਾ ਪ੍ਰਤੀਕ ਹੈ। ਸਟੇਜ ਉਤੇ ਭੰਗੜੇ ਦੀ ਪੇਸ਼ਕਾਰੀ ਦੇਖ ਕੇ ਸਮੇਂ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਬੋਲ ਸਨ, "ਮੈਂ ਪਹਿਲੀ ਵਾਰ ਮਰਦਾਂ ਨੂੰ ਮਰਦਾਂ ਵਾਂਗ ਨੱਚਦੇ ਦੇਖਿਆ ਹੈ।"

ਜਿੱਥੇ ਭੰਗੜਾ ਸਰੀਰਕ ਪੱਖੋਂ ਵਧੀਆ ਹੈ, ਉਥੇ ਇਨਸਾਨ ਨੂੰ ਦਿਮਾਗੀ ਤੌਰ 'ਤੇ ਤੰਦਰੁਸਤ ਤੇ ਚੜ੍ਹਦੀ ਕਲਾ 'ਚ ਰੱਖਦਾ ਹੈ। ਬਹੁਤ ਸਾਰੇ ਲੋਕ ਕਸਰਤ ਦੇ ਇੱਕ ਸਰੋਤ ਵਜੋਂ ਵੀ ਭੰਗੜਾ ਪਾਉਂਦੇ ਹਨ, ਇਹ ਜਿੰਮ ਦਾ ਇੱਕ ਵਧੀਆ ਬਦਲ ਵੀ ਹੈ। ਪਰੰਪਰਾਗਤ ਤੌਰ 'ਤੇ ਭੰਗੜਾ ਮਰਦਾਂ ਦੁਆਰਾ ਨੱਚਿਆ ਜਾਂਦਾ ਹੈ, ਪਰ ਹੁਣ ਇਸ ਨਾਚ ਦੇ ਰੂਪ ਵਿੱਚ ਮਰਦ ਅਤੇ ਔਰਤਾਂ- ਦੋਵੇਂ ਹਿੱਸਾ ਲੈਂਦੇ ਹਨ। 'ਰਾਣੀਆਂ ਦੀ ਰੌਣਕ' ਭਾਰਤ ਦਾ ਪਹਿਲਾ ਸਭ-ਔਰਤਾਂ ਦਾ ਭੰਗੜਾ ਮੁਕਾਬਲਾ ਰਿਹਾ ਹੈ। ਔਰਤ ਭੰਗੜਾ ਕਲਾਕਾਰਾਂ ਦੀ ਬਹੁਤਾਤ ਦੇ ਬਾਵਜੂਦ ਬਹੁਤ ਸਾਰੇ ਲੋਕ ਇਸ ਨਾਚ ਰੂਪ ਨੂੰ ਸਿਰਫ਼ ਮਰਦਾਨਾ ਹੀ ਸਮਝਦੇ ਰਹੇ- ਜਿਸ ਤਰ੍ਹਾਂ 'ਗਿੱਧਾ' ਸ਼ਬਦ ਜੁੜਿਆ ਹੋਣ ਕਾਰਨ ਕੁਝ ਅਣਜਾਣ ਮਲਵਈ ਗਿੱਧੇ ਨੂੰ ਸਿਰਫ ਬੀਬੀਆਂ ਦਾ ਨਾਚ ਸਮਝ ਬੈਠਦੇ ਹਨ।

ਪਿੰਡਾਂ ਵਿੱਚ ਭੰਗੜੇ ਦੇ ਰਵਾਇਤੀ ਰੂਪ ਨੂੰ ਮਿਆਰੀ ਮੰਨਿਆ ਜਾਂਦਾ ਸੀ। ਇਹ ਵੀ ਦਰਜ ਕੀਤਾ ਗਿਆ ਹੈ ਕਿ 1950 ਦੇ ਦਹਾਕੇ ਵਿੱਚ ਪੰਜਾਬ ਵਿੱਚ ਮੁਫਤ ਰੂਪ ਵਿੱਚ ਪਰੰਪਰਾਗਤ ਭੰਗੜੇ ਦਾ ਵਿਕਾਸ ਹੋਇਆ। ਇਸ ਨੂੰ ਪਟਿਆਲਾ ਦੇ ਮਹਾਰਾਜਾ ਦੁਆਰਾ ਸਰਪ੍ਰਸਤੀ ਦਿੱਤੀ ਗਈ ਸੀ, ਜਿਸ ਨੇ 1953 ਵਿੱਚ ਭੰਗੜੇ ਦੇ ਸਟੇਜੀ ਪ੍ਰਦਰਸ਼ਨ ਦੀ ਬੇਨਤੀ ਕੀਤੀ ਸੀ। ਸਟੇਜ ਪੇਸ਼ਕਾਰੀਆਂ ਦੌਰਾਨ ਵਿਕਸਿਤ ਕੀਤੇ ਗਏ ਰਵਾਇਤੀ ਭੰਗੜੇ ਦਾ ਮੁਫਤ ਰੂਪ, ਜਿਸ ਵਿੱਚ ਰਵਾਇਤੀ ਭੰਗੜੇ ਦੀਆਂ ਚਾਲਾਂ ਸ਼ਾਮਲ ਹੁੰਦੀਆਂ ਹਨ ਅਤੇ ਹੋਰ ਪੰਜਾਬੀ ਨਾਚਾਂ ਜਿਵੇਂ ਕਿ ਲੁੱਡੀ, ਝੂੰਮਰ, ਧਮਾਲ ਅਤੇ ਲੁੱਡੀ ਦੇ ਕ੍ਰਮ ਵੀ ਸ਼ਾਮਲ ਹੁੰਦੇ ਹਨ। ਪੰਜਾਬੀ ਲੋਕ ਗੀਤ, ਬੋਲੀਆਂ ਦਾ ਗਾਇਨ ਮਲਵਈ ਗਿੱਧੇ ਵਿੱਚੋਂ ਸ਼ਾਮਲ ਕੀਤਾ ਗਿਆ ਹੈ।

ਇਤਿਹਾਸਕ ਤੌਰ 'ਤੇ ਔਰਤਾਂ ਭੰਗੜਾ ਕਰਨ ਦੇ ਅਧਿਕਾਰ ਲਈ ਲੜਦੀਆਂ ਰਹੀਆਂ ਹਨ। ਅੱਜ ਕੱਲ੍ਹ ਬਹੁਤ ਸਾਰੀਆਂ ਦੂਜੀ ਪੀੜ੍ਹੀ ਦੀਆਂ ਪੰਜਾਬੀ ਔਰਤਾਂ ਭੰਗੜੇ ਰਾਹੀਂ ਆਪਣੇ ਸੱਭਿਆਚਾਰ ਨਾਲ ਜੁੜ ਰਹੀਆਂ ਹਨ ਅਤੇ ਇਸ ਨੂੰ ਕਿੱਤੇ ਵਜੋਂ ਅਪਨਾ ਰਹੀਆਂ ਹਨ। ਡੀ.ਜੇ. ਰੇਖਾ ਪਹਿਲੀ ਦੱਖਣ ਏਸ਼ੀਆਈ ਔਰਤਾਂ ਵਿੱਚੋਂ ਇੱਕ ਸੀ, ਜਿਸ ਨੇ ਬੇਸਮੈਂਟ ਭੰਗੜਾ ਪਾਰਟੀਆਂ ਦੀ ਸ਼ੁਰੂਆਤ ਕੀਤੀ। ਸਰੀਨਾ ਜੈਨ ਨਾਂ ਦੀ ਔਰਤ ਨੇ ਭੰਗੜਾ ਫਿਟਨੈਸ ਕਸਰਤ ਬਣਾਈ ਸੀ, ਜਿਸ ਨੂੰ ਮਸਾਲਾ ਭੰਗੜਾ ਵਰਕਆਊਟ ਵਜੋਂ ਜਾਣਿਆ ਜਾਂਦਾ ਹੈ।

## ਭੰਗੜਾ ਰਾਈਮਜ਼ ਸ਼ਿਕਾਗੋ ਵੱਲੋਂ ਲੋਕ-ਨਾਚ ਮੁਕਾਬਲੇ 2 ਮਾਰਚ 2024 ਨੂੰ




■ ਭੰਗੜਾ ਰਾਈਮਜ਼ ਸ਼ਿਕਾਗੋ ਦੀ ਇੱਕ ਟੀਮ ਕੋਚ ਅਮਨਦੀਪ ਕੁਲਾਰ ਨਾਲ

ਲੋਕ ਨਾਚ ਸੰਸਥਾ ਭੰਗੜਾ ਰਾਈਮਜ਼ ਸ਼ਿਕਾਗੋ ਦੀ ਸ਼ੁਰੂਆਤ ਅਮਨਦੀਪ ਸਿੰਘ ਕੁਲਾਰ ਵੱਲੋਂ ਜੂਨ 2021 'ਚ ਕੀਤੀ ਗਈ ਸੀ। ਇਹ ਇੱਕ ਨਿਰੋਲ ਲੋਕ ਨਾਚ ਸੰਸਥਾ ਹੈ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਯੂਥ ਫੈਸਟੀਵਲ, ਜੋਨ ਤੇ ਇੰਟਰ ਜੋਨ ਜਿੱਤ ਚੁਕਾ ਅਮਨਦੀਪ ਪੰਜਾਬੀ ਲੋਕ ਨਾਚਾਂ ਨੂੰ ਪੂਰੀ ਤਰ੍ਹਾਂ ਸਮਰਪਿਤ ਹੈ। 1999 ਤੋਂ 2002 ਤੱਕ ਕਾਲਜ ਤੇ ਯੂਨੀਵਰਸਿਟੀ ਪੱਧਰ ਦੇ ਕਈ ਮੁਕਾਬਲੇ ਅਮਨਦੀਪ ਨੇ ਜਿੱਤੇ ਹਨ। ਉਸਤਾਦ ਰਣਜੀਤ ਸਿੰਘ (ਮਿੱਠੂ) ਜਗਰਾਉਂ ਤੋਂ ਭੰਗੜੇ ਦੀਆਂ ਬਾਰੀਕੀਆਂ ਸਿੱਖੀਆਂ ਤੇ ਉਸਤਾਦ ਕਾਲਾ ਧਰਮਕੋਟੀਆ ਤੋਂ ਝੂੰਮਰ ਦੇ ਗੁਣ।

ਭੰਗੜਾ ਰਾਈਮਜ਼ ਅਕੈਡਮੀ ਦੀਆਂ ਚਾਰ ਵੱਖਰੀਆਂ-ਵੱਖਰੀਆਂ ਕਲਾਸਾਂ ਸ਼ਿਕਾਗੋ ਤੇ ਮਿਲਵਾਕੀ (ਵਿਸਕਾਨਸਿਨ) ਏਰੀਏ ਵਿੱਚ ਚੱਲ ਰਹੀਆਂ ਹਨ। ਸੰਸਥਾ ਦਾ ਮੁੱਖ ਮੰਤਵ ਬਾਹਰਲੇ ਮੁਲਕ 'ਚ ਜੰਮੇ ਬੱਚਿਆਂ ਨੂੰ ਆਪਣੇ ਅਮੀਰ ਸੱਭਿਆਚਾਰ ਤੇ ਲੋਕ ਨਾਚ ਨਾਲ ਜੋੜਨਾ ਹੈ। ਇਸ ਸੰਸਥਾ 'ਚ 4 ਸਾਲ ਤੋਂ ਲੈ ਕੇ 65 ਸਾਲ ਤੱਕ- ਹਰ ਉਮਰ ਦੇ ਭੰਗੜਾ ਸਿੱਖਣ ਦੇ ਚਾਹਵਾਨ ਹਨ। ਭੰਗੜੇ, ਲੁੱਡੀ, ਝੂੰਮਰ ਦੀਆਂ ਵੱਖਰੀਆਂ-ਵੱਖਰੀਆਂ 13 ਟੀਮਾਂ ਹਨ। ਭੰਗੜੇ ਦੀਆਂ ਬਾਰੀਕੀਆਂ ਕੋਚ ਅਮਨਦੀਪ ਵੱਲੋਂ ਸਿਖਾਈਆਂ ਜਾਂਦੀਆਂ ਹਨ। ਹਰ ਇੱਕ ਐਕਸ਼ਨ ਦਾ ਨਾਮ ਅਤੇ ਉਸ ਨੂੰ ਕਰਨ ਦੀ ਵਿਧੀ ਉਤੇ ਜ਼ੋਰ ਦਿੱਤਾ ਜਾਂਦਾ ਹੈ। ਸਮੇਂ ਸਮੇਂ ਨਵੇਂ ਗਰੁੱਪ ਭੰਗੜਾ ਰਾਈਮਜ਼ ਵੱਲੋਂ ਸ਼ੁਰੂ ਕੀਤੇ ਜਾਂਦੇ ਹਨ। ਅਮਨਦੀਪ ਸਿੰਘ ਕੁਲਾਰ ਦਾ ਕਹਿਣਾ ਹੈ ਕਿ ਨਚਾਰਾਂ ਵਾਲੇ ਭੰਗੜੇ ਨੂੰ ਛੱਡ ਕੇ ਸਾਨੂੰ ਲੋੜ ਹੈ ਆਪਣੇ ਅਸਲੀ ਨਾਚਾਂ ਨੂੰ ਸਮਝਣ ਤੇ ਸਿੱਖਣ ਦੀ। ਮਰਦਾਂ ਦੇ ਨਾਚ ਮਰਦਾਂ ਵਾਂਗ ਹੀ ਨੱਚੇ ਜਾਂਦੇ ਹਨ- ਭੰਗੜਾ ਪੱਟਾਂ ਦੇ ਜ਼ੋਰ ਨਾਲ ਹੀ ਪੈਂਦਾ ਹੈ। ਉਸ ਦਾ ਦਾਅਵਾ ਹੈ ਕਿ ਆਪਣੇ ਅਸਲੀ ਪੰਜਾਬੀ ਸੱਭਿਆਚਾਰ ਤੇ ਨਾਚਾਂ ਨੂੰ ਲੋਕਾਂ ਤੱਕ ਲੈ ਕੇ ਆਉਣਾ ਹੀ ਭੰਗੜਾ ਰਾਈਮਜ਼ ਦਾ ਮੁੱਖ ਮੰਤਵ ਹੈ।

BHANGRA RHYMES

ਭੰਗੜਾ ਰਾਈਮਜ਼ ਵੱਲੋਂ 2 ਮਾਰਚ 2024 ਨੂੰ ਲੋਕ ਨਾਚ ਮੁਕਾਬਲੇ ਕਰਵਾਏ ਜਾ ਰਹੇ ਹਨ, ਜਿਸ ਵਿੱਚ ਅਕੈਡਮੀ ਦੀਆਂ ਹੀ 13 ਟੀਮਾਂ ਹਿੱਸਾ ਲੈ ਰਹੀਆਂ ਹਨ। ਉਮਰ ਦੇ ਹਿਸਾਬ ਨਾਲ ਟੀਮਾਂ ਨੂੰ ਵਰਗਾਂ 'ਚ ਵੰਡਿਆ ਗਿਆ ਹੈ। ਮੁਕਾਬਲੇ ਦਾ ਮੁੱਖ ਮੰਤਵ ਭੰਗੜੇ ਦੇ ਪੱਧਰ ਨੂੰ ਉੱਚਾ ਚੁੱਕਣਾ ਅਤੇ ਕੈਨੇਡਾ ਤੇ ਅਮਰੀਕਾ ਵਿੱਚ ਅਗਲੇ ਮੁਕਾਬਲਿਆਂ ਲਈ ਤਿਆਰੀ ਕਰਨੀ ਹੈ। ਸਾਰਾ ਸਾਲ ਚੱਲਦੀਆਂ ਕਲਾਸਾਂ 'ਚ ਮਾਪੇ ਤੇ ਬੱਚੇ ਬਹੁਤ ਰੁਚੀ ਦਿਖਾ ਰਹੇ ਹਨ। ਅਮਨਦੀਪ ਨਾਲ ਸੰਪਰਕ ਫੋਨ: 602-610-0001 ਰਾਹੀਂ ਕੀਤਾ ਜਾ ਸਕਦਾ ਹੈ। ਸੰਸਥਾ ਦੀ ਵੈਬਸਾਈਟ ਹੈ: www.bhangrarhymes.com





■ ਭੰਗੜਾ ਕੋਚ ਅਮਨਦੀਪ ਸਿੰਘ ਕੁਲਾਰ ਕਾਲਜ ਸਮੇਂ ਆਪਣੀ ਭੰਗੜਾ ਟੀਮ ਨਾਲ ਅਤੇ (ਸੱਜੇ) ਆਪਣੇ ਅਧਿਆਪਕਾਂ ਨਾਲ


# ‘ਸੁਲਤਾਨ ਆਫ਼ ਸਵਿੰਗ’ ਵਸੀਮ ਅਕਰਮ

**ਖਿਡਾਰੀ ਹੱਦਾਂ-ਸਰਹੱਦਾਂ ਤੋਂ ਪਾਰ ਹੁੰਦੇ ਹਨ। ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫੇਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਲੜੀਵਾਰ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾ ਰਹੀ ਹੈ। ਉਸ ਵਰਗੀ ਸਿੱਧੀ-ਸਾਦੀ ਅਤੇ ਠੇਠ ਪੰਜਾਬੀ ਬੋਲਦਾ ਹੋਰ ਕੋਈ ਖਿਡਾਰੀ ਨਹੀਂ ਸੁਣਿਆ। ਹਥਲੇ ਲੇਖ ਵਿੱਚ ਵਿਸ਼ਵ ਦੇ ਤੇਜ ਗੇਂਦ ਸੁਟਾਵੇ ਯਾਨਿ ‘ਸੁਲਤਾਨ ਆਫ਼ ਸਵਿੰਗ’ ਵਸੀਮ ਅਕਰਮ ਦੇ ਖੇਡ ਕਰੀਅਰ ਦਾ ਸੰਖੇਪ ਵੇਰਵਾ ਪੇਸ਼ ਕੀਤਾ ਗਿਆ ਹੈ।**

**ਖਿਡਾਰੀ ਪੰਜ-ਆਬ ਦੇ (10)**


**ਨਵਦੀਪ ਸਿੰਘ ਗਿੱਲ**
**ਫੋਨ: +91-9780036216**





ਪਾਕਿਸਤਾਨ ਦਾ ਵਸੀਮ ਅਕਰਮ ਵਾਹਦ ਕ੍ਰਿਕਟਰ ਹੈ, ਜਿਸ ਦੇ ਮੁਕਾਬਲੇ ਦਾ ਨਾ ਸਿਰਫ਼ ਪਾਕਿਸਤਾਨ ਜਾਂ ਏਸ਼ੀਆ ਬਲਕਿ ਦੁਨੀਆਂ ਵਿੱਚ ਖੱਬੂ ਤੇਜ਼ ਗੇਂਦਬਾਜ਼ ਨਹੀਂ ਹੋਇਆ। ਇੱਥੋਂ ਤੱਕ ਤੇਜ਼ ਗੇਂਦਬਾਜ਼ਾਂ ਵਿੱਚੋਂ ਵੀ ਉਹ ਚੋਟੀ ਉਤੇ ਹੈ। ਸਪਿੰਨ ਪਿੱਚਾਂ ਲਈ ਜਾਣੇ ਜਾਂਦੇ ਦੱਖਣ ਏਸ਼ਿਆਈ ਖਿੱਤੇ ਤੋਂ ਅਜਿਹਾ ਤੇਜ਼ ਗੇਂਦਬਾਜ਼ ਪੈਦਾ ਹੋਣਾ ਹੋਰ ਵੀ ਵੱਡੀ ਗੱਲ ਹੈ। ਜਿਵੇਂ ਤੇਜ਼ ਗੇਂਦਬਾਜ਼ੀ ਪਿੱਚਾਂ ਉਤੇ ਆਸਟਰੇਲੀਆ ਦੀ ਧਰਤੀ ਉਤੇ ਪੈਦਾ ਹੋਏ ਸ਼ੇਨ ਵਾਰਨ ਦਾ ਜਲਵਾ ਰਿਹਾ ਹੈ, ਉਵੇਂ ਭਾਰਤੀ ਉਪ ਮਹਾਂਦੀਪ ਵਿੱਚ ਵਸੀਮ ਅਕਰਮ ਦਾ ਜਲਵਾ ਰਿਹਾ ਹੈ। ਭਾਰਤ ਤੇ ਪਾਕਿਸਤਾਨ ਵਿੱਚ ਕਪਿਲ ਦੇਵ ਤੇ ਇਮਰਾਨ ਖਾਨ ਤੋਂ ਬਾਅਦ ਵਸੀਮ ਅਕਰਮ ਹੀ ਅਜਿਹਾ ਤੇਜ਼ ਗੇਂਦਬਾਜ਼ ਹੋਇਆ, ਜਿਸ ਨੂੰ ਦੇਖ ਕੇ ਦੋਹਾਂ ਮੁਲਕਾਂ ਦੇ ਨੌਜਵਾਨ ਕ੍ਰਿਕਟਰਾਂ ਨੂੰ ਤੇਜ਼ ਗੇਂਦਬਾਜ਼ ਬਣਨ ਦੀ ਪ੍ਰੇਰਨਾ ਮਿਲੀ।

ਵਸੀਮ ਅਕਰਮ ਦੇ ਰਿਕਾਰਡ ਤਾਂ ਉਸ ਦੀ ਮਹਾਨਤਾ ਬਾਰੇ ਦੱਸਦੇ ਹੀ ਹਨ, ਪਰ ਬਤੌਰ ਖਿਡਾਰੀ ਤੇ ਕੋਚ ਉਸ ਦਾ ਪ੍ਰਦਰਸ਼ਨ ਉਸ ਨੂੰ ਦੁਨੀਆਂ ਦੇ ਮਹਾਨ ਕ੍ਰਿਕਟਰਾਂ ਵਿੱਚ ਸ਼ਾਮਲ ਕਰਦਾ ਹੈ। ਉਸ ਨੂੰ ‘ਸੁਲਤਾਨ ਦਾ ਸਵਿੰਗ’ ਆਖਿਆ ਜਾਂਦਾ ਹੈ, ਪਰ ਇਕੱਲੀ ਸਵਿੰਗ ਹੀ ਉਸ ਦੀ ਪਛਾਣ ਨਹੀਂ ਸੀ, ਉਹ ਕ੍ਰਿਕਟ ਡਿਕਸ਼ਨਰੀ ਦੀ ਹਰ ਗੇਂਦ ਸੁੱਟਣ ਦੀ ਕਾਬਲੀਅਤ ਰੱਖਣ ਵਾਲਾ ਗੇਂਦਬਾਜ਼ ਰਿਹਾ। ਆਸਟਰੇਲੀਅਨ ਤੇਜ਼ ਗੇਂਦਬਾਜ਼ ਗਲੈਨ ਮੈਕਗ੍ਰਾਥ ਜਿੱਥੇ ਓਵਰ ਵਿੱਚ ਛੇ ਦੀਆਂ ਛੇ ਗੇਦਾਂ ਇੱਕੋ ਸਥਾਨ ਉਤੇ ਇੱਕ ਸਟਾਈਲ ਵਿੱਚ ਸੁੱਟਣ ਦੀ ਕਾਬਲੀਅਤ ਰੱਖਦਾ ਹੈ ਤਾਂ ਵਸੀਮ ਅਕਰਮ ਛੇ ਦੀਆਂ ਛੇ ਗੇਦਾਂ ਵੱਖੋ-ਵੱਖਰੇ ਤਰੀਕੇ ਨਾਲ ਸੁੱਟਣ ਵਿੱਚ ਮੁਹਾਰਤ ਰੱਖਦਾ ਹੈ। ਉਹ ਇਨ ਸਵਿੰਗ, ਆਊਟ ਸਵਿੰਗ, ਲੈਗ ਕਟਰ, ਆਫ਼ ਕਟਰ, ਬਾਊਂਸਰ, ਯੌਰਕਰ- ਕੋਈ ਵੀ ਗੇਂਦ ਸੁੱਟ ਸਕਦਾ ਹੈ। ਉਹ ਨਵੀਂ ਤੇ ਪੁਰਾਣੀ ਦੋਵੇਂ ਗੇਂਦਾਂ ਨਾਲ ਕਮਾਲ ਦੀ ਗੇਂਦਬਾਜ਼ੀ ਸੁੱਟਣ ਵਿੱਚ ਕਾਬਲੀਅਤ ਰੱਖਦਾ ਸੀ। ਰਿਵਰਸ ਸਵਿੰਗ ਸੁੱਟਣ ਦੀ ਸ਼ੁਰੂਆਤ ਵੀ ਪਾਕਿਸਤਾਨ ਦੀ ਮਹਾਨ ਤੇਜ਼ ਗੇਂਦਬਾਜ਼ ਜੋੜੀ ਵਸੀਮ ਤੇ ਵੱਕਾਰ ਨੇ ਕੀਤੀ ਸੀ। ਵਸੀਮ ਤੇ ਵੱਕਾਰ ਦੀ ਜੋੜੀ ਨੇ ਇੱਕ ਰੋਜ਼ਾ ਤੇ ਟੈਸਟ ਕ੍ਰਿਕਟ ਵਿੱਚ ਮਿਲ ਕੇ 1500 ਤੋਂ ਵੱਧ ਵਿਕਟਾਂ ਹਾਸਲ ਕਰਕੇ ਦੁਨੀਆਂ ਵਿੱਚ ਆਪਣੀ ਧਾਕ ਜਮਾਈ। ਜੇ ਧਿਆਨ ਚੰਦ ਹਾਕੀ ਦਾ ਜਾਦੂਗਰ ਸੀ ਤਾਂ ਵਸੀਮ ਗੇਂਦਬਾਜ਼ੀ ਦਾ ਜਾਦੂਗਰ।



ਵਸੀਮ ਅਕਰਮ ਦੇ ਰਿਕਾਰਡ ਅਤੇ ਉਸ ਦੀ ਕਾਬਲੀਅਤ ਨੂੰ ਦੇਖਦਿਆਂ ਉਸ ਨੂੰ ਆਪਣੇ ਹੀ ਦੇਸ਼ ਵਿੱਚ ਉਨਾ ਮਾਣ-ਸਨਮਾਨ ਜਾਂ ਮਕਬੂਲੀਅਤ ਨਹੀਂ ਮਿਲੀ, ਜਿਸ ਦਾ ਉਹ ਹੱਕਦਾਰ ਸੀ। ਹਾਲਾਂਕਿ ਦੁਨੀਆਂ ਦੇ ਕੋਨੇ-ਕੋਨੇ ਵਿੱਚ ਉਹ ਜਿੱਥੇ ਵੀ ਗਿਆ ਤਾਂ ਲੋਕਾਂ ਨੇ ਬਾਹਾਂ ਫੈਲਾਅ ਕੇ ਅਤੇ ਅੱਡੀਆਂ ਚੁੱਕ ਕੇ ਉਸ ਦਾ ਸਵਾਗਤ ਕੀਤਾ। ਇਸ ਕਾਲਮ ਵਿੱਚ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਖਿਡਾਰੀਆਂ ਬਾਰੇ ਲਿਖਿਆ ਜਾ ਰਿਹਾ ਹੈ ਅਤੇ ਵਸੀਮ ਅਕਰਮ ਜਿੰਨਾ ਵਧੀਆ ਖਿਡਾਰੀ ਹੈ, ਉਸ ਤੋਂ ਵੱਧ ਕੇ ਉਹ ਸਭ ਤੋਂ ਸੋਹਣੀ ਪੰਜਾਬੀ ਬੋਲਣ ਵਾਲਾ ਵੀ ਖਿਡਾਰੀ ਹੈ। ਉਸ ਵਰਗੀ ਸਿੱਧੀ-ਸਾਦੀ, ਸਪੱਸ਼ਟ ਅਤੇ ਠੇਠ ਪੰਜਾਬੀ ਬੋਲਦਾ ਹੋਰ ਕੋਈ ਖਿਡਾਰੀ ਨਹੀਂ ਸੁਣਿਆ। ਇਸੇ ਲਈ ਜਦੋਂ ਉਹ ਰੇਡੀਓ ਉਪਰ ਬੋਲ ਰਿਹਾ ਹੁੰਦਾ ਹੈ ਤਾਂ ਸੁਣਨ ਵਾਲੇ ਨੂੰ ਦੇਖਣ ਵਾਲੇ ਨਾਲੋਂ ਵੀ ਵੱਧ ਸਵਾਦ ਆਉਂਦਾ ਹੈ।

ਵਸੀਮ ਅਕਰਮ ਦਾ ਜਨਮ 3 ਜੂਨ 1966 ਨੂੰ ਲਹਿੰਦੇ ਪੰਜਾਬ ਦੀ ਰਾਜਧਾਨੀ ਲਾਹੌਰ ਵਿਖੇ ਬੇਗਮ ਅਕਰਮ ਦੀ ਕੁੱਖੋਂ ਹੋਇਆ। ਵਸੀਮ ਦੇ ਪਿਤਾ ਚੌਧਰੀ ਮੁਹੰਮਦ ਅਕਰਮ ਦਾ ਜੱਦੀ ਪਿੰਡ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਪੈਂਦਾ ਸੀ, ਜਿੱਥੋਂ ਉਹ ਵੰਡ ਵੇਲੇ ਹਿਜ਼ਰਤ ਕਰਕੇ ਲਹਿੰਦੇ ਪੰਜਾਬ ਪੁੱਜੇ। ਵਸੀਮ ਦੇ ਦੋ ਵੱਡੇ ਭਰਾ ਤੇ ਇੱਕ ਛੋਟੀ ਭੈਣ ਹੈ। ਸਵਾ ਛੇ ਫੁੱਟ ਦੇ ਗੋਰੇ ਨਿਛੋਹ ਸੁਨੱਖੇ ਕ੍ਰਿਕਟਰ ਨੇ ਆਪਣਾ ਪਹਿਲਾ ਮੈਚ 18 ਸਾਲ ਦੀ ਅੱਲੜ੍ਹ ਉਮਰ ਵਿੱਚ 1984 ਵਿੱਚ ਨਿਊਜ਼ੀਲੈਂਡ ਖਿਲਾਫ ਇੱਕ ਰੋਜ਼ਾ ਮੈਚ ਦੌਰਾਨ ਖੇਡਿਆ। 19 ਵਰ੍ਹਿਆਂ ਦੀ ਉਮਰੇ ਉਸ ਨੇ ਨਿਊਜ਼ੀਲੈਂਡ ਖਿਲਾਫ ਹੀ ਪਹਿਲਾ ਟੈਸਟ ਖੇਡਿਆ। ਦੋ ਦਹਾਕਾ ਸ਼ਾਨਦਾਰ ਕਰੀਅਰ ਵਾਲੇ ਵਸੀਮ ਨੇ ਆਪਣੇ ਖੇਡ ਜੀਵਨ ਵਿੱਚ ਪਾਕਿਸਤਾਨ ਨੂੰ 1992 ਦਾ ਵਿਸ਼ਵ ਕੱਪ ਜਿਤਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਪਾਕਿਸਤਾਨ ਨੇ ਉਸ ਨੂੰ ਕ੍ਰਿਕਟ ਖੇਡ ਵਿੱਚ ਉਮਰ ਭਰ ਦੀਆਂ ਪ੍ਰਾਪਤੀਆਂ ਬਦਲੇ ‘ਹਿਲਾਲ-ਏ-ਇਮਤਿਆਜ਼’ ਪੁਰਸਕਾਰ ਨਾਲ ਵੀ ਸਨਮਾਨਤ ਕੀਤਾ।

ਵਸੀਮ ਅਕਰਮ ਇਕਲੌਤਾ ਪਾਕਿਸਤਾਨੀ ਕ੍ਰਿਕਟਰ ਹੈ, ਜੋ ਵਿਜ਼ਡਨ ਵੱਲੋਂ ਐਲਾਨੀ ਆਲ ਟਾਈਮ ਵਿਸ਼ਵ ਟੈਸਟ ਇਲੈਵਨ ਦਾ ਹਿੱਸਾ ਰਿਹਾ ਹੈ। ਇਮਰਾਨ ਖਾਨ ਤੋਂ ਬਾਅਦ ਆਪਣੀ ਕਪਤਾਨੀ ਵਿੱਚ ਪਾਕਿਸਤਾਨ ਨੂੰ 1999 ਦੇ ਕ੍ਰਿਕਟ ਵਿਸ਼ਵ ਕੱਪ ਦੇ ਫ਼ਾਈਨਲ ਵਿੱਚ ਲਿਜਾਣ ਵਾਲਾ ਵਸੀਮ ਅਕਰਮ ਇੱਕ ਰੋਜ਼ਾ ਕ੍ਰਿਕਟ ਵਿੱਚ 500 ਵਿਕਟਾਂ ਹਾਸਲ ਕਰਨ ਵਾਲਾ ਪਹਿਲਾ ਗੇਂਦਬਾਜ਼ ਹੈ। ਇੱਕ ਰੋਜ਼ਾ ਤੇ ਟੈਸਟ ਵਿੱਚ 400-400 ਤੋਂ ਵੱਧ ਵਿਕਟਾਂ ਲੈਣ ਵਾਲਾ ਉਹ ਪਹਿਲਾ ਗੇਂਦਬਾਜ਼ ਸੀ। ‘ਏ’ ਕਲਾਸ ਕ੍ਰਿਕਟ ਵਿੱਚ 881 ਵਿਕਟਾਂ ਨਾਲ ਉਹ ਸਿਖਰ ਉਤੇ ਖੜ੍ਹਾ ਹੈ। ਇੱਕ ਰੋਜ਼ਾ ਕ੍ਰਿਕਟ ਵਿੱਚ ਉਹ 1223.5 ਅੰਕਾਂ ਨਾਲ ਇਸ ਫਾਰਮੈਟ ਦਾ ਸਿਖਰਲਾ ਗੇਂਦਬਾਜ਼ ਰਿਹਾ ਹੈ। ਇੱਕ ਰੋਜ਼ਾ ਕ੍ਰਿਕਟ ਵਿਸ਼ਵ ਕੱਪ ਵਿੱਚ ਸਭ ਤੋਂ ਵੱਧ 55 ਵਿਕਟਾਂ ਲੈਣ ਦਾ ਰਿਕਾਰਡ ਵੀ ਵਸੀਮ ਦੇ ਨਾਮ ਦਰਜ ਰਿਹਾ, ਜੋ ਬਾਅਦ ਵਿੱਚ ਮੈਕਗ੍ਰਾਥ ਨੇ 71 ਵਿਕਟਾਂ ਹਾਸਲ ਕਰਕੇ ਤੋੜਿਆ। ਮੈਕਗ੍ਰਾਥ ਨੇ ਰਿਕਾਰਡ ਤੋੜਨ ਤੋਂ ਬਾਅਦ ਇਹ ਮੰਨਿਆ ਸੀ ਕਿ ਵਸੀਮ ਉਸ ਦੀ ਨਜ਼ਰ ਵਿੱਚ ਦੁਨੀਆਂ ਦਾ ਸਰਵੋਤਮ ਤੇਜ਼ ਗੇਂਦਬਾਜ਼ ਹੈ।

ਟੈਸਟ ਕ੍ਰਿਕਟ ਵਿੱਚ ਵਸੀਮ ਨੇ 104 ਮੈਚ ਖੇਡ ਕੇ 414 ਵਿਕਟਾਂ ਹਾਸਲ ਕੀਤੀਆਂ, ਜੋ ਕਿ ਪਾਕਿਸਤਾਨ ਵੱਲੋਂ ਸਭ ਤੋਂ ਵੱਧ ਹੈ। ਇੱਕ ਰੋਜ਼ਾ ਕ੍ਰਿਕਟ ਵਿੱਚ ਉਸ ਨੇ 356 ਮੈਚ ਖੇਡ ਕੇ 502 ਵਿਕਟਾਂ ਹਾਸਲ ਕੀਤੀਆਂ, ਜੋ ਕਿ ਵਿਸ਼ਵ ਕ੍ਰਿਕਟ ਵਿੱਚ ਸ੍ਰੀਲੰਕਾ ਦੇ ਮੁਰਲੀਧਰਨ ਤੋਂ ਬਾਅਦ ਦੂਜੇ ਨੰਬਰ ਉਤੇ ਹੈ। ਟੈਸਟ ਤੇ ਇੱਕ ਰੋਜ਼ਾ ਕ੍ਰਿਕਟ ਵਿੱਚ ਦੋ-ਦੋ ਹੈਟ੍ਰਿਕ ਲੈਣ ਵਾਲਾ ਉਹ ਦੁਨੀਆਂ ਦਾ ਪਹਿਲਾ ਗੇਂਦਬਾਜ਼ ਬਣਿਆ। ਉਹ ਦੁਨੀਆਂ ਦੇ ਉਨ੍ਹਾਂ ਛੇ ਗੇਂਦਬਾਜ਼ਾਂ ਵਿੱਚ ਸ਼ਾਮਲ ਹੈ, ਜਿਸ ਨੇ ਇੱਕ ਓਵਰ ਵਿੱਚ ਚਾਰ ਵਿਕਟਾਂ ਹਾਸਲ ਕੀਤੀਆਂ, ਹਾਲਾਂਕਿ ਉਸ ਦੀ ਇੱਕ ਗੇਂਦ ਉਪਰ ਕੈਚ ਛੁਟ ਗਿਆ ਸੀ, ਨਹੀਂ ਤਾਂ ਇੱਕ ਓਵਰ ਵਿੱਚ ਪੰਜ ਵਿਕਟਾਂ ਲੈਣ ਵਾਲਾ ਉਹ ਇਕਲੌਤਾ ਤੇ ਪਲੇਠਾ ਗੇਂਦਬਾਜ਼ ਹੋਣਾ ਸੀ। ਸ਼ਾਰਜਾਹ ਕ੍ਰਿਕਟ ਗਰਾਊਂਡ ਉਤੇ ਉਸ ਨੇ ਇੱਕ ਰੋਜ਼ਾ ਮੈਚ ਵਿੱਚ 122 ਵਿਕਟਾਂ ਲਈਆਂ ਹਨ, ਜੋ ਕਿ ਕਿਸੇ ਵੀ ਗੇਂਦਬਾਜ਼ ਵੱਲੋਂ ਕਿਸੇ ਇੱਕ ਗਰਾਊਂਡ ਉਤੇ ਹਾਸਲ ਕੀਤੀਆਂ ਸਭ ਤੋਂ ਵੱਧ ਵਿਕਟਾਂ ਹਨ। ਸ਼ਾਕਿਬ ਅਲ ਹਸਨ ਨੇ ਬਾਅਦ ਵਿੱਚ ਇਸ ਰਿਕਾਰਡ ਦੀ ਬਰਾਬਰੀ ਕੀਤੀ। ਇੱਕ ਰੋਜ਼ਾ ਕ੍ਰਿਕਟ ਵਿੱਚ ਉਸ ਨੇ 23 ਵਾਰ ਚਾਰ ਜਾਂ ਚਾਰ ਤੋਂ ਵੱਧ ਵਿਕਟਾਂ ਹਾਸਲ ਕੀਤੀਆਂ। ਟੈਸਟ ਕ੍ਰਿਕਟ ਵਿੱਚ ਉਸ ਨੇ ਇੱਕ ਪਾਰੀ ਵਿੱਚ 25 ਵਾਰ ਪੰਜ ਜਾਂ ਪੰਜ ਤੋਂ ਵੱਧ ਵਿਕਟਾਂ ਅਤੇ ਇੱਕ ਟੈਸਟ ਮੈਚ ਵਿੱਚ 5 ਵਾਰ 10 ਜਾਂ 10 ਤੋਂ ਵੱਧ ਵਿਕਟਾਂ ਲਈਆਂ। ਇੱਕ ਰੋਜ਼ਾ ਕ੍ਰਿਕਟ ਵਿੱਚ ਉਸ ਦਾ ਸਰਵੋਤਮ ਪ੍ਰਦਰਸ਼ਨ 15 ਦੌੜਾਂ ਦੇ ਕੇ 5 ਵਿਕਟਾਂ ਅਤੇ ਇੱਕ ਰੋਜ਼ਾ ਕ੍ਰਿਕਟ ਵਿੱਚ 119 ਦੌੜਾਂ ਦੇ ਕੇ 7 ਵਿਕਟਾਂ ਹਨ। ਬਤੌਰ ਫੀਲਡਰ ਉਸ ਨੇ ਇੱਕ ਰੋਜ਼ਾ ਕ੍ਰਿਕਟ ਵਿੱਚ 88 ਅਤੇ ਟੈਸਟ ਕ੍ਰਿਕਟ ਵਿੱਚ 44 ਕੈਚ ਵੀ ਲਪਕੇ ਹਨ।

ਵਸੀਮ ਅਕਰਮ ਨੂੰ ਬਤੌਰ ਗੇਂਦਬਾਜ਼ ਪੁਕਾਰਨਾ ਉਸ ਦੀ ਬੱਲੇਬਾਜ਼ੀ ਨੂੰ ਅੱਖੋ-ਪਰੋਖੇ ਕਰਨ ਦੀ ਗੁਸਤਾਖੀ ਹੋਵੇਗੀ। ਉਹ ਸਹੀ ਮਾਅਨਿਆਂ ਵਿੱਚ ਹਰਫਨਮੌਲਾ ਕ੍ਰਿਕਟਰ ਸੀ, ਪਰ ਉਸ ਦੀ ਗੇਂਦਬਾਜ਼ੀ ਹੀ ਇੰਨੀ ਵਧੀਆ ਸੀ ਕਿ ਉਸ ਨੂੰ ਕਦੇ ਵੀ ਹਰਫਨਮੌਲਾ ਖਿਡਾਰੀਆਂ ਵਿੱਚ ਸ਼ਾਮਲ ਨਹੀਂ ਕੀਤਾ ਗਿਆ, ਸਗੋਂ ਇਕੱਲਾ ਗੇਂਦਬਾਜ਼ ਕਹਿ ਕੇ ਪੁਕਾਰਿਆ ਗਿਆ। ਉਸ ਦੇ ਬੱਲੇਬਾਜ਼ੀ ਦੇ ਰਿਕਾਰਡ ਕਈ ਬੱਲੇਬਾਜ਼ਾਂ ਨੂੰ ਵੀ ਮਾਤ ਪਾਉਂਦੇ ਹਨ। ਇੱਕ ਰੋਜ਼ਾ ਕ੍ਰਿਕਟ ਵਿੱਚ ਵਸੀਮ ਨੇ 3717 ਦੌੜਾਂ ਬਣਾਈਆਂ ਹਨ, ਜਦੋਂ ਕਿ ਟੈਸਟ ਵਿੱਚ 2898 ਦੌੜਾਂ ਬਣਾਈਆਂ ਹਨ। ਇੱਕ ਰੋਜ਼ਾ ਕ੍ਰਿਕਟ ਵਿੱਚ 6 ਅਰਧ ਸੈਂਕੜੇ ਲਗਾਉਣ ਵਾਲਾ ਵਸੀਮ ਵਿਸ਼ਵ ਕ੍ਰਿਕਟ ਵਿੱਚ ਮਿਸਬਾਹ ਉਲ ਹੱਕ ਤੋਂ ਬਾਅਦ ਦੂਜਾ ਬੱਲੇਬਾਜ਼ ਹੈ, ਜਿਸ ਨੇ ਬਿਨਾ ਕਿਸੇ ਸੈਂਕੜੇ ਤੋਂ ਇੰਨੀਆਂ ਦੌੜਾਂ ਬਣਾਈਆਂ ਹੋਈਆਂ ਹਨ। ਟੈਸਟ ਕ੍ਰਿਕਟ ਵਿੱਚ 3 ਸੈਂਕੜੇ ਤੇ 7 ਅਰਧ ਸੈਂਕੜੇ ਲਗਾਉਣ ਵਾਲੇ ਵਸੀਮ ਦਾ ਸਰਵੋਤਮ ਸਕੋਰ ਨਾਬਾਦ 257 ਹੈ, ਜੋ ਕਿ ਉਸ ਵੇਲੇ ਦੀ ਤਕੜੀਆਂ ਟੀਮਾਂ ਵਿੱਚ ਸ਼ੁਮਾਰ ਜ਼ਿੰਬਾਬਵੇ ਖਿਲਾਫ ਬਣਾਇਆ ਸੀ। ਅੱਠਵੇਂ ਨੰਬਰ ਉਤੇ ਖੇਡਦਿਆਂ ਕਿਸੇ ਕ੍ਰਿਕਟਰ ਵੱਲੋਂ ਬਣਾਇਆ ਇਹ ਸਭ ਤੋਂ ਵੱਡਾ ਸਕੋਰ ਹੈ। ਦੁਨੀਆਂ ਦੇ ਕਈ ਵੱਡੇ ਬੱਲੇਬਾਜ਼ ਵੀ ਆਪਣੇ ਸ਼ਾਨਦਾਰ ਟੈਸਟ ਕਰੀਅਰ ਵਿੱਚ ਉਪਰਲੇ ਕ੍ਰਮ ਵਿੱਚ ਖੇਡਣ ਦੇ ਬਾਵਜੂਦ ਇੱਕ ਵੀ ਦੋਹਰਾ ਸੈਂਕੜਾ ਨਹੀਂ ਲਗਾ ਸਕੇ, ਜੋ ਕਿ ਗੇਂਦਬਾਜ਼ ਹਰਫਨਮੌਲਾ ਕ੍ਰਿਕਟਰ ਨੇ ਅੱਠਵੇਂ ਨੰਬਰ ਉਤੇ ਆ ਕੇ ਲਗਾ ਦਿੱਤਾ। ਇਹ ਨਾਬਾਦ ਪਾਰੀ ਤੀਹਰਾ ਸੈਂਕੜਾ ਵੀ ਪਾਰ ਕਰ ਸਕਦੀ ਸੀ। ਇਸ ਪਾਰੀ ਵਿੱਚ 12 ਛੱਕੇ ਵੀ ਸ਼ਾਮਲ ਸਨ, ਜੋ ਕਿ ਹੁਣ ਤੱਕ ਕਿਸੇ ਟੈਸਟ ਪਾਰੀ ਵਿੱਚ ਸਭ ਤੋਂ ਵੱਧ ਛੱਕੇ ਮਾਰਨ ਦਾ ਰਿਕਾਰਡ ਹੈ। ਵਸੀਮ ਨੂੰ ਜੇ ਉਪਰਲੇ ਕ੍ਰਮ ਵਿੱਚ ਖਿਡਾਇਆ ਹੁੰਦਾ ਤਾਂ ਉਸ ਦਾ ਬੱਲੇਬਾਜ਼ੀ ਰਿਕਾਰਡ ਹੋਰ ਵੀ ਬਿਹਤਰ ਹੁੰਦਾ। ਅਜੋਕੇ ਟਵੰਟੀ-20 ਕ੍ਰਿਕਟ ਫਾਰਮੈਟ ਵਿੱਚ ਉਹ ਆਪਣੀ ਗੇਂਦਬਾਜ਼ੀ ਤੇ ਬੱਲੇਬਾਜ਼ੀ ਨਾਲ ਸਭ ਤੋਂ ਘਾਤਕ ਖਿਡਾਰੀ ਹੋਣਾ ਸੀ।

ਤੀਹ ਵਰ੍ਹਿਆਂ ਦੀ ਉਮਰੇ ਵਸੀਮ ਸ਼ੂਗਰ ਦੀ ਬਿਮਾਰੀ ਤੋਂ ਪੀੜਤ ਹੋਇਆ। ਹਾਲਾਂਕਿ ਉਹ ਬਹੁਤ ਹੀ ਫਿੱਟ ਖਿਡਾਰੀ ਸੀ, ਪਰ ਉਸ ਨੇ ਆਪਣੀ ਬਿਮਾਰੀ ਖੇਡ ਉਤੇ ਭਾਰੀ ਨਾ ਪੈਣ ਦਿੱਤੀ। ਵਸੀਮ ਦਾ ਹੁਮਾ ਨਾਲ 1994 ਵਿੱਚ ਨਿਕਾਹ ਹੋਇਆ ਅਤੇ ਉਸ ਦੀ ਪਤਨੀ ਦਾ 2009 ਵਿੱਚ ਚੇਨਈ ਵਿਖੇ ਜ਼ੇਰੇ ਇਲਾਜ ਦੇਹਾਂਤ ਹੋ ਗਿਆ ਸੀ। ਉਸ ਦੇ ਦੋ ਪੁੱਤਰ ਹਨ। 2013 ਵਿੱਚ ਉਸ ਨੇ ਆਸਟਰੇਲੀਅਨ ਨਾਲ ਦੁਬਾਰਾ ਨਿਕਾਹ ਕੀਤਾ। ਇਸ ਜੋੜੀ ਕੋਲ ਇੱਕ ਬੇਟੀ ਹੈ। ਵਸੀਮ ਅਕਰਮ ਦੇ ਖੇਡ ਕਰੀਅਰ ਉਤੇ ਮੈਚ ਫਿਕਸਿੰਗ ਵਰਗੇ ਦੋਸ਼ ਵੀ ਲੱਗੇ, ਜੋ ਕਿਤੇ ਵੀ ਸਾਬਤ ਨਹੀਂ ਹੋਏ। ਉਸ ਵਰਗੇ ਜਨੂੰਨ ਅਤੇ ਫਿਟਨੈਸ ਨਾਲ ਕ੍ਰਿਕਟ ਖੇਡਣ ਵਾਲਾ ਹੋਰ ਕੋਈ ਖਿਡਾਰੀ ਨਹੀਂ। 2003 ਵਿੱਚ ਉਹ ਆਪਣੀ ਰਿਟਾਇਰਮੈਂਟ ਮੌਕੇ ਵੀ ਚੋਟੀ ਉਤੇ ਕਾਬਜ਼ ਸੀ, ਜਿਵੇਂ ਕਿ ਪਾਕਿਸਤਾਨ ਵੱਲੋਂ ਵਿਸ਼ਵ ਕੱਪ ਵਿੱਚ ਸਭ ਤੋਂ ਵੱਧ ਵਿਕਟਾਂ ਲਈਆਂ। ਉਹ ਵੱਡੇ ਫੈਸਲੇ ਲੈਣ ਵਾਲਾ ਖਿਡਾਰੀ ਵੀ ਸੀ, ਜਿਸ ਨੇ 2003 ਦੇ ਵਿਸ਼ਵ ਕੱਪ ਤੋਂ ਪਹਿਲਾਂ ਵੱਕਾਰ ਯੂਨਿਸ ਦੀ ਜਗ੍ਹਾਂ ਅਜ਼ਹਰ ਮਹਿਮੂਦ ਨੂੰ ਟੀਮ ਵਿੱਚ ਸ਼ਾਮਲ ਕਰਨ ਦਾ ਦਲੇਰਾਨਾ ਫੈਸਲਾ ਲਿਆ।

ਜਬਰਦਸਤ ਗੇਂਦ ਕੰਟਰੋਲ ਵਾਲਾ ਗੇਂਦਬਾਜ਼ ਦਾ ਐਕਸ਼ਨ ਹੀ ਉਸ ਦੀ ਤਾਕਤ ਸੀ, ਕਿਉਂਕਿ ਉਹ ਆਮ ਤੇਜ਼ ਗੇਂਦਬਾਜ਼ਾਂ ਵਾਂਗ ਲੰਬੇ ਰਨ-ਅੱਪ ਅਤੇ ਜੰਪ ਮਾਰ ਕੇ ਗੇਂਦ ਨਹੀਂ ਸੁੱਟਦਾ ਸੀ। ਇਸੇ ਕਰਕੇ ਬੱਲੇਬਾਜ਼ ਨੂੰ ਤਿਆਰ ਹੋਣ ਦਾ ਮੌਕਾ ਨਹੀਂ ਮਿਲਦਾ ਸੀ। ਉਸ ਨੂੰ ਅਨੇਕਾਂ ਮੌਕਿਆਂ ‘ਤੇ ਦੁਨੀਆਂ ਦੇ ਵੱਡੇ ਬੱਲੇਬਾਜ਼ਾਂ ਜਿਵੇਂ ਕਿ ਸਚਿਨ ਤੇਂਦੂਲਕਰ, ਬਰਾਇਨ ਲਾਰਾ, ਮੈਥਿਊ ਹੇਅਡਨ, ਐਡਮ ਗਿਲਕ੍ਰਿਸਟ, ਸਨਥ ਜੈਸੂਰੀਆ ਆਦਿ ਨੂੰ ਪਹਿਲੇ ਹੀ ਓਵਰ ਵਿੱਚ ਆਊਟ ਕੀਤਾ ਹੈ। ਇਕੇਰਾਂ ਦਿੱਲੀ ਟੈਸਟ ਮੈਚ ਵਿੱਚ ਉਸ ਨੇ ਰਾਹੁਲ ਦ੍ਰਾਵਿੜ ਤੇ ਵੀ.ਵੀ. ਲਕਸ਼ਮਣ ਨੂੰ ਉਨ੍ਹਾਂ ਦੀ ਜਬਰਦਸਤ ਫਾਰਮ ਵੇਲੇ ਬੋਲਡ ਆਊਟ ਕੀਤਾ। ਦ੍ਰਾਵਿੜ ਨੂੰ ਤਾਂ ਉਸ ਨੇ ਆਪਣੀ ਗੇਂਦਬਾਜ਼ੀ ਦੀ ਵਿਭਿੰਨਤਾ ਨਾਲ ਹੀ ਬੀਟ ਕੀਤਾ। ਦੁਨੀਆਂ ਦੇ ਮੰਨੇ-ਪ੍ਰਮੰਨੇ ਬੱਲੇਬਾਜ਼ ਵਸੀਮ ਅਕਰਮ ਨੂੰ ਸਭ ਤੋਂ ਵੱਧ ਖਤਰਨਾਕ ਗੇਂਦਬਾਜ਼ ਮੰਨਦੇ ਸਨ, ਜਿਸ ਦਾ ਸਾਹਮਣਾ ਕਰਨਾ ਕੋਈ ਸੁਖਾਲਾ ਨਹੀਂ ਸੀ। ਇੱਥੋਂ ਤੱਕ ਕਿ ਉਸ ਦੇ ਸਮਕਾਲੀ ਮਹਾਨ ਤੇਜ਼ ਗੇਂਦਬਾਜ਼ ਵੀ ਆਪਣੇ ਨਾਲੋਂ ਵਧੀਆ ਮੰਨਦੇ ਸਨ। ਵਸੀਮ ਨੂੰ ਜੇ ਬਿਹਤਰ ਮਾਹੌਲ ਮਿਲਿਆ ਹੁੰਦਾ ਜਾਂ ਉਸ ਦਾ ਕਰੀਅਰ ਵਿਵਾਦਾਂ ਤੋਂ ਮੁਕਤ ਹੁੰਦਾ ਤਾਂ ਉਸ ਦੇ ਰਿਕਾਰਡ ਹੋਰ ਵੀ ਬਿਹਤਰ ਹੋਣੇ ਸਨ। ਉਸ ਨੇ ਆਈ.ਪੀ.ਐਲ. ਵਿੱਚ ਕੋਲਕਾਤਾ ਨਾਈਟ ਰਾਈਡਰਜ਼ ਦੀ ਕੋਚਿੰਗ ਕੀਤੀ ਹੈ। ਕਾਊਂਟੀ ਕ੍ਰਿਕਟ ਵਿੱਚ ਉਸ ਨੇ ਲੰਕਾਸ਼ਾਇਰ ਤੇ ਹੈਂਪਸ਼ਾਈਰ ਦੀ ਨੁਮਾਇੰਦਗੀ ਕੀਤੀ ਹੈ। ਉਹ ਸਹੀ ਮਾਅਨਿਆਂ ਵਿੱਚ ਕ੍ਰਿਕਟ ਦਾ ਲਿਵਿੰਗ ਲੀਜੈਂਡ ਹੈ।

ਭਾਰਤ ਵਿੱਚ ਵਸੀਮ ਅਕਰਮ ਦੀ ਬਹੁਤ ਮਕਬੂਲੀਅਤ ਹੈ। ਕਪਿਲ ਸ਼ਰਮਾ ਸ਼ੋਅ ਵਿੱਚ ਉਸ ਦੀ ਹਾਜ਼ਰ ਜਵਾਬੀ ਅਤੇ ਮਿੱਠੀ ਪੰਜਾਬੀ ਬੋਲੀ ਸਰੋਤਿਆਂ ਦੇ ਢਿੱਡੀ ਪੀੜਾਂ ਪਾ ਦਿੰਦੀ ਹੈ। ਵਸੀਮ ਨੇ ਜਿੱਥੇ ਆਪਣੀ ਸਵੈ-ਜੀਵਨੀ ‘ਸੁਲਤਾਨ’ ਸਮੇਤ ਹੋਰ ਕਿਤਾਬਾਂ ਵੀ ਲਿਖੀਆਂ, ਉਥੇ ਮਾਡਲਿੰਗ ਵੀ ਕੀਤੀ ਅਤੇ ਇੱਕ ਹਿੰਦੀ ਤੇ ਤਿੰਨ ਉਰਦੂ ਟੈਲੀਵਿਜ਼ਨ ਪ੍ਰੋਗਰਾਮਾਂ ਸਮੇਤ ਇੱਕ ਫਿਲਮ ਵਿੱਚ ਵੀ ਕੰਮ ਕੀਤਾ। ਲਕਸ ਸਟਾਈਲ ਐਵਾਰਡ ਵਿੱਚ ਉਸ ਨੂੰ 2003 ਵਿੱਚ ਮੋਸਟ ਸਟਾਈਲਿਸ਼ ਸਪੋਰਟਸਪਰਸਨ ਦਾ ਸਨਮਾਨ ਵੀ ਮਿਲਿਆ।

# ਪੰਜਾਬੀ ਲੋਕ ਅਤੇ ਯੂ.ਏ.ਈ.

## ਦੋਵੇਂ ਕਰ ਰਹੇ ਹਨ ਇੱਕ ਦੂਜੇ ਦਾ ਵਿਕਾਸ

ਬੋਲਦੇ ਪੰਨੇ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



**ਪੰਜਾਬੀ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ ਵੱਸੇ ਹੋਏ ਹਨ ਤੇ ਆਪਣੀ ਮਿਹਨਤ, ਲਿਆਕਤ ਅਤੇ ਮੁਹੱਬਤ ਸਦਕਾ ਨਿਰੰਤਰ ਉਚੇਰੇ ਮੁਕਾਮ ਹਾਸਿਲ ਕਰ ਰਹੇ ਹਨ। ਯੂ.ਏ.ਈ. ਵਿੱਚ ਤਾਂ ਪੰਜਾਬੀ ਕੰਮ ਕਰਨ ਦੀ ਦ੍ਰਿੜਤਾ ਦੀ ਬਦੌਲਤ ਇਸ ਖਿੱਤੇ ਨੂੰ ਵੀ ਅੱਗੇ ਵਧਾਅ ਰਹੇ ਹਨ ਤੇ ਆਪ ਵੀ ਖ਼ੁਸ਼ਹਾਲ ਹੋਣ ਦਾ ਯਤਨ ਕਰ ਰਹੇ ਹਨ। ਯੂ.ਏ.ਈ. ਦੇ ਭਾਰਤ ਨਾਲ ਆਰਥਿਕ ਅਤੇ ਸਿਆਸੀ ਰਿਸ਼ਤੇ ਸਦੀਆਂ ਪੁਰਾਣੇ ਹਨ। ਯੂ.ਏ.ਈ. ਵਿੱਚ ਭਾਰਤੀ ਰੁਪਏ ਅਤੇ ਭਾਰਤੀ ਡਾਕ ਟਿਕਟਾਂ ਨੂੰ ਪ੍ਰਵਾਨ ਕਰ ਲਿਆ ਜਾਂਦਾ ਸੀ। ਸਗੋਂ ਭਾਰਤੀ ਰੁਪਿਆ ਤਾਂ ਸੰਨ 1947 ਵਿੱਚ ਹੋਈ ਭਾਰਤ-ਪਾਕਿ ਵੰਡ ਤੋਂ ਬਾਅਦ ਵੀ ਇੱਥੇ ਚੱਲਦਾ ਰਿਹਾ ਸੀ।**



ਦੁਬਈ ਦੇ ਨਿਰਮਾਣ ਦੌਰਾਨ ਕੰਮ ਵਿੱਚ ਜੁਟੇ ਕਾਮੇ

ਜਦੋਂ ਪੰਜਾਬੀਆਂ ਲਈ ਰੋਜ਼ੀ-ਰੋਟੀ ਕਮਾਉਣ ਖ਼ਾਤਿਰ ਵਿਦੇਸ਼ੀ ਮੁਲਕਾਂ ਵਿੱਚ ਜਾਣ ਦੀ ਗੱਲ ਆਉਂਦੀ ਹੈ ਤਾਂ ਜਿਨ੍ਹਾਂ ਪੰਜਾਬੀਆਂ ਕੋਲ ਆਪਣੇ ਚਾਰ ਪੈਸੇ ਹੁੰਦੇ ਹਨ ਤੇ ਨਾਲ ਜਿਹੜੇ ਥੋੜ੍ਹਾ ਬਹੁਤ ਇੱਧਰੋਂ-ਉਧਰੋਂ ਦੋਸਤਾਂ-ਰਿਸ਼ਤੇਦਾਰਾਂ ਕੋਲੋਂ ਪੈਸੇ ਦਾ ਬੰਦੋਬਸਤ ਕਰ ਲੈਂਦੇ ਹਨ, ਉਹ ਕੈਨੇਡਾ, ਅਮਰੀਕਾ, ਇੰਗਲੈਂਡ, ਫ਼ਰਾਂਸ, ਜਰਮਨੀ, ਇਟਲੀ, ਆਸਟਰੇਲੀਆ ਜਾਂ ਫਿਰ ਨਿਊਜ਼ੀਲੈਂਡ ਜਿਹੇ ਵੱਡੇ ਮੁਲਕਾਂ ਵੱਲ ਪਰਵਾਸ ਕਰ ਜਾਂਦੇ ਹਨ। ਜਿਹੜੇ ਪੰਜਾਬੀ ਆਪਣੀ ਹੈਸੀਅਤ ਅਨੁਸਾਰ ਵੱਡੀਆਂ ਰਕਮਾਂ ਨਹੀਂ ਖ਼ਰਚ ਸਕਦੇ, ਉਹ ਕੁਵੈਤ, ਦੋਹਾ-ਕਤਰ ਜਾਂ ਯੂ.ਏ.ਈ. ਭਾਵ ਸੰਯੁਕਤ ਅਰਬ ਅਮੀਰਾਤ ਵੱਲ ਨੂੰ ਉਡਾਰੀ ਮਾਰ ਦਿੰਦੇ ਹਨ ਤੇ ਉੱਥੇ ਜਾ ਕੇ ਹੱਡ-ਭੰਨ੍ਹਵੀਂ ਮਿਹਨਤ ਕਰਦਿਆਂ ਭਰਪੂਰ ਪਸੀਨਾ ਵਹਾ ਕੇ ਆਪਣਾ ਪਰਿਵਾਰ ਪਾਲਣ ਜੋਗਾ ਚੋਗਾ ਚੁਗ ਲੈਂਦੇ ਹਨ। ਸੰਯੁਕਤ ਅਰਬ ਅਮੀਰਾਤ ਵਿਖੇ ਲੋਕਾਂ ਦਾ ਜੀਵਨ ਪੱਧਰ ਉੱਚਾ ਹੋਣ ਕਰਕੇ ਕਈ ਵੱਡੇ ਵਪਾਰੀ ਤੇ ਧਨਾਢ ਪੰਜਾਬੀ ਵੀ ਉਥੇ ਜਾਣਾ ਪਸੰਦ ਕਰਦੇ ਹਨ।

ਯੂ.ਏ.ਈ. ਦੇ ਤਿੰਨ ਵੱਡੇ ਟਿਕਾਣਿਆਂ ਭਾਵ ਦੁਬਈ, ਆਬੂਧਾਬੀ ਅਤੇ ਸ਼ਾਰਜਾਹ ਵਿਖੇ ਪੰਜਾਬੀ ਵੱਡੀ ਗਿਣਤੀ ਵਿੱਚ ਜਾਂਦੇ ਹਨ ਤੇ ਇੱਕ ਜਾਣਕਾਰੀ ਅਨੁਸਾਰ ਯੂ.ਏ.ਈ. ਵਿਖੇ 50 ਹਜ਼ਾਰ ਦੇ ਕਰੀਬ ਪੰਜਾਬੀ ਵੱਸਦੇ ਹਨ। ਉਂਜ ਇੱਥੇ ਵੱਸਣ ਵਾਲੇ ਕੁੱਲ ਭਾਰਤੀਆਂ ਦੀ ਸੰਖਿਆ 38 ਲੱਖ ਤੋਂ ਵੀ ਵੱਧ ਹੈ ਤੇ ਇਹ ਅੰਕੜਾ ਯੂ.ਏ.ਈ. ਦੀ ਕੁੱਲ ਆਬਾਦੀ ਦਾ 38 ਫ਼ੀਸਦੀ ਦੇ ਕਰੀਬ ਬਣਦਾ ਹੈ।

ਪ੍ਰਾਪਤ ਜਾਣਕਾਰੀ ਤੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਬੀਤੇ ਕੁਝ ਕੁ ਵਰ੍ਹਿਆਂ ਵਿੱਚ ਪੰਜਾਬੀਆਂ ਦਾ ਯੂ.ਏ.ਈ. ਵੱਲ ਨੂੰ ਮੁਹਾਰਾਂ ਮੋੜਨ ਦਾ ਰੁਝਾਨ ਪਿਛਲੇ ਸਮਿਆਂ ਦੇ ਮੁਕਾਬਲਤਨ ਥੋੜ੍ਹਾ ਵਧ ਗਿਆ ਹੈ। ਅਜਿਹਾ ਸ਼ਾਇਦ ਇਸ ਕਰਕੇ ਹੈ ਕਿ ਇੱਥੇ ਰੁਜ਼ਗਾਰ ਦੇ ਕਾਫੀ ਮੌਕੇ ਉਪਲਬਧ ਹਨ ਤੇ ਇੱਥੇ ਪਹੁੰਚਣਾ ਘੱਟ ਖ਼ਰਚੀਲਾ ਵੀ ਹੈ। ਇੱਥੇ ਆਏ ਮੱਧਮ ਵਰਗ ਅਤੇ ਅਮੀਰ ਵਰਗ ਦੇ ਪੰਜਾਬੀਆਂ ਨੇ ਭਵਨ ਨਿਰਮਾਣ, ਮਹਿਮਾਨ ਨਵਾਜ਼ੀ, ਟਰਾਂਸਪੋਰਟ ਅਤੇ ਫ਼ਾਇਨਾਂਸ ਦੇ ਕੰਮਾਂ ਵਿੱਚ ਵੱਡਾ ਯੋਗਦਾਨ ਪਾ ਕੇ ਯੂ.ਏ.ਈ. ਦੀ ਅਰਥਵਿਵਸਥਾ ਨੂੰ ਵੱਡਾ ਹੁਲਾਰਾ ਦਿੱਤਾ ਹੈ। ਇੱਕ ਬੜਾ ਹੀ ਦਿਲਚਸਪ ਤੱਥ ਇਹ ਵੀ ਹੈ ਕਿ ਕੇਵਲ ਪੰਜਾਬ ਜਾਂ ਭਾਰਤ ਤੋਂ ਹੀ ਨਹੀਂ ਸਗੋਂ ਯੂ.ਕੇ., ਯੂ.ਐਸ.ਏ. ਅਤੇ ਕੈਨੇਡਾ ਵਿੱਚ ਵੱਸਦੇ ਪੰਜਾਬੀਆਂ ਵੱਲੋਂ ਵੀ ਯੂ.ਏ.ਈ. ਵਿਖੇ ਆ ਕੇ ਕਾਰੋਬਾਰ ਅਤੇ ਨੌਕਰੀਆਂ ਕੀਤੀਆਂ ਜਾ ਰਹੀਆਂ ਹਨ।

ਬੇਹੱਦ ਖ਼ੂਬਸੂਰਤ ਕਹੇ ਜਾਂਦੇ ਦੁਬਈ ਵਿਖੇ ਪੰਜਾਬੀ ਸਿੱਖਾਂ ਦੁਆਰਾ ਉਸਾਰਿਆ ਗੁਰਦੁਆਰਾ ਗੁਰੂ ਨਾਨਕ ਦਰਬਾਰ ਸ਼ਾਨਦਾਰ ਭਵਨ ਕਲਾ ਦਾ ਇੱਕ ਖ਼ੂਬਸੂਰਤ ਨਮੂਨਾ ਹੈ। ਇਸ ਪਾਵਨ ਧਾਮ ਦੀ ਉਸਾਰੀ ਸੰਨ 2010 ਵਿੱਚ ਅਰੰਭ ਹੋਈ ਸੀ ਤੇ ਇਸਦੀ ਸਮਰੱਥਾ ਐਨੀ ਕੁ ਹੈ ਕਿ ਇੱਕ ਵਕਤ ਵਿੱਚ ਇੱਥੇ ਤਿੰਨ ਹਜ਼ਾਰ ਤੋਂ ਵੱਧ ਸ਼ਰਧਾਲੂ ਆਸਾਨੀ ਨਾਲ ਬੈਠ ਕੇ ਗੁਰੂ ਜਸ ਗਾ/ਸਰਵਣ ਸਕਦੇ ਹਨ। ਇਸ ਗੁਰਦੁਆਰਾ ਸਾਹਿਬ 'ਤੇ ਅੰਦਾਜ਼ਨ 200 ਕਰੋੜ ਰੁਪਏ ਦੀ ਲਾਗਤ ਆਈ ਦੱਸੀ ਜਾਂਦੀ ਹੈ। ਕਿੰਨੀ ਸੁਭਾਗੀ ਗੱਲ ਹੈ ਕਿ ਇਸ ਪਵਿੱਤਰ ਧਾਮ ਦੇ ਨਿਰਮਾਣ ਲਈ ਦੁਬਈ ਦੇ ਸ਼ੇਖ਼ ਮੁਹੰਮਦ ਬਿਨ ਰਾਸ਼ਿਦ ਵੱਲੋਂ ਲਗਪਗ 25,400 ਵਰਗ ਫੁੱਟ ਜਗ੍ਹਾ ਪ੍ਰਦਾਨ ਕੀਤੀ ਗਈ ਸੀ। ਇਸਦੀ ਸੰਰਚਨਾ ਮਸ਼ਹੂਰ ਇੰਟੀਰਿਅਰ ਡਿਜ਼ਾਇਨਰ ਪਾਲ ਬਿਸ਼ਪ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਅਤੇ ਲੰਦਨ ਦੇ ਸਾਊਥਹਾਲ ਵਿਖੇ ਸਥਿਤ ਗੁਰਦੁਆਰਾ ਸਾਹਿਬ ਦੀ ਭਵਨ ਕਲਾ ਨੂੰ ਧਿਆਨ 'ਚ ਰੱਖ ਕੇ ਤਿਆਰ ਕੀਤੀ ਗਈ ਹੈ। ਇੱਥੇ ਇੱਕ ਵੱਡਾ ਹਾਲ ਹੈ, ਜਿੱਥੇ ਕੋਈ ਵੀ ਪਿੱਲਰ ਭਾਵ ਥੰਮ੍ਹ ਨਹੀਂ ਹੈ। ਇੱਥੇ ਇੱਕ ਲਾਇਬ੍ਰੇਰੀ ਤੋਂ ਇਲਾਵਾ ਐਨਾ ਵਿਸ਼ਾਲ ਲੰਗਰ ਹਾਲ ਹੈ, ਜਿੱਥੇ ਦਸ ਹਜ਼ਾਰ ਦੇ ਕਰੀਬ ਸ਼ਰਧਾਲੂ ਆਰਾਮ ਨਾਲ ਲੰਗਰ ਛਕ ਸਕਦੇ ਹਨ। ਪੰਜਾਬੀਆਂ ਦੀ ਨਵੀਂ ਪਨੀਰੀ ਭਾਵ ਅਗਲੀ ਪੀੜ੍ਹੀ ਨੂੰ ਗੁਰੂ ਘਰ ਅਤੇ ਮਾਂ ਬੋਲੀ ਨਾਲ ਜੋੜੀ ਰੱਖਣ ਲਈ ਇੱਥੇ ਹਰ ਸ਼ਨੀਵਾਰ ਨੂੰ ਪੰਜਾਬੀ ਬੋਲੀ ਸਿਖਾਈ ਜਾਂਦੀ ਹੈ ਅਤੇ ਗੁਰਬਾਣੀ ਕੀਰਤਨ ਦੀ ਸਿਖਲਾਈ ਵੀ ਪ੍ਰਦਾਨ ਕੀਤੀ ਜਾਂਦੀ ਹੈ। ਸੰਨ 2016 ਵਿੱਚ ਇੱਥੇ 101 ਮੁਲਕਾਂ ਤੋਂ ਆਈ ਸੰਗਤ ਨੇ ਜੁੜ ਕੇ ਗੁਰੂ ਜਸ ਗਾਇਨ ਕਰਨ ਦਾ ਵਿਸ਼ਵ ਰਿਕਾਰਡ ਕਾਇਮ ਕੀਤਾ ਸੀ। ਜ਼ਿਕਰਯੋਗ ਹੈ ਕਿ ਦੁਬਈ ਦੇ ਸ਼ੇਖ਼ਾਂ ਨੇ ਇਸ ਗੁਰਦੁਆਰਾ ਸਾਹਿਬ ਨੂੰ ਟੈਕਸ ਮੁਕਤ ਰੱਖਿਆ ਹੋਇਆ ਹੈ।

ਇੱਥੇ ਇਤਿਹਾਸ ਦੇ ਪੰਨੇ ਫ਼ਰੋਲਦਿਆਂ ਪਤਾ ਲੱਗਦਾ ਹੈ ਕਿ ਯੂ.ਏ.ਈ. ਦੇ ਭਾਰਤ ਨਾਲ ਆਰਥਿਕ ਅਤੇ ਸਿਆਸੀ ਰਿਸ਼ਤੇ ਤਾਂ ਸਦੀਆਂ ਪੁਰਾਣੇ ਹਨ। 19ਵੀਂ ਸਦੀ ਵਿੱਚ ਯੂ.ਏ.ਈ. ਲਗਪਗ ਆਜ਼ਾਦ ਹੀ ਸੀ, ਪਰ ਇੱਥੋਂ ਦਾ ਰਾਜ ਪ੍ਰਸ਼ਾਸਨ ਬਰਤਾਨਵੀ ਹਕੂਮਤ ਦੁਆਰਾ ਚਲਾਇਆ ਜਾਂਦਾ ਸੀ, ਜਦੋਂ ਕਿ ਇੱਥੋਂ ਦੀ ਵਪਾਰ ਅਤੇ ਬੈਂਕਿੰਗ ਪ੍ਰਣਾਲੀ ਦੀ ਵਿਵਸਥਾ ਦਾ ਸੰਚਾਲਨ ਭਾਰਤ ਦੇ 'ਖੋਜਾ' ਅਤੇ 'ਕੂਚੀ' ਸਮਾਜ ਦੇ ਲੋਕਾਂ ਵੱਲੋਂ ਕੀਤਾ ਜਾਂਦਾ ਸੀ। ਇੱਥੋਂ ਦੇ ਸ਼ਾਸ਼ਕਾਂ ਨੇ ਸੰਨ 1853 ਵਿੱਚ ਬਰਤਾਨਵੀਆਂ ਨਾਲ ਪ੍ਰਸ਼ਾਸਨਿਕ ਕਾਰਜਾਂ ਸਬੰਧੀ ਇੱਕ ਸਮਝੌਤਾ ਵੀ ਕੀਤਾ ਸੀ। ਯੂ.ਏ.ਈ. ਵਿੱਚ ਭਾਰਤੀ ਰੁਪਏ ਅਤੇ ਭਾਰਤੀ ਡਾਕ ਟਿਕਟਾਂ ਨੂੰ ਪ੍ਰਵਾਨ ਕਰ ਲਿਆ ਜਾਂਦਾ ਸੀ। ਭਾਰਤੀ ਰੁਪਿਆ ਤਾਂ ਸੰਨ 1947 ਵਿੱਚ ਹੋਈ ਭਾਰਤ-ਪਾਕਿ ਵੰਡ ਤੋਂ ਬਾਅਦ ਵੀ ਇੱਥੇ ਚੱਲਦਾ ਰਿਹਾ ਸੀ। ਦੁਨੀਆਂ ਦੇ ਇਸ ਖਿੱਤੇ ਵਿੱਚ ਕੱਚਾ ਤੇਲ ਪੈਦਾ ਹੋਣ ਬਾਰੇ ਪਤਾ ਲੱਗਣ 'ਤੇ ਸੰਨ 1960 ਦੇ ਆਸਪਾਸ ਅਤੇ ਉਸ ਤੋਂ ਬਾਅਦ ਇੱਥੇ ਭਾਰਤ ਤੋਂ ਆਉਣ ਵਾਲੇ ਕਾਰੀਗਰਾਂ ਅਤੇ ਮਜ਼ਦੂਰਾਂ ਦੀ ਸੰਖਿਆ ਕਾਫੀ ਵਧ ਗਈ ਸੀ ਤੇ ਪੰਜਾਬੀ ਲੋਕ ਵੀ ਰੁਜ਼ਗਾਰ ਦੀ ਤਲਾਸ਼ ਵਿੱਚ ਇੱਥੇ ਵੱਡੀ ਸੰਖਿਆ ਵਿੱਚ ਆ ਵੱਸਣੇ ਸ਼ੁਰੂ ਹੋ ਗਏ ਸਨ।

ਵੀਹਵੀਂ ਸਦੀ ਦੇ ਸੱਤਵੇਂ ਅਤੇ ਅੱਠਵੇਂ ਦਹਾਕੇ ਵਿੱਚ ਇੱਥੇ ਫੈਲੇ ਕੱਚੇ ਤੇਲ ਦੇ ਕਾਰੋਬਾਰ ਅਤੇ ਦੁਬਈ ਵਿੱਚ ਵਿਕਸਿਤ ਹੋਏ 'ਫ੍ਰੀ ਟਰੇਡ' ਭਾਵ 'ਟੈਕਸ ਮੁਕਤ ਵਪਾਰ' ਨੇ ਭਾਰਤੀਆਂ ਅਤੇ ਖ਼ਾਸ ਕਰਕੇ ਪੰਜਾਬੀਆਂ ਦੀ ਇੱਥੇ ਆਮਦ ਬਹੁਤ ਵਧਾ ਦਿੱਤੀ ਸੀ। ਬੜਾ ਹੀ ਦਿਲਚਸਪ ਤੱਥ ਹੈ ਕਿ ਯੂ.ਏ.ਈ. ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਤੇ ਕਾਰੀਗਰਾਂ ਵਿੱਚੋਂ 99% ਵਿਦੇਸ਼ੀ ਹਨ, ਜਿਨ੍ਹਾਂ ਵਿੱਚੋਂ ਵਧੇਰੇ ਸੰਖਿਆ ਭਾਰਤੀਆਂ ਅਤੇ ਪੰਜਾਬੀਆਂ ਦੀ ਹੈ। ਇੱਥੋਂ ਦੇ ਦਫ਼ਤਰਾਂ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਵਿੱਚੋਂ 40 ਫ਼ੀਸਦੀ ਦੇ ਕਰੀਬ ਕਰਮਚਾਰੀ ਭਾਰਤੀ ਮੂਲ ਦੇ ਹੀ ਹਨ। ਇੱਥੋਂ ਦੇ ਉੱਚ-ਸਿੱਖਿਆ ਦੇ ਖੇਤਰ 'ਗਲਫ਼ ਮੈਡੀਕਲ ਯੂਨੀਵਰਸਿਟੀ' ਵਿੱਚ ਭਾਰਤ ਦਾ ਵੱਡਾ ਯੋਗਦਾਨ ਮੰਨਿਆ ਜਾਂਦਾ ਹੈ, ਜਿੱਥੇ 70 ਮੁਲਕਾਂ ਦੇ ਵਿਦਿਆਰਥੀ ਆ ਕੇ ਉੱਚ-ਪੱਧਰੀ ਮੈਡੀਕਲ ਸਿੱਖਿਆ ਹਾਸਿਲ ਕਰਦੇ ਹਨ। ਇਸੇ ਤਰ੍ਹਾਂ ਭਾਰਤੀ ਮੂਲ ਦੇ ਸ੍ਰੀ ਕਮਲ ਪੁਰੀ ਵੱਲੋਂ ਇੱਥੇ ਸਥਾਪਿਤ ਕੀਤੀ 'ਸਕਾਈਲਾਈਨ ਯੂਨੀਵਰਸਿਟੀ' ਵੀ ਯੂ.ਏ.ਈ. ਦੇ ਸਿੱਖਿਆ ਪ੍ਰਸਾਰ ਵਿੱਚ ਵੱਡਾ ਯੋਗਦਾਨ ਪਾ ਰਹੀ ਹੈ।

ਖ਼ੂਬਸੂਰਤ ਦੁਬਈ ਵਿਖੇ ਨਾ ਕੇਵਲ ਭਾਰਤੀ ਫ਼ਿਲਮਾਂ ਦੀ ਸ਼ੂਟਿੰਗ ਕੀਤੀ ਜਾਂਦੀ ਹੈ, ਸਗੋਂ ਇੱਥੇ 'ਇੰਟਰਨੈਸ਼ਨਲ ਫ਼ਿਲਮ ਅਕੈਡਮੀ ਐਵਾਰਡ, ਏਸ਼ੀਆਨੈੱਟ ਫ਼ਿਲਮ ਐਵਾਰਡ ਅਤੇ ਫ਼ਿਲਮਫ਼ੇਅਰ ਐਵਾਰਡ ਸਮਾਰੋਹ' ਆਦਿ ਜਿਹੇ ਕੌਮੀ ਅਤੇ ਕੌਮਾਂਤਰੀ ਸਮਾਗਮ ਵੀ ਆਯੋਜਿਤ ਕੀਤੇ ਜਾਂਦੇ ਹਨ। ਸੋ ਭਾਰਤੀਆਂ ਨਾਲ ਤੇ ਖ਼ਾਸ ਕਰਕੇ ਪੰਜਾਬੀਆਂ ਨਾਲ ਯੂ.ਏ.ਈ. ਦਾ ਬੜਾ ਹੀ ਪਿਆਰ ਅਤੇ ਸਹਿਯੋਗ ਭਰਿਆ ਨਾਤਾ ਹੈ। ਇੱਥੇ ਵੱਸਦੇ ਪੰਜਾਬੀ ਮਿਹਨਤ ਅਤੇ ਲਿਆਕਤ ਦੀ ਬਦੌਲਤ ਇਸ ਖਿੱਤੇ ਨੂੰ ਵੀ ਅੱਗੇ ਵਧਾਅ ਰਹੇ ਹਨ ਤੇ ਆਪ ਵੀ ਖ਼ੁਸ਼ਹਾਲ ਹੋਣ ਦਾ ਯਤਨ ਕਰ ਰਹੇ ਹਨ। ਇਧਰ ਭਾਰਤੀ ਪੰਜਾਬ 'ਚ ਰਹਿੰਦਿਆਂ ਹੋਇਆਂ ਕੋਈ ਵਿਅਕਤੀ ਕਿਸੇ ਕਾਰੋਬਾਰ ਤੋਂ ਜੇਕਰ ਚੰਗੇ ਪੈਸੇ ਕਮਾਉਣ ਲੱਗ ਪਏ ਤਾਂ ਲੋਕ ਆਖਣ ਲੱਗ ਜਾਂਦੇ ਹਨ, "ਓ ਭਾਈ, ਇਸਦੀ ਤਾਂ ਇੱਥੇ ਹੀ ਦੁਬਈ ਬਣੀ ਪਈ ਹੈ।" ਇਹ ਵਾਕ ਦੱਸਦਾ ਹੈ ਕਿ ਦੁਬਈ ਅਤੇ ਸਮੁੱਚਾ ਯੂ.ਏ.ਈ. ਪੰਜਾਬੀਆਂ ਦੀ ਖ਼ੁਸ਼ਹਾਲੀ ਵਿੱਚ ਵਾਧਾ ਕਰਨ 'ਚ ਮਹੱਤਵਪੂਰਨ ਸਥਾਨ ਰੱਖਦਾ ਹੈ।

## ਰਾਜੋਆਣਾ ਤੇ ਭੁੱਲਰ ਸਮੇਤ ਸਿੱਖ ਬੰਦੀਆਂ ਦੀ ਰਿਹਾਈ ਦਾ ਮਾਮਲਾ ਲਟਕਿਆ

⇒ *ਸਫਾ ਇੱਕ ਦੀ ਬਾਕੀ ...*

ਟੋਲ ਪਲਾਜ਼ਿਆਂ 'ਤੇ ਰੋਸ ਪ੍ਰਦਰਸ਼ਨ ਕੀਤੇ ਗਏ।

ਕੌਮੀ ਇਨਸਾਫ ਮੋਰਚੇ ਦੇ ਆਗੂਆਂ ਪਾਲ ਸਿੰਘ ਫਰਾਂਸ, ਐਡਵੋਕੇਟ ਗੁਰਸ਼ਰਨ ਸਿੰਘ, ਜਸਵਿੰਦਰ ਸਿੰਘ ਰਾਜਪੁਰਾ, ਰਵਿੰਦਰ ਸਿੰਘ ਵਜੀਦਪੁਰ, ਬਲਵਿੰਦਰ ਸਿੰਘ ਕਾਲਾ ਅਤੇ ਬਲਬੀਰ ਸਿੰਘ ਬੈਰੋਂਪੁਰ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਕੇਂਦਰ ਸਰਕਾਰ ਵਲੋਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੰਘਾਂ ਨੂੰ ਜਾਣ-ਬੁਝ ਕੇ ਰਿਹਾਅ ਨਹੀਂ ਕੀਤਾ ਜਾ ਰਿਹਾ। ਜੇ ਸਰਕਾਰ ਵੱਲੋਂ ਸਿੰਘਾਂ ਨੂੰ ਰਿਹਾਅ ਨਾ ਕੀਤਾ ਗਿਆ ਤਾਂ ਸੰਘਰਸ਼ ਨੂੰ ਤੇਜ਼ ਕੀਤਾ ਜਾਵੇਗਾ। ਇਸੇ ਦਰਮਿਆਨ, ਦਲ ਖਾਲਸਾ ਵੱਲੋਂ ਭਾਰਤ ਵਿੱਚ ਗਣਤੰਤਰ ਦਿਵਸ ਦੀ ਪ੍ਰੇਡ ਵਿੱਚ ਸ਼ਾਮਲ ਹੋਣ ਲਈ ਆਏ ਫਰਾਂਸ ਦੇ ਰਾਸ਼ਟਰਪਤੀ ਮੈਕਰੋਨ ਨੂੰ ਭਾਰਤ ਸਰਕਾਰ ਕੋਲ ਸਿੱਖ ਮਸਲੇ ਉਠਾਉਣ ਲਈ ਦਿੱਲੀ ਵਿਖੇ ਫਰਾਂਸ ਦੇ ਰਾਜਦੂਤ ਰਾਹੀਂ ਇੱਕ ਮੰਗ ਪੱਤਰ ਵੀ ਦਿੱਤਾ ਗਿਆ। ਪੱਤਰ ਵਿੱਚ ਮੰਗ ਕੀਤੀ ਗਈ ਕਿ ਉਹ ਸਿੱਖਾਂ ਦੇ ਪਰਦੇਸਾਂ ਵਿੱਚ ਮਿੱਥ ਕੇ ਕੀਤੇ ਜਾ ਰਹੇ ਕਤਲਾਂ, ਮਨੁੱਖੀ ਅਧਿਕਾਰਾਂ ਦੀ ਬਹਾਲੀ ਅਤੇ ਜੇਲ੍ਹਾਂ ਵਿੱਚ ਬੰਦ ਕੈਦੀਆਂ ਲਈ ਇਕਸਾਰ ਨਿਯਮ ਅਪਨਾਉਣ ਦਾ ਮਸਲਾ ਉਠਾਉਣ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਦਲ ਖਾਲਸਾ ਅਤੇ ਅਕਾਲੀ ਦਲ (ਅੰਮ੍ਰਿਤਸਰ) ਵਲੋਂ ਇਸ ਵਾਰ ਗਣਤੰਤਰ ਦਿਵਸ ਨੂੰ 'ਕਾਲੇ ਦਿਵਸ' ਵਜੋਂ ਮਨਾਇਆ ਗਿਆ।

ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਦੇ ਮਾਮਲੇ ਵਿੱਚ ਜੇਲ੍ਹ ਵਿੱਚ ਬੰਦ ਬਲਵੰਤ ਸਿੰਘ ਰਾਜੋਆਣਾ ਵੱਲੋਂ ਰਾਸ਼ਟਰਪਤੀ ਕੋਲ ਪਈ ਪਟੀਸ਼ਨ ਨੂੰ ਵਾਪਸ ਲੈਣ ਜਾਂ ਉਸ ਦਾ ਨਿਪਟਾਰਾ ਕਰਨ ਸਬੰਧੀ ਦਿੱਤੀ ਗਈ 27 ਜਨਵਰੀ ਤੱਕ ਦੀ ਮੋਹਲਤ ਖਤਮ ਹੋ ਗਈ ਹੈ, ਪਰ ਇਸ ਮਾਮਲੇ 'ਚ ਵੀ ਕੋਈ ਰਾਹ ਨਿਕਲਦਾ ਵਿਖਾਈ ਨਹੀਂ ਦਿੱਤਾ। ਇਸ ਮਾਮਲੇ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਗ੍ਰਹਿ ਮੰਤਰੀ ਨੂੰ ਲਿਖੇ ਗਏ ਪੱਤਰ ਦਾ ਹਾਲੇ ਤੱਕ ਕੋਈ ਜਵਾਬ ਨਹੀਂ ਮਿਲਿਆ। ਕਮੇਟੀ ਵਲੋਂ ਰਾਜੋਆਣਾ ਦੀ ਰਿਹਾਈ ਸਬੰਧੀ ਗੱਲ ਕਰਨ ਲਈ ਗ੍ਰਹਿ ਮੰਤਰਾਲੇ ਤੋਂ ਸਮਾਂ ਮੰਗਿਆ ਗਿਆ ਸੀ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਗਿਆ ਸੀ ਅਤੇ ਉਨ੍ਹਾਂ ਨੇ ਆਪਣੇ ਜਵਾਬੀ ਪੱਤਰ ਵਿੱਚ ਗ੍ਰਹਿ ਮੰਤਰੀ ਨਾਲ ਗੱਲ ਕਰਨ ਲਈ ਕਿਹਾ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਅਨੁਸਾਰ ਪਿਛੇ ਜਿਹੇ ਤੱਕ ਕੇਂਦਰ ਸਰਕਾਰ ਰਾਮ ਮੰਦਰ ਸਮਾਗਮ ਅਤੇ ਗਣਤੰਤਰ ਦਿਵਸ ਸਬੰਧੀ ਸਮਾਗਮਾਂ ਵਿੱਚ ਰੁੱਝੀ ਰਹੀ ਹੈ। ਇਸ ਤੋਂ ਇਲਾਵਾ ਕੇਂਦਰੀ ਗ੍ਰਹਿ ਮੰਤਰੀ ਦੀ ਭੈਣ ਦਾ ਦਿਹਾਂਤ ਹੋਣ ਕਾਰਨ ਮਸਲੇ ਨਾਲ ਨਜਿੱਠਣ ਵਿੱਚ ਦੇਰੀ ਹੋ ਰਹੀ ਹੈ। ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਗ੍ਰਹਿ ਮੰਤਰਾਲੇ ਨੂੰ ਦੁਬਾਰਾ ਇੱਕ ਮੰਗ ਪੱਤਰ ਵੀ ਭੇਜਿਆ ਗਿਆ ਹੈ।

ਯਾਦ ਰਹੇ, 6 ਦਸੰਬਰ 2023 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਵਿੱਚ ਪੰਜ ਸਿੰਘ ਸਾਹਿਬਾਨ ਨੇ ਇਕੱਤਰਤਾ ਕਰਕੇ ਸ਼੍ਰੋਮਣੀ ਕਮੇਟੀ ਨੂੰ ਬੰਦੀ ਸਿੰਘਾਂ ਦੀ ਰਿਹਾਈ ਦੇ ਮਸਲੇ ਨੂੰ ਨਜਿੱਠਣ ਲਈ ਇੱਕ ਪੰਜ ਮੈਂਬਰੀ ਕਮੇਟੀ ਗਠਨ ਕਰਨ ਲਈ ਕਿਹਾ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਹਰਮੀਤ ਸਿੰਘ ਕਾਲਕਾ, ਡਾ. ਬਰਜਿੰਦਰ ਸਿੰਘ ਹਮਦਰਦ, ਵਿਰਸਾ ਸਿੰਘ ਵਲਟੋਹਾ ਅਤੇ ਬੀਬੀ ਕਮਲਦੀਪ ਕੌਰ ਰਾਜੋਆਣਾ 'ਤੇ ਆਧਾਰਤ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਕੇਂਦਰ ਨਾਲ ਗੱਲਬਾਤ ਦੀ ਅਣਹੋਂਦ ਵਿੱਚ ਇਸ ਕਮੇਟੀ ਨੇ ਜਥੇਦਾਰ ਨੂੰ ਅਪੀਲ ਕੀਤੀ ਕਿ ਕੇਂਦਰ ਸਰਕਾਰ ਨਾਲ ਬੰਦੀ ਸਿੰਘਾਂ ਦੀ ਰਿਹਾਈ ਲਈ ਗੱਲਬਾਤ ਅੱਗੇ ਤੋਰਨ ਵਾਸਤੇ ਡੈਡ ਲਾਈਨ ਨਾ ਮਿੱਥੀ ਜਾਵੇ, ਖੁੱਲ੍ਹਾ ਸਮਾਂ ਦਿੱਤਾ ਜਾਵੇ। ਜ਼ਿਕਰਯੋਗ ਹੈ ਕਿ ਬਲਵੰਤ ਸਿੰਘ ਰਾਜੋਆਣਾ ਆਪਣੀ ਸਜ਼ਾ ਮੁਆਫੀ ਸਬੰਧੀ ਸ਼੍ਰੋਮਣੀ ਕਮੇਟੀ ਵਲੋਂ ਰਾਸ਼ਟਰਪਤੀ ਕੋਲ ਦਾਖਲ ਕੀਤੀ ਗਈ ਪਟੀਸ਼ਨ ਨੂੰ ਵਾਪਸ ਲੈਣ ਦੀ ਮੰਗ ਕਰ ਰਿਹਾ ਹੈ। ਉਨ੍ਹਾਂ ਨੇ ਬੇਅੰਤ ਸਿੰਘ ਦੇ ਕਤਲ ਵਿੱਚ ਸ਼ਾਮਲ ਹੋਣ ਦਾ ਜੁਰਮ ਅਦਾਲਤ ਵਿੱਚ ਸਵਿਕਾਰ ਕਰ ਲਿਆ ਸੀ। ਉਸ ਨੂੰ ਅਦਾਲਤ ਵੱਲੋਂ ਮੌਤ ਦੀ ਸਜ਼ਾ ਸੁਣਾਈ ਗਈ ਹੈ। ਉਪਰੋਕਤ ਪਟੀਸ਼ਨ ਸੁਪਰੀਮ ਕੋਰਟ ਵੱਲੋਂ 11 ਸਾਲ ਪਹਿਲਾਂ ਦਾਇਰ ਕੀਤੀ ਗਈ ਸੀ। ਮਨੁੱਖੀ ਅਧਿਕਾਰ ਸੰਗਠਨਾਂ ਦਾ ਆਖਣਾ ਹੈ ਕਿ ਕਿਸੇ ਵਿਅਕਤੀ ਦੀ ਪਟੀਸ਼ਨ ਨੂੰ ਇੰਨੀ ਦੇਰ ਤੱਕ ਲਟਕਾਈ ਰੱਖਣਾ ਉਸ ਦੇ ਮਾਨਵੀ ਅਧਿਕਾਰਾਂ ਦੀ ਉਲੰਘਣਾ ਹੈ।

ਇਸ ਸੰਦਰਭ ਵਿੱਚ ਸਭ ਤੋਂ ਸੰਵੇਦਨਸ਼ੀਲ ਮਾਮਲਾ ਦਵਿੰਦਰਪਾਲ ਸਿੰਘ ਭੁੱਲਰ ਦਾ ਹੈ। ਇਸ ਵਾਰ 26 ਜਨਵਰੀ ਨੂੰ ਗਣਤੰਤਰ ਦਿਵਸ ਮੌਕੇ ਕੈਦੀਆਂ ਦੀ ਸਜ਼ਾ ਮੁਆਫੀ ਲਈ ਦਿੱਲੀ ਸਰਕਾਰ ਦੇ 7 ਮੈਂਬਰੀ ਰਿਵਿਊ ਬੋਰਡ ਨੇ ਭੁੱਲਰ ਦੀ ਰਿਹਾਈ ਤੋਂ ਇਨਕਾਰ ਕਰ ਦਿੱਤਾ। ਇਹ ਮਸਲਾ ਪੰਜਾਬ ਦੀਆਂ ਸਿਆਸੀ ਪਾਰਟੀਆਂ ਵਿਚਕਾਰ ਤਿੱਖੀ ਨੋਕ-ਝੋਕ ਦਾ ਕਾਰਨ ਬਣਿਆ। ਦਿੱਲੀ ਸਰਕਾਰ ਦੇ ਸਜ਼ਾ ਰਿਵਿਊ ਬੋਰਡ ਨੇ ਕੁੱਲ 46 ਕੈਦੀਆਂ ਦੀ ਲਿਸਟ ਵਿੱਚੋਂ 14 ਕੈਦੀ ਰਿਹਾਅ ਕਰਨ ਨੂੰ ਮਨਜ਼ੂਰੀ ਦਿੱਤੀ, ਜਦਕਿ ਭੁੱਲਰ ਦੀ ਰਿਹਾਈ ਦੀ ਅਪੀਲ ਰੱਦ ਕਰ ਦਿੱਤੀ ਗਈ। ਯਾਦ ਰਹੇ, ਦਵਿੰਦਰਪਾਲ ਸਿੰਘ ਭੁੱਲਰ ਗਹਿਰੇ ਉਦਾਸੀ ਰੋਗ ਤੋਂ ਇਲਾਵਾ ਕਈ ਹੋਰ ਮਾਨਸਿਕ ਅਤੇ ਸਰੀਰਕ ਰੋਗਾਂ ਦਾ ਸ਼ਿਕਾਰ ਹੈ। ਆਪਣੇ ਆਪ ਤੋਂ ਬੇਖਬਰ ਦਵਿੰਦਰਪਾਲ ਸਿੰਘ ਭੁੱਲਰ ਸਬੰਧੀ ਸਜ਼ਾ ਰਿਵਿਊ ਬੋਰਡ ਦੀ ਮੀਟਿੰਗ ਦੇ ਵੇਰਵੇ ਕਾਫੀ ਦਿਲਚਸਪ ਹਨ। ਦਿੱਲੀ ਦੇ ਜੇਲ੍ਹ ਮੰਤਰੀ ਕੈਲਾਸ਼ ਗਹਿਲੋਤ ਦੀ ਅਗਵਾਈ ਵਾਲੇ 7 ਮੈਂਬਰੀ ਸਜ਼ਾ ਰਿਵਿਊ ਬੋਰਡ ਨੇ ਦਲੀਲ ਦਿੱਤੀ, 'ਅਜਿਹੇ ਦੋਸ਼ੀਆਂ ਦੀ ਰਿਹਾਈ ਦੇਸ਼ ਦੀ ਪ੍ਰਭੁਸੱਤਾ, ਅਖੰਡਤਾ ਅਤੇ ਅਮਨ ਸ਼ਾਂਤੀ ਨੂੰ ਖਤਰਾ ਖੜ੍ਹਾ ਕਰ ਸਕਦੀ ਹੈ!'

ਇਸ ਮਸਲੇ ਨੂੰ ਲੈ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਸ. ਹਰਜਿੰਦਰ ਸਿੰਘ ਧਾਮੀ ਨੇ 'ਆਮ ਆਦਮੀ ਪਾਰਟੀ' ਦੀ ਤਿੱਖੀ ਅਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਮਾਨਸਿਕ ਅਤੇ ਸਰੀਰਕ ਰੂਪ ਵਿੱਚ ਬਿਮਾਰ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਰੋਕ ਕੇ 'ਆਪ' ਦਾ ਸਿੱਖ ਵਿਰੋਧੀ ਚਿਹਰਾ ਨੰਗਾ ਹੋ ਗਿਆ ਹੈ। ਦਲ ਖਾਲਸਾ ਨੇ ਕਿਹਾ ਕਿ 'ਆਪ' ਭਾਜਪਾ ਦੀ ਹੀ 'ਬੀ' ਟੀਮ ਹੈ। ਦੋਹਾਂ ਨੇ ਰਲ ਕੇ ਦਵਿੰਦਰਪਾਲ ਸਿੰਘ ਦੀ ਰਿਹਾਈ ਨੂੰ ਰੋਕਿਆ ਹੈ। ਦੂਜੇ ਪਾਸੇ ਹਰਿਆਣਾ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ 'ਆਪ' ਅਤੇ ਭਾਜਪਾ ਦੋਵੇਂ ਗੁਰਮੀਤ ਰਾਮ ਰਹੀਮ ਦੀ ਮਦਦ ਕਰ ਰਹੀਆਂ ਹਨ। ਉਸ ਨੂੰ ਵਾਰ-ਵਾਰ ਪੈਰੋਲ ਦਿੱਤੀ ਜਾ ਰਹੀ ਹੈ ਅਤੇ 'ਆਪ' ਉਸ ਖਿਲਾਫ ਮੁਕੱਦਮੇ ਵਾਲੀ ਫਾਈਲ ਦੱਬ ਕੇ ਬੈਠੀ ਹੋਈ ਹੈ।

ਅਕਾਲੀ ਹੱਲੇ ਦਾ ਜਵਾਬ ਦਿੰਦਿਆਂ 'ਆਪ' ਦੇ ਬੁਲਾਰੇ ਸ. ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੇ ਮੁੱਦੇ 'ਤੇ ਸੁਖਬੀਰ ਅਤੇ ਮਜੀਠੀਆ ਝੂਠ ਬੋਲ ਰਹੇ ਹਨ। ਉਨ੍ਹਾਂ ਸਫਾਈ ਦਿੱਤੀ ਕਿ ਸਜ਼ਾ ਰਿਵਿਊ ਬੋਰਡ ਵਿੱਚ 'ਆਪ' ਵੱਲੋਂ ਦਿੱਲੀ ਦੇ ਜੇਲ੍ਹ ਮੰਤਰੀ ਕੈਲਾਸ਼ ਗਹਿਲੋਤ ਹੀ ਸਿਰਫ ਮੈਂਬਰ ਹਨ। ਬਾਕੀ ਛੇ ਮੈਂਬਰ ਭਾਜਪਾ ਨਾਲ ਸਬੰਧਤ ਹਨ। ਸ. ਕੰਗ ਨੇ ਬੋਰਡ ਦੀ ਮੀਟਿੰਗ ਦੇ ਮਿਨਿਟਸ ਵਿਖਾਉਂਦਿਆਂ ਕਿਹਾ ਕਿ ਸਿਰਫ 'ਆਪ' ਦੇ ਮੰਤਰੀ ਨੇ ਹੀ ਭੁੱਲਰ ਦੀ ਪੱਕੀ ਰਿਹਾਈ ਦੀ ਮੰਗ ਕੀਤੀ, ਬਾਕੀ ਛੇ ਮੈਂਬਰ ਇਸ ਦੇ ਉਲਟ ਭੁਗਤੇ; ਪਰ ਨਿਰਪੱਖ ਸੋਮਿਆਂ ਤੋਂ ਇਹ ਪਤਾ ਲੱਗਾ ਹੈ ਕਿ ਬਾਕੀ ਛੇ ਮੈਂਬਰ ਦਿੱਲੀ ਪ੍ਰਸ਼ਾਸਨ ਦੇ ਮੁਲਾਜ਼ਮ ਹਨ, ਜਿਨ੍ਹਾਂ ਦੀ ਨਕੇਲ ਨਵੇਂ ਕਾਨੂੰਨ ਦੇ ਤਹਿਤ ਕੇਂਦਰ ਸਰਕਾਰ ਦੇ ਹੱਥ ਵਿੱਚ ਹੈ।

ਜੁਗ ਜੁਗ ਜੀਓ... (7)

ਸਿਹਤ ਲਈ ਜਾਣਕਾਰੀ

# ਦਿਲ ਦਾ ਮਾਮਲਾ ਗੜਬੜ ਹੈ!

ਡਾ. ਹਰਬੰਸ ਕੌਰ ਦਿਓਲ

"ਦੀਦੀ, ਮੈਂ ਇੱਕ ਗੱਲ ਪੁੱਛਣੀ ਸੀ, ਪਰ ਹਰ ਵਾਰੀ ਭੁੱਲ ਜਾਂਦੀ ਆਂ।"

"ਲੈ, ਹੁਣ ਪੁੱਛ ਲੈ!"

"ਆਟੇ ਅਤੇ ਦਾਲਾਂ ਵਿੱਚ ਛੋਟੇ-ਛੋਟੇ ਜਾਨਵਰ ਕਿਉਂ ਪੈ ਜਾਂਦੇ ਨੇ?"

"ਨੀਂ ਉਹ ਕੁੱਤੇ-ਬਿੱਲੇ ਕੀ ਸਨ? ਤੈਨੂੰ ਪਤਾ ਨਹੀਂ ਲੱਗਿਆ।"

"ਮੇਰਾ ਮਤਲਬ ਉਨ੍ਹਾਂ ਨਿੱਕੇ-ਨਿੱਕੇ ਜਰਮਾਂ ਤੋਂ ਐ।"

"ਸਿੱਧਾ ਕਿਉਂ ਨਹੀਂ ਕਹਿੰਦੀ, ਸੁਸਰੀ ਕਿਵੇਂ ਪੈਂਦੀ ਐ?"

"ਹਾਂ ਹਾਂ ਓਹੀ। ਪਿਛਲੀਆਂ ਗਰਮੀਆਂ ਵਿੱਚ ਮੇਰੀ ਪੈਂਟਰੀ (pantry) ਵਿੱਚ ਸਾਰੀਆਂ ਦਾਲਾਂ, ਆਟੇ ਤੇ ਚੌਲ਼ਾਂ ਵਿੱਚ ਪੈ ਗਈ- ਸਾਰਾ ਕੁਝ ਮੈਨੂੰ ਸੁੱਟਣਾ ਪਿਐ। ਪੈਂਟਰੀ ਖਾਲੀ ਕਰਕੇ ਬਹੁਤ ਮੁਸ਼ਕਿਲ ਨਾਲ ਉਸ ਦਾ ਖਾਤਮਾ ਕੀਤਾ। ਮੇਰੀ ਤਾਂ ਤੌਬਾ ਹੋ ਗਈ। ਮੈਂ ਨਹੀਂ ਚਾਹੁੰਦੀ, ਮੈਨੂੰ ਇਸ ਮੁਸੀਬਤ ਦਾ ਦੁਬਾਰਾ ਸਾਹਮਣਾ ਕਰਨਾ ਪਵੇ। ਹੈ ਤੁਹਾਡੇ ਪਾਸ ਇਸ ਬਾਰੇ ਕੋਈ ਆਹਰ-ਪਾਹਰ?"

"ਤੂੰ ਘਰ ਵਿੱਚ ਸਫਾਈ ਰੱਖਿਆ ਕਰ।"

"ਦੀਦੀ, ਤੁਹਾਨੂੰ ਪਤਾ ਮੈਂ ਕਿੰਨੀ ਸਫਾਈ ਰੱਖਦੀ ਆਂ!"

"ਪ੍ਰੀਤ, ਮੈਂ ਤਾਂ ਤੈਨੂੰ ਛੇੜ ਰਹੀ ਸੀ। ਇਸ ਦਾ ਇਲਾਜ ਤਾਂ ਬਹੁਤ ਹੀ ਸੌਖਾ ਅਤੇ ਸਸਤਾ ਏ। ਕਈ ਵਾਰੀ ਜਦੋਂ ਖ਼ੁਰਾਕ ਖਰੀਦਦੇ ਹੋ, ਉਸ ਵਿੱਚ ਪਹਿਲਾਂ ਹੀ ਹੋ ਸਕਦੀ ਹੈ- ਬਹੁਤਾ ਪੁਰਾਣਾ ਬੈਗ ਹੋਣ ਕਰਕੇ। ਦੂਸਰੀ ਗੱਲ, ਜਦੋਂ ਤੁਸੀਂ ਖ਼ੁਰਾਕ ਘਰ ਲਿਆਉਂਦੇ ਹੋ, ਉਸ ਨੂੰ ਸਾਫ ਅਤੇ ਏਅਰ ਟਾਈਟ ਭਾਂਡੇ ਵਿੱਚ ਪਾ ਕੇ ਸਿੱਲ੍ਹ ਤੋਂ ਰਹਿਤ ਵਾਲੀ ਥਾਂ 'ਤੇ ਸਟੋਰ ਕਰੋ। ਤੀਸਰੀ ਗੱਲ, ਮਿਆਦ ਪੁੱਗਣ ਤੋਂ ਪਹਿਲਾਂ ਇਸਤੇਮਾਲ ਕਰ ਲਵੋ।

ਚੌਥੀ ਗੱਲ, ਉਨ੍ਹਾਂ ਵਿੱਚ ਤੁਸੀਂ ਕੁਝ ਚੀਜ਼ਾਂ (spices) ਪਾ ਸਕਦੇ ਹੋ, ਜਿਵੇਂ ਲੌਂਗ, ਸਾਬਤ ਕਾਲੀਆਂ ਜਾਂ ਲਾਲ ਮਿਰਚਾਂ ਸੁੱਕੀਆਂ ਹੋਈਆਂ, ਦਾਲ ਚੀਨੀ ਦਾ ਟੁਕੜਾ ਜਾਂ ਸੁੱਕੇ ਬੇਅ ਲੀਵਜ਼ (bay leaves); ਇਸ ਨਾਲ ਸੁਸਰੀ ਜਾਂ ਹੋਰ ਕੀੜੇ-ਮਕੌੜੇ (insects) ਤੁਹਾਡੀ ਪੈਂਟਰੀ ਵਿੱਚ ਨਹੀਂ ਆਉਂਦੇ।"

"ਇਹ ਤਾਂ ਬਹੁਤ ਹੀ ਆਸਾਨ ਇਲਾਜ ਨਿਕਲਿਆ! ਚਲੋ ਹੁਣ ਦੱਸੋ ਕਿ ਮਾੜੀ ਕੌਲੈਸਟਰੋਲ ਅਤੇ ਕੈਲਸੀਅਮ ਜੋ ਖ਼ੂਨ ਦੀਆਂ ਨਾੜੀਆਂ ਅਤੇ ਕੁਝ ਹੋਰ ਅੰਗਾਂ ਵਿੱਚ ਜਾ ਵੜੇ, ਉਨ੍ਹਾਂ ਨੂੰ ਬਾਹਰ ਕੱਢ ਸਕਦੇ ਹਾਂ? ਜੇ ਹਾਂ ਤਾਂ ਕਿਵੇਂ?"


"ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਕੈਲਸੀਅਮ ਸਕੋਰ ਦਾ ਦਿਲ ਦੇ ਦੌਰੇ ਨਾਲ ਸਬੰਧ ਸਿੱਧਾ ਨਹੀਂ, ਮਤਲਬ ਦਿਲ ਦਾ ਦੌਰਾ ਪੈ ਸਕਦਾ ਹੈ, ਜੇ ਕੈਲਸੀਅਮ ਨਾ ਵੀ ਹੋਵੇ ਅਤੇ ਇਸ ਤੋਂ ਉਲਟ ਕੈਲਸੀਅਮ ਹੋ ਸਕਦਾ ਏ ਤੇ ਦਿਲ ਦਾ ਦੌਰਾ ਨਹੀਂ ਪੈਂਦਾ। ਇਸ ਕਰ ਕੇ ਹੋਰ ਟੈਸਟ ਜਿਸ ਤਰ੍ਹਾਂ ਐਡਵਾਂਸ ਲਿਪਡ ਟੈਸਟ ਜਰੂਰ ਕਰਵਾ ਲੈਣੇ ਚਾਹੀਦੇ ਹਨ, ਜੇ ਟੱਬਰ ਵਿੱਚ ਦਿਲ ਦੀ ਬਿਮਾਰੀ ਦੀ ਹਿਸਟਰੀ ਹੋਵੇ ਜਾਂ ਕੈਲਸੀਅਮ ਸਕੋਰ heart scan abnormal ਹੋਵੇ। ਭਾਵੇਂ ਕੈਲਸੀਅਮ ਸਕੋਰ ਦੀ ਦਿਲ ਦੀ ਬਿਮਾਰੀ ਨਾਲ ਸੌ ਪ੍ਰਤੀਸ਼ਤ ਕੋਈ ਸਹਿ-ਸਬੰਧ (correlation) ਨਹੀਂ, ਪਰ ਇਸ ਨੂੰ ਆਪਾਂ ਨਜ਼ਰਅੰਦਾਜ਼ ਨਹੀਂ ਕਰ ਸਕਦੇ। ਖਾਸ ਕਰਕੇ ਜੇ ਇਹ ਨੌਜਵਾਨ ਬੰਦੇ ਵਿੱਚ ਹੋਵੇ ਜਾਂ ਇਸ ਦੀ ਮਿਕਦਾਰ ਕਾਫੀ ਹੋਵੇ, ਕਿਉਂਕਿ ਇਹ ਖ਼ੂਨ ਦੀਆਂ ਨਾੜੀਆਂ ਵਿੱਚ ਪਲੈਕ ਦੀ ਨਿਸ਼ਾਨੀ ਹੋ ਸਕਦੀ ਹੈ, ਜਿਸ ਨੂੰ ਆਪਾਂ ਐਥੀਰੋਸਕਲੀਰੋਸਿਸ (atherosclerosis) ਵੀ ਕਹਿੰਦੇ ਹਾਂ, ਜਿਸ ਦਾ ਨਤੀਜਾ ਦਿਲ ਦਾ ਦੌਰਾ ਜਾਂ ਸਟਰੋਕ ਹੋ ਸਕਦਾ ਹੈ। ਇਹ ਵਧਦੀ ਉਮਰ ਨਾਲ ਬਜ਼ੁਰਗਾਂ ਵਿੱਚ ਥੋੜ੍ਹੀ ਮਿਕਦਾਰ ਵਿੱਚ ਹੋ ਸਕਦਾ ਹੈ, ਬਿਨਾ ਪਲੈਕ ਦੇ।

ਇਨ੍ਹਾਂ ਖਤਰਨਾਕ ਤਬਦੀਲੀਆਂ ਨੂੰ ਠੀਕ ਕਰਨਾ ਮੁਮਕਿਨ ਹੈ। ਤੁਹਾਡੀ ਸਿਹਤ ਤੁਹਾਡੇ ਹੀ ਹੱਥ ਵਿੱਚ ਹੈ। ਥੋੜ੍ਹੀ ਜਿਹੀ ਜ਼ਿੰਮੇਵਾਰੀ ਲੈਣ ਦੀ ਜ਼ਰੂਰਤ ਹੈ। ਇਸ ਦਾ ਇਲਾਜ ਮੁਸ਼ਕਿਲ ਵੀ ਨਹੀਂ।"

"ਦੱਸੋ ਫਿਰ ਕਿਵੇਂ?"

"ਆਪਾਂ ਨੂੰ ਉੱਥੋਂ ਹੀ ਸ਼ੁਰੂ ਕਰਨਾ ਪੈਣਾ, ਜਿੱਥੋਂ ਇਸ ਮੁਸੀਬਤ ਦੀ ਸ਼ੁਰੂਆਤ ਹੋਈ ਸੀ, ਮਤਲਬ ਖ਼ੁਰਾਕ ਵਰਗੀਆਂ (ਅਸਲੀ ਖ਼ੁਰਾਕ ਨਹੀਂ) ਚੀਜ਼ਾਂ, ਜਿਨ੍ਹਾਂ ਦੇ ਖਾਣ ਦੀ ਸਾਨੂੰ ਆਦਤ ਪੈ ਗਈ ਹੈ, ਉਹ ਬੰਦ ਕਰਨੀਆਂ ਪੈਣਗੀਆਂ। ਆਪਾਂ ਨੇ ਉਸ ਬਾਰੇ ਵਿਸਥਾਰ ਵਿੱਚ ਗੱਲਬਾਤ ਕੀਤੀ ਸੀ, ਪਹਿਲੀ ਅਤੇ ਦੂਜੀ ਮੁਲਾਕਾਤ ਵਿੱਚ। ਆਪਣੀ ਖ਼ੁਰਾਕ ਇੰਨੀ ਪ੍ਰੋਸੈਸਡ ਹੋ ਚੁਕੀ ਹੈ ਕਿ ਉਸ ਵਿੱਚ ਸਾਰੀਆਂ ਚੰਗੀਆਂ ਚੀਜ਼ਾਂ- ਵਿਟਾਮਿਨ, ਧਾਤਾਂ ਵਗੈਰਾ ਖਤਮ ਹੋ ਜਾਂਦੀਆਂ ਹਨ, ਉਸ ਨੂੰ ਖਾਣ ਲਾਇਕ ਬਣਾਉਣ ਲਈ ਹੋਰ ਖਤਰਨਾਕ ਚੀਜ਼ਾਂ ਜਿਵੇਂ ਸ਼ੂਗਰ, ਸਵਾਦੀ ਤੱਤ (flavoring) ਅਤੇ ਰੰਗ ਵਗੈਰਾ ਪਾਏ ਜਾਂਦੇ ਹਨ। ਜਿੰਨੀ ਦੇਰ ਅਸੀਂ ਵਾਪਸ ਅਸਲੀ, ਕੁਦਰਤੀ ਅਤੇ ਅਨਪ੍ਰੋਸੈਸਡ ਜਾਂ ਘੱਟੋਘੱਟ ਸੰਸਾਧਿਤ (least processed) ਖ਼ੁਰਾਕ, ਜਿਸ ਵਿੱਚ ਘੱਟੋਘੱਟ additives ਹੋਣ, ਨਹੀਂ ਖਾਣਾ ਸ਼ੁਰੂ ਕਰਦੇ, ਉਨੀ ਦੇਰ ਤੁਹਾਡੀ ਸਿਹਤ ਦਾ ਠੀਕ ਹੋਣਾ ਮੁਮਕਿਨ ਨਹੀਂ ਅਤੇ ਇਨ੍ਹਾਂ ਬਿਮਾਰੀਆਂ ਤੋਂ ਛੁਟਕਾਰਾ ਨਹੀਂ ਹੋਣਾ। ਘੱਟ ਕਾਰਬਜ ਵਾਲੀ ਖ਼ੁਰਾਕ ਖਾਣੀ ਚਾਹੀਦੀ ਹੈ। ਜਿੰਨੀ ਜ਼ਿਆਦਾ ਇਹ ਕੁਦਰਤੀ ਤੌਰ 'ਤੇ ਹੋਵੇਗੀ, ਉਨੀ ਹੀ ਚੰਗੀ ਐ। ਆਪਾਂ ਗੱਲਾਂਬਾਤਾਂ ਛੱਡ ਕੇ ਇਸ 'ਤੇ ਅਮਲ ਕਰਨਾ ਸ਼ੁਰੂ ਕਰੀਏ। ਜਿਹੜੀ ਖ਼ੁਰਾਕ ਜ਼ਿਆਦਾ ਪ੍ਰੋਸੈਸਡ ਹੁੰਦੀ ਏ ਜਾਂ ਜ਼ਿਆਦਾ ਸ਼ੂਗਰ ਵਾਲੀ ਹੁੰਦੀ ਏ, ਉਸ ਨਾਲ ਤੁਹਾਡੇ ਖ਼ੂਨ ਵਿੱਚ ਸ਼ੂਗਰ ਦੀ ਮਿਕਦਾਰ ਵਧ ਜਾਂਦੀ ਏ ਅਤੇ ਇਹ ਸ਼ੂਗਰ ਦਿਲ, ਅੱਖਾਂ, ਕਿਡਨੀ, ਜਿਗਰ, ਜੋੜਾਂ ਤੇ ਦਿਮਾਗ 'ਤੇ ਜ਼ਹਿਰੀਲਾ ਅਸਰ ਕਰਦੀ ਐ; ਦਿਲ ਦੇ ਦੌਰੇ, ਸ਼ੂਗਰ ਦੀ ਬਿਮਾਰੀ, ਅੰਨ੍ਹਾਪਣ, ਜਿਗਰ ਅਤੇ ਗੁਰਦਿਆਂ ਦਾ ਫੇਲ੍ਹ ਹੋਣਾ ਅਤੇ ਜੋੜਾਂ ਦੀ ਬਿਮਾਰੀ ਦੀ ਸ਼ੁਰੂਆਤ ਹੁੰਦੀ ਏ। ਕਿਉਂ ਨਾ ਆਪਾਂ ਅੱਜ ਤੋਂ ਹੀ ਖ਼ੁਰਾਕ ਵਿੱਚ ਤਬਦੀਲੀਆਂ ਸ਼ੁਰੂ ਕਰੀਏ!"

"ਦੀਦੀ, ਇਸ ਵਿੱਚ ਘਰ ਦੀ ਇਸਤਰੀ ਦਾ ਬਹੁਤ ਅਹਿਮ ਰੋਲ ਹੈ। ਬੱਚਿਆਂ, ਬਜ਼ੁਰਗਾਂ ਅਤੇ ਘਰ ਵਾਲੇ ਦੀ ਸਿਹਤ ਦੀ ਜ਼ਿੰਮੇਵਾਰੀ ਘਰ ਦੀ ਮਾਲਕਣ 'ਤੇ ਨਿਰਭਰ ਹੈ। ਜਿਸ ਤਰ੍ਹਾਂ ਦੀ ਖ਼ੁਰਾਕ ਬਣਾ ਕੇ ਉਹ ਟੱਬਰ ਨੂੰ ਖੁਆਏਗੀ, ਉਸ ਤਰ੍ਹਾਂ ਦਾ ਅਸਰ ਉਨ੍ਹਾਂ ਦੀ ਸਿਹਤ 'ਤੇ ਹੋਵੇਗਾ; ਖਾਸ ਕਰਕੇ ਬੱਚੇ ਜੋ ਬਚਪਨ ਵਿੱਚ ਖਾਂਦੇ ਨੇ, ਉਸ ਦਾ ਅਸਰ ਉਨ੍ਹਾਂ 'ਤੇ ਉਨ੍ਹਾਂ ਦੀ ਭਵਿੱਖ ਦੀ ਖਰਾਕ 'ਤੇ ਪੈਂਦਾ ਹੈ, ਕਿਉਂਕਿ ਉਹੀ ਚੀਜ਼ਾਂ ਉਨ੍ਹਾਂ ਨੂੰ ਪਸੰਦ ਹਨ ਅਤੇ ਉਸ ਤਰ੍ਹਾਂ ਦੀ ਖ਼ੁਰਾਕ ਉਹ ਬਾਕੀ ਦੀ ਉਮਰ ਵੇਲੇ ਖਾਣਗੇ ਤੇ ਉਸ ਤਰ੍ਹਾਂ ਦਾ ਅਸਰ ਹੀ ਉਨ੍ਹਾਂ ਦੀ ਸਿਹਤ 'ਤੇ ਪਵੇਗਾ।"



"ਚੰਗੀ ਖ਼ੁਰਾਕ ਖਾਣ ਨਾਲ ਜ਼ਿਆਦਾ ਤਾਕਤ ਮਿਲਦੀ ਏ, ਸੁਸਤੀ ਅਤੇ ਥਕਾਵਟ ਦੂਰ ਹੁੰਦੀ ਏ।"

"ਦੀਦੀ, ਤੁਸੀਂ ਕਿਹਾ ਸੀ ਖ਼ੁਰਾਕ ਸੁਧਾਰਨ ਨਾਲ, ਖ਼ੁਰਾਕ ਦੀਆਂ ਨਾੜੀਆਂ ਵਿੱਚ ਰਹਿਣ ਵਾਲੇ ਲਾਭਦਾਇਕ ਕਟਾਣੂਆਂ ਨੂੰ ਵੀ ਬਹੁਤ ਫਾਇਦਾ ਹੁੰਦਾ ਏ।"

"ਹਾਂ ਪ੍ਰੀਤ, ਯਾਦ ਐ ਨਾ ਮੈਂ ਦੱਸਿਆ ਸੀ ਆਪਣੇ ਮੂੰਹ ਅਤੇ ਵੱਡੀ ਖ਼ੁਰਾਕ ਦੀ ਨਾਲੀ (colon) ਵਿੱਚ ਦੋਸਤ ਜਰਮ ਰਹਿੰਦੇ ਨੇ, ਜਿਹੜੇ ਆਪਣੀ ਸਿਹਤ ਲਈ ਬੇਹੱਦ ਲਾਭਦਾਇਕ ਹਨ। ਉਨ੍ਹਾਂ ਦੀ ਸਿਹਤ ਉਪਰ ਆਪਣੀ ਸਿਹਤ ਨਿਰਭਰ ਹੈ। ਉਨ੍ਹਾਂ ਨੂੰ ਤੰਦਰੁਸਤ ਰੱਖਣਾ ਬਹੁਤ ਜ਼ਰੂਰੀ ਹੈ, ਇਸ ਲਈ ਮਾਊਥ ਵਾਸ਼ ਦਾ ਇਸਤੇਮਾਲ ਕਰਨਾ ਹਾਨੀਕਾਰਕ ਹੋ ਸਕਦਾ ਏ, ਕਿਉਂਕਿ ਉਸ ਨਾਲ ਦੋਸਤ ਕਟਾਣੂੰ ਵੀ ਮਰ ਜਾਂਦੇ ਨੇ ਅਤੇ ਮਾੜੀ ਖ਼ੁਰਾਕ ਨਾਲ ਵੱਡੀ ਆਂਤੜੀ (colon) ਵਾਲੇ ਦੋਸਤ ਕਟਾਣੂੰ ਮਰ ਜਾਂਦੇ ਹਨ। ਉਨ੍ਹਾਂ ਦੀ ਖਾਤਰ ਆਪਣੀ ਖ਼ੁਰਾਕ ਦਾ ਸੁਧਾਰ ਕਰੋ। ਫਰਮੈਂਟਡ ਖ਼ੁਰਾਕ (fermented food) ਅਤੇ ਫਾਈਬਰ ਵਾਲੀ ਖ਼ੁਰਾਕ ਵੀ ਸ਼ਾਮਲ ਕਰੋ।"

"ਦੀਦੀ, ਇਹ ਖ਼ੁਰਾਕ ਇੱਕ ਵਾਰੀ ਫਿਰ ਦੱਸ ਦੇਵੋ ਪਲੀਜ਼!"

"ਫਾਈਵਰ ਵਾਲੀ ਖ਼ੁਰਾਕ ਹੈ- ਫਲ ਅਤੇ ਸਬਜ਼ੀਆਂ, ਖਾਸ ਕਰਕੇ ਗੂੜ੍ਹੀਆਂ ਹਰੀਆਂ ਤੇ ਰੰਗ-ਬਰੰਗੀਆਂ ਜਿਵੇਂ ਸਾਰੇ ਪੱਤਿਆਂ ਵਾਲੀਆਂ ਸਬਜ਼ੀਆਂ, ਭਿੰਡੀ, ਬੈਂਗਣ, ਬੈਰੀਜ਼, ਸਪਰਾਊਟਜ਼। ਕਈ ਸਬਜ਼ੀਆਂ ਵਿੱਚ ਕੈਂਸਰ ਤੋਂ ਬਚਾਓ ਵਾਲੇ ਕੈਮੀਕਲ ਹੁੰਦੇ ਨੇ, ਜਿਵੇਂ ਕੇਲ, ਗੋਭੀ- ਦੋਹਾਂ ਤਰ੍ਹਾਂ ਦੀ, ਬਰੋਕਲੀ, ਬਰੱਸਲ ਸਪਰਾਊਟਜ਼, ਬੌਕ ਚੁਆਏ ਅਰੂਗਲਾ, ਸਰੋਂ ਦਾ ਸਾਗ, ਸ਼ਲਗਮ ਅਤੇ ਸਪਾਈਸਜ਼ ਜਿਵੇਂ ਹਲਦੀ, ਅਦਰਕ, ਪਿਆਜ ਅਤੇ ਲਸਣ। ਚੰਗੇ ਤੇਲ ਹਨ- ਔਲਿਵ, ਐਵਾਕਾਡੋ ਅਤੇ ਫਿਸ਼ ਤੇਲ। ਮਾੜੇ ਤੇਲ ਹਨ ਜਿਵੇਂ ਕਨੋਲਾ, ਸਨਫਲਾਵਰ, ਸਾਫਲਾਵਰ, ਕੌਰਨ ਆਇਲ ਅਤੇ cottonseed oil; ਇੱਕ ਸਾਇੰਸਦਾਨ ਨੇ ਤਾਂ ਇੱਥੋਂ ਤੱਕ ਕਿਹੈ ਕਿ ਹੈਲਦੀ ਖ਼ੁਰਾਕ ਖ਼ੂਨ ਦੀਆਂ ਨਾੜੀਆਂ ਦੇ ਪਲੈਕ ਲਈ ਕੁਦਰਤ ਦੇ ਟੁੱਥ ਬਰੱਸ਼ ਦਾ ਕੰਮ ਕਰਦੀ ਹੈ- ਇਹ ਇੰਨੀ ਲਾਭਦਾਇਕ ਹੈ। ਇਸ ਕਰਕੇ ਮੈਡੀਟੇਰੀਅਨ (meditranian) ਖ਼ੁਰਾਕ ਬਹੁਤ ਅੱਛੀ ਮੰਨੀ ਜਾਂਦੀ ਐ। ਇਸ ਨਾਲ ਹੌਲੀ ਹੌਲੀ ਖ਼ੂਨ ਦੀਆਂ ਨਾਲੀਆਂ ਅੰਦਰੋਂ ਸਾਫ ਹੋ ਜਾਂਦੀਆਂ ਹਨ ਅਤੇ ਉਨ੍ਹਾਂ ਦੀ ਅੰਦਰਲੀ lining, repair ਹੋ ਜਾਂਦੀ ਐ।

ਇੱਕ ਹੋਰ ਗੱਲ ਜ਼ਰੂਰੀ ਹੈ ਕਿ ਆਪਣੀ ਖ਼ੁਰਾਕ ਵਿੱਚ ਓਮੇਗਾ (omega) 6 ਜ਼ਿਆਦਾ ਹੁੰਦੇ ਨੇ ਅਤੇ omega 3 ਘੱਟ। ਇਨ੍ਹਾਂ ਦੀ ਰੇਸ਼ੋ (ਅਨੁਪਾਤ) ਹੋਣੀ ਚਾਹੀਦੀ ਹੈ 4:1 ਜਾਂ ਇਸ ਤੋਂ ਘੱਟ, ਪਰ ਬਹੁਤੇ ਲੋਕਾਂ ਦੀ ਰੇਸ਼ੋ 15:1 ਹੈ। ਇਸ ਲਈ ਓਮੇਗਾ 3 ਵਾਲੀ ਖ਼ੁਰਾਕ ਵੀ ਵਧਾ ਲੈਣੀ ਚਾਹੀਦੀ ਹੈ ਅਤੇ ਜਿਵੇਂ ਔਲਿਵ ਆਇਲ, ਅਵਾਕੈਡੋ ਆਇਲ, ਨਟਸ, ਸੀਡਸ ਅਤੇ ਫਿਸ਼, unbalance omega 6 ਇਨਫਲੇਮੇਸ਼ਨ (inflammation) ਜਾਂ ਸੋਜ ਵਧਾਉਂਦੇ ਨੇ। ਓਮੇਗਾ 3 ਆਪਣੇ ਦਿਲ, ਦਿਮਾਗ ਲਈ ਬਹੁਤ ਅੱਛੇ ਹਨ।

ਸੰਖੇਪ ਵਿੱਚ, ਦਿਲ ਲਈ ਮਾੜੀ ਖ਼ੁਰਾਕ ਵਿੱਚ ਆ ਜਾਂਦੇ ਨੇ- ਟਰਾਂਸਫੈਟੀ ਐਸਿਡ ਵਾਲੀ ਖ਼ੁਰਾਕ- ਕਰਿਸਕੋ ਅਤੇ ਮਾਰਜਰੀਨ, ਕਰੀਮਰਜ਼, ਬਣੇ-ਬਣਾਏ ਆਟੇ (ਕੁਕੀਜ਼ ਵਗੈਰਾ ਲਈ), ਓਮੇਗਾ 6, ਅਲਟਰਾਰਿਫਾਇੰਡਜ਼ ਕਾਰਬਜ, ਸ਼ੂਗਰ। ਸਰੀਰ ਵਿੱਚ ਫਰੀ ਰੈਡੀਕਲਜ, ਐਨਵਾਇਰਮੈਂਟਲ ਟੌਕਸਿਨਸ (environmental toxins), ਨੀਂਦ ਦੀ ਘਾਟ, ਸਟਰੈੱਸ ਅਤੇ ਕਸਰਤ ਦੀ ਘਾਟ। ਸਿਹਤ ਦੇ ਇਹ ਚਾਰ ਪਿਲਰਜ਼ ਜੋ ਆਪਾਂ ਨੇ ਪਹਿਲੀ ਮੁਲਾਕਾਤ ਵਿੱਚ ਵਿਚਾਰੇ ਸਨ, ਇੱਥੇ ਲਾਗੂ ਹੁੰਦੇ ਨੇ। ਇਸ ਨੂੰ ਆਪਾਂ ਹੋਰ ਤਰੀਕੇ ਨਾਲ ਵੀ ਯਾਦ ਰੱਖ ਸਕਦੇ ਹਾਂ:

Disease ਹੈ absence of ease.

E ਹੈ eating ਮਤਲਬ ਖ਼ੁਰਾਕ ਜਿਹੜੀ ਆਪਾਂ ਹੁਣੇ ਗੱਲ ਕੀਤੀ ਏ

A ਹੈ attitude ਲਈ

S ਹੈ ਕਾਫੀ ਚੀਜ਼ਾਂ ਲਈ:

-Sleep ਯਾਨਿ ਨੀਂਦ ਦੀ ਘਾਟ। 7-8 ਘੰਟੇ ਲਈ ਸੌਣਾ ਜ਼ਰੂਰੀ ਹੈ ਤੰਦਰੁਸਤੀ ਲਈ।

ਇਸ ਵਕਤ ਵਿੱਚ ਆਪਣੇ ਸਰੀਰ ਲਈ ਕਈ ਚੰਗੇ ਵਸਤੂ- ਹਾਰਮੋਨਜ਼ ਬਣਦੇ ਨੇ, ਖਾਸ ਕਰਕੇ growth hormone ਜਿਸ ਨਾਲ ਸਰੀਰ ਤੇ ਦਿਮਾਗ ਦੀ ਰਿਪੇਅਰ ਹੁੰਦੀ ਹੈ ਅਤੇ ਖਤਰਨਾਕ ਚੀਜ਼ਾਂ ਸਰੀਰ ਵਿੱਚੋਂ ਬਾਹਰ ਕੱਢੀਆਂ ਜਾਂਦੀਆਂ ਨੇ। ਦੂਸਰੇ ਹਾਰਮੋਨਜ਼ ਜਿਨ੍ਹਾਂ ਨੂੰ happy hormones ਕਹਿੰਦੇ ਹਾਂ, ਵੀ ਸੌਣ ਵੇਲੇ ਬਣਦੇ ਨੇ, ਜਿਨ੍ਹਾਂ ਨਾਲ ਡਿਪਰੈਸ਼ਨ ਵਗੈਰਾ ਘੱਟ ਹੁੰਦੀ ਹੈ ਅਤੇ ਆਪਣੀ ਦਿਮਾਗੀ ਸਿਹਤ ਲਈ ਬਹੁਤ ਜ਼ਰੂਰੀ ਹਨ।

-ਦੂਜਾ S ਹੈ, Stress ਲਈ, ਜਿਸ ਕਰਕੇ ਆਪਣੇ ਸਰੀਰ ਵਿੱਚ ਫਲਾਈਟ ਜਾਂ ਫਾਈਟ (flight or fight) ਹਾਰਮੋਨ- ਸਟੀਰੁਆਇਡ (steroid) ਕਹਿੰਦੇ ਹਾਂ, ਪੈਦਾ ਹੁੰਦਾ ਏ। ਜਿਹੜਾ ਥੋੜ੍ਹੀ ਮਿਕਦਾਰ ਵਿੱਚ ਥੋੜ੍ਹੇ ਵਕਤ ਲਈ ਖਤਰੇ ਵੇਲੇ ਲਈ ਬਹੁਤ ਲਾਭਦਾਇਕ ਹੈ, ਪਰ ਜੇ ਇਸ ਦੀ ਮਿਕਦਾਰ ਜ਼ਿਆਦਾ ਹੋਵੇ ਜਾਂ ਇਹ ਬਹੁਤੇ ਸਮੇਂ ਲਈ ਹੋਵੇ ਤਾਂ ਬਹੁਤ ਹੀ ਹਾਨੀਕਾਰਕ ਸਿੱਧ ਹੁੰਦਾ ਏ ਅਤੇ ਇਹ ਸਰੀਰ ਵਿੱਚ ਇਨਫਲੇਮੇਸ਼ਨ ਜਾਂ ਸੋਜ ਕਰਦਾ ਹੈ। ਇਸ ਨੂੰ ਘਟਾਉਣ ਦੀ ਹਰ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਨਫਲੇਮੇਸ਼ਨ ਕਰਕੇ ਸਾਰੀਆਂ ਬਿਮਾਰੀਆਂ ਸ਼ੁਰੂ ਹੁੰਦੀਆਂ ਨੇ- ਖ਼ੂਨ ਦੀਆਂ ਨਾੜੀਆਂ ਵਿੱਚ ਪਲੈਕ ਬਣਨਾ, ਬਲੱਡ ਪ੍ਰੈਸ਼ਰ arthritis ਵਗੈਰਾ। ਸਟਰੈੱਸ ਘਟਾਉਣ ਵਾਲੇ ਸਾਧਨਾਂ ਵਿੱਚ ਆ ਜਾਂਦੇ ਨੇ- ਸਮਾਜਿਕ ਜਾਂ ਭਾਈਚਾਰਕ ਸਾਂਝ, ਕੁਦਰਤ ਨਾਲ ਪਿਆਰ/ ਸਬੰਧ, ਇਸ ਨੂੰ green connection ਵੀ ਕਹਿੰਦੇ ਨੇ। ਬਾਹਰ ਸੂਰਜ ਦੀ ਰੋਸ਼ਨੀ ਵਿੱਚ ਸਵੇਰੇ ਸ਼ਾਮ 20-30 ਮਿੰਟ ਲਈ ਸੈਰ ਕਰਨੀ ਚਾਹੀਦੀ ਹੈ। ਸੰਗੀਤ, ਹੱਸਣਾ, ਆਪਣੀਆਂ ਖ਼ੂਬੀਆਂ ਵੱਲ ਧਿਆਨ ਦੇਣਾ, ਆਪਣੇ ਆਪ ਨੂੰ ਅਤੇ ਦੂਜਿਆਂ ਨੂੰ ਮੁਆਫ ਕਰ ਦੇਣਾ, ਜ਼ਰੂਰਤਮੰਦਾਂ ਦੀ ਸਹਾਇਤਾ ਕਰਨਾ ਵੀ ਮਦਦਗਾਰ ਹੋ ਸਕਦਾ ਹੈ। ਕਈ ਤਰ੍ਹਾਂ ਦੀ ਖ਼ੁਰਾਕ ਵੀ ਸਟਰੈੱਸ ਘਟਾਉਣ ਲਈ ਲਾਭਦਾਇਕ ਹੈ, ਜਿਵੇਂ ਅਨਾਰ, ਬੈਰੀਜ਼, ਬਦਾਮ, ਪਿਸਤਾ, ਫਲੈਕਸ ਅਤੇ ਤਿਲ। ਜਿਹੜਾ ਜ਼ਿਆਦਾ ਜ਼ਰੂਰੀ ਕੰਮ ਹੈ, ਉਹ ਪਹਿਲਾਂ ਕਰ ਲਵੋ। ਜਿਹੜੀ ਚੀਜ਼ ਤੁਹਾਡੇ ਵੱਸ ਦੀ ਨਹੀਂ, ਉਸ ਨੂੰ ਰੱਬ ਦੀ ਰਜ਼ਾ ਸਮਝ ਕੇ ਮਨ ਨੂੰ ਸਮਝਾ ਲਵੋ। ਕਈ ਤਰ੍ਹਾਂ ਦੀ ਸਾਹ ਲੈਣ ਦੀ ਕਸਰਤ (breathing exercise) ਵੀ ਸਟਰੈੱਸ ਘਟਾਉਣ ਲਈ ਬਹੁਤ ਮਦਦਗਾਰ ਹੈ। ਜਿਵੇਂ 4-7-8, ਜਿਸ ਵਿੱਚ ਹੌਲੀ ਹੌਲੀ ਸਾਹ ਲੈਣੇ, ਨੱਕ ਰਾਹੀਂ ਹਵਾ ਅੰਦਰ ਲਿਜਾਣੀ ਐ, ਚਾਰ ਦੀ ਗਿਣਤੀ ਤੱਕ; 7 ਦੀ ਗਿਣਤੀ ਤੱਕ ਸਾਹ ਰੋਕਣੈ ਅਤੇ 8 ਦੀ ਗਿਣਤੀ ਤੱਕ ਹੌਲੀ ਹੌਲੀ ਮੂੰਹ ਰਾਹੀਂ ਸਾਹ ਬਾਹਰ ਕੱਢਣਾ ਏ। ਇਸ ਤਰ੍ਹਾਂ 5-6 ਵਾਰੀ ਕਰੋ, ਜੇ ਚਾਹੋ ਤਾਂ ਵਧਾ ਲਵੋ। ਜਾਂ ਤੁਸੀਂ belly breathing ਕਰਕੇ ਦੇਖ ਲਵੋ। ਹੋਰ ਤਰੀਕੇ ਯੋਗਾ ਅਤੇ ਮੈਡੀਟੇਸ਼ਨ ਵੀ ਫਾਇਦੇਮੰਦ ਹਨ।

-ਜੇ ਕੋਈ ਸਮੋਕ ਕਰਦਾ ਹੋਵੇ, ਉਸ ਨੂੰ ਬੰਦ ਕਰਨਾ ਚਾਹੀਦਾ ਹੈ।

ਹਰ ਇੱਕ ਚੀਜ਼ ਜਾਂ ਸਟੈਪ ਤੁਸੀਂ ਲੈਂਦੇ ਹੋ ਆਪਣੀ ਸਿਹਤ ਨੂੰ ਅੱਛਾ ਕਰਨ ਲਈ। ਉਸ ਨਾਲ ਤੁਸੀਂ ਆਪਣੇ ਸਿਹਤ ਬੈਂਕ ਸੰਤੁਲਨ ਯਾਨਿ ਹੈਲਥ ਬੈਂਕ ਬੈਲੇਂਸ ਨੂੰ ਵਧਾਉਂਦੇ ਹੋ। ਕੋਸ਼ਿਸ਼ ਕਰੋ ਕਿ ਤੁਸੀਂ ਹਰ ਰੋਜ਼ ਇਸ ਵਿੱਚ ਜਮ੍ਹਾਂ/ਡਿਪੋਜ਼ਿਟ ਕਰਦੇ ਜਾਵੋ ਅਤੇ ਤੁਹਾਡਾ ਹੈਲਥ ਬੈਂਕ ਦਾ ਅਕਾਊਂਟ ਬੈਲੇਂਸ ਵਧਦਾ ਜਾਵੇਗਾ। ਕਿਉਂ ਨਾ ਆਪਾਂ ਅੱਜ ਤੋਂ ਹੀ ਸ਼ੁਰੂ ਕਰੀਏ!

E ਹੈ exercise ਲਈ। ਹਫਤੇ ਵਿੱਚ ਘੱਟੋਘੱਟ 4 ਘੰਟੇ ਕਸਰਤ ਕਰਨੀ ਚਾਹੀਦੀ ਹੈ, ਜਿਸ ਵਿੱਚ ਤੁਰਨਾ, ਸਟਰੈਚ ਕਰਨਾ ਅਤੇ ਭਾਰ ਚੁੱਕਣਾ ਜੇ ਸ਼ਾਮਲ ਕਰ ਸਕੋ ਤਾਂ ਚੰਗਾ ਹੈ। ਜੋ ਵੀ ਆਪਣੀ ਤਾਕਤ ਦੇ ਹਿਸਾਬ ਨਾਲ ਕਰ ਸਕਦੇ ਹੋ, ਕਰੋ। ਕਸਰਤ ਨਾਲ ਸਰੀਰ, ਦਿਲ ਅਤੇ ਦਿਮਾਗ ਦੀ ਹਾਲਤ ਬਿਹਤਰ ਹੁੰਦੀ ਐ। ਖ਼ੂਨ ਦਾ ਦੌਰਾ (ਬਲੱਡ ਪ੍ਰੈਸ਼ਰ) ਘਟਦਾ ਹੈ, ਸ਼ੂਗਰ ਦੀ ਬਿਮਾਰੀ, ਕੌਲੈਸਟਰੋਲ ਦੀ ਸ਼ਿਕਾਇਤ ਤੋਂ ਫਾਇਦਾ ਹੁੰਦਾ ਹੈ। ਟਰਾਈ ਗਲਿਸਰਾਈਡ ਅਤੇ visceral ਚਰਬੀ ਦੇ ਘਟਾਉਣ ਵਿੱਚ ਵੀ ਹੱਥ ਵਟਾਉਂਦੀ ਹੈ। ਇਹ ਸਟਰੈੱਸ ਘਟਾਉਣ ਲਈ ਵੀ ਮਦਦ ਕਰਦੀ ਐ। ਕੁਝ ਗੱਲਾਂ ਬਾਕੀ ਨੇ, ਉਹ ਅਗਲੀ ਵਾਰ ਕਰਾਂਗੇ।"

**ਨੋਟ: ਇਸ ਲੇਖ ਵਿਚਲੇ ਤੱਥ ਸਿਰਫ ਜਾਣਕਾਰੀ ਲਈ ਛਾਪੇ ਜਾ ਰਹੇ ਹਨ। ਕਿਸੇ ਵੀ ਤਰ੍ਹਾਂ ਦਾ ਘਰੇਲੂ ਆਹਰ-ਪਾਹਰ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਸਲਾਹ ਮਸ਼ਵਰਾ ਜ਼ਰੂਰ ਕਰੋ।**

## ਚੰਡੀਗੜ੍ਹ ਦੇ ਮੇਅਰ ਦੀ ਚੋਣ ਨੇ ਭਾਜਪਾ ਦੇ ਮਨਸ਼ੇ ਜ਼ਾਹਰ ਕੀਤੇ

⇒ *ਸਫਾ ਇੱਕ ਦੀ ਬਾਕੀ ...*

ਇੰਜ ਘੱਟੋ ਘੱਟ ਇਸ ਮਸਲੇ ਨੂੰ ਲੈ ਕੇ 'ਆਪ' ਅਤੇ ਕਾਂਗਰਸ ਪਾਰਟੀ ਭਾਜਪਾ ਵਿਰੁੱਧ ਇਕਮੁੱਠ ਹੋ ਗਈਆਂ ਹਨ, ਜਦਕਿ ਪੰਜਾਬ ਕਾਂਗਰਸ ਦੇ ਆਗੂ ਹਾਲੇ ਵੀ ਪੰਜਾਬ ਵਿੱਚ 'ਆਪ' ਨਾਲ ਸਾਂਝੇ ਰੂਪ ਵਿੱਚ ਲੋਕ ਸਭਾ ਚੋਣ ਲੜਨ ਦੇ ਪੱਖ ਵਿੱਚ ਨਹੀਂ ਹਨ। ਭਗਵੰਤ ਮਾਨ ਪਹਿਲਾਂ ਹੀ ਪੰਜਾਬ ਵਿੱਚ ਇਕੱਲੇ ਚੋਣਾਂ ਲੜਨ ਦਾ ਐਲਾਨ ਕਰ ਚੁਕੇ ਹਨ। ਉਧਰ ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਵੀ ਇਕੱਲਿਆਂ ਲੋਕ ਸਭਾ ਚੋਣ ਲੈੜਨ ਦਾ ਐਲਾਨ ਕਰ ਚੁਕੀ ਹੈ। ਲਗਦਾ ਇੰਜ ਹੈ ਕਿ ਸੀਟਾਂ ਦੀ ਬਾਰਗੇਨਿੰਗ ਲਈ ਪਾਰਟੀਆਂ ਇਕੱਲੇ ਚੋਣ ਲੜਨ ਦਾ ਐਲਾਨ ਕਰ ਰਹੀਆਂ ਹਨ। ਨਿਤੀਸ਼ ਕੁਮਾਰ ਦੇ ਇੰਡਿਆ ਗੱਠਜੋੜ ਵਿੱਚੋਂ ਬਾਹਰ ਨਿਕਲ ਜਾਣ ਤੋਂ ਬਾਅਦ ਭਾਵੇਂ ਇਸ ਗੱਠਜੋੜ ਦੀ ਤਾਕਤ ਬਿਖ਼ਰੀ ਲਗਦੀ ਹੈ, ਪਰ ਕਾਂਗਰਸ ਪਾਰਟੀ ਇਸ ਨੂੰ ਮੁੜ ਤਾਕਤ ਬਖਸ਼ਣ 'ਤੇ ਜ਼ੋਰ ਲਗਾ ਰਹੀ ਹੈ। ਕਾਂਗਰਸ ਪਾਰਟੀ ਦੇ ਆਗੂ ਆਪਣੀ ਅਤੇ ਗੱਠਜੋੜ ਦੀ ਚੋਣ ਮੁਹਿੰਮ ਨੂੰ ਹਮਲਾਵਰ ਢੰਗ ਨਾਲ ਅੱਗੇ ਵਧਾਉਣ ਦਾ ਯਤਨ ਕਰਨ ਲੱਗੇ ਹਨ। ਖੜਗੇ, ਰਾਹੁਲ ਗਾਂਧੀ ਅਤੇ ਹੋਰ ਕਾਂਗਰਸੀ ਆਗੂਆਂ ਦੀ ਹਾਲੀਆ ਬਿਆਨਬਾਜ਼ੀ ਇਸ ਪਾਸੇ ਵੱਲ ਹੀ ਇਸ਼ਾਰਾ ਕਰਦੀ ਹੈ। ਇਸ ਸੰਦਰਭ ਵਿੱਚ ਇਹ ਵੇਖਣਾ ਦਿਲਚਸਪ ਹੋਵੇਗਾ ਕੇ ਚੰਡੀਗੜ੍ਹ ਦੇ ਮੇਅਰ ਦੀ ਚੋਣ ਦਾ ਕਥਿਤ ਘਪਲਾ ਅਤੇ ਜਮਹੂਰੀ ਪ੍ਰਣਾਲੀ ਲਈ ਖੜ੍ਹੇ ਹੋਏ ਖਤਰਿਆਂ ਦੇ ਮੱਦੇਨਜ਼ਰ ਵਿਰੋਧੀ 'ਇੰਡੀਆ' ਗੱਠਜੋੜ ਵਿੱਚ ਜੁੜੀਆਂ ਪਾਰਟੀਆਂ ਆਪਣੇ ਆਪ ਨੂੰ ਪੀਡੀ ਤਰ੍ਹਾਂ ਇਕਮੁੱਠ ਕਰ ਪਾਉਂਦੀਆਂ ਹਨ ਜਾਂ ਨਹੀਂ! ਇਸੇ 'ਤੇ ਉਨ੍ਹਾਂ ਦੀ ਚੋਣ ਸਫਲਤਾ ਜਾਂ ਅਸਫਲਤਾ ਮੁਨੱਸਰ ਕਰੇਗੀ।

# ਭਾਰਤੀ ਸੰਵਿਧਾਨ ਤੇ ਸਿੱਖ ਨੁਮਾਇੰਦੇ

## ਕੀ ਭਾਰਤੀ ਸੰਵਿਧਾਨ ਨੂੰ ਸਿੱਖ ਨੁਮਾਇੰਦਿਆਂ ਨੇ ਮਨਜ਼ੂਰੀ ਦਿੱਤੀ?

ਅਹਿਮ ਮਸਲੇ

ਗੁਰਪ੍ਰੀਤ ਸਿੰਘ ਮੰਡਿਆਣੀ
ਫੋਨ: +91-8872664000



ਭਾਰਤ ਦਾ ਸੰਵਿਧਾਨ ਲਗਭਗ 300 ਮੈਂਬਰੀ ਸੰਵਿਧਾਨ ਸਭਾ ਨੇ ਬਣਾਇਆ। ਸੰਵਿਧਾਨ ਸਭਾ ਦੀ ਇਲੈਕਸ਼ਨ 1946 ਨੂੰ ਜੁਲਾਈ-ਅਗਸਤ ਵਿੱਚ ਮੁਕੰਮਲ ਹੋਈ। ਇਹ ਚੋਣ ਉਵੇਂ ਹੋਈ, ਜਿਵੇਂ ਅੱਜ ਕੱਲ੍ਹ ਰਾਜ ਸਭਾ ਮੈਂਬਰਾਂ ਦੀ ਚੋਣ ਹੁੰਦੀ ਹੈ। ਜਨਵਰੀ 1946 'ਚ ਸੂਬਾਈ ਵਿਧਾਨ ਸਭਾ ਦੀਆਂ ਵੋਟਾਂ ਹੋਈਆਂ। ਇਨ੍ਹਾਂ ਵਿਧਾਨ ਸਭਾਵਾਂ ਨੇ ਹੀ ਸੰਵਿਧਾਨ ਸਭਾ ਦੇ ਮੈਂਬਰਾਂ ਦੀ ਚੋਣ ਕੀਤੀ। 1945 ਵਿੱਚ ਕੈਬਨਿਟ ਮਿਸ਼ਨ ਪਲੈਨ ਤਹਿਤ ਇਹ ਸੰਵਿਧਾਨ ਕਰਨੀ ਅਸੈਂਬਲੀ ਬਣਾਉਣ ਦੀ ਤਜਵੀਜ਼ ਹਿੰਦੂ ਅਤੇ ਮੁਸਲਿਮ ਧਿਰਾਂ ਨੇ ਮੰਨ ਲਈ ਸੀ। ਇਸ ਪਲੈਨ ਤਹਿਤ ਮੁਸਲਿਮ ਲੀਗ ਨੇ ਵੱਖਰਾ ਮੁਲਕ ਪਾਕਿਸਤਾਨ ਲੈਣ ਦੀ ਮੰਗ ਛੱਡ ਕੇ ਭਾਰਤ ਨੂੰ ਇੱਕ ਜੁੱਟ ਰੱਖਣਾ ਮੰਨ ਲਿਆ ਸੀ। ਪਲੈਨ ਮੁਤਾਬਿਕ ਭਾਰਤ ਦੇ ਤਿੰਨ ਸਿਆਸੀ ਹਿੱਸੇ ਬਣਨੇ ਸਨ। ਇੱਕ ਹਿੱਸਾ ਪੱਛਮ ਵਾਲੇ ਪਾਸੇ ਮੁਸਲਿਮ ਬਹੁਤ ਗਿਣਤੀ ਵਾਲਾ ਹਿੱਸਾ ਜੀਹਦੇ 'ਚ ਪੰਜਾਬ, ਸਿੰਧ ਅਤੇ ਸਰਹੱਦੀ ਸੂਬਾ ਆਉਂਦੇ ਸਨ। ਦੂਜਾ ਹਿੱਸਾ ਵੀ ਮੁਸਲਿਮ ਬਹੁਤ ਗਿਣਤੀ ਵਾਲਾ ਸੀ, ਜੀਹਦੇ 'ਚ ਬੰਗਾਲ (ਪੱਛਮੀ ਬੰਗਾਲ+ਬੰਗਲਾ ਦੇਸ਼), ਆਸਾਮ ਆਉਂਦੇ ਸਨ। ਤੀਜਾ ਹਿੱਸਾ ਬਾਕੀ ਬਚਦਾ ਭਾਰਤ ਸੀ। ਇਨ੍ਹਾਂ ਤਿੰਨਾਂ ਹਿੱਸਿਆਂ ਦੇ ਆਪੋ-ਆਪਣੇ ਸੰਵਿਧਾਨ ਹੋਣੇ ਸਨ, ਜਦਕਿ ਕੇਂਦਰੀ ਸਰਕਾਰ ਦਾ ਵੱਖਰਾ ਸੰਵਿਧਾਨ ਹੋਣਾ ਸੀ। ਕਮਿਊਨੀਕੇਸ਼ਨ, ਡਿਫੈਂਸ, ਕਰੰਸੀ ਤੇ ਵਿਦੇਸ਼ ਮਹਿਕਮੇ ਕੇਂਦਰੀ ਸਰਕਾਰ ਕੋਲ ਹੋਣੇ ਸਨ ਅਤੇ ਬਾਕੀ ਮਹਿਕਮਿਆਂ ਦੇ ਸਾਰੇ ਅਖ਼ਤਿਆਰ ਤਿੰਨਾਂ ਹਿੱਸਿਆਂ ਦੀਆਂ ਸਰਕਾਰਾਂ ਤੇ ਇਨ੍ਹਾਂ ਦੇ ਤਹਿਤ ਆਉਂਦੇ ਸੂਬਿਆਂ ਕੋਲ ਹੋਣੇ ਸਨ।

ਸੰਵਿਧਾਨ ਦੀਆਂ ਚੋਣਾਂ ਦਾ ਅਮਲ ਸ਼ੁਰੂ ਹੋ ਚੁਕਾ ਸੀ ਤੇ ਕਾਂਗਰਸ ਦੇ ਲੀਡਰ ਪੰਡਿਤ ਜਵਾਹਰ ਲਾਲ ਨਹਿਰੂ ਨੇ ਇੱਕ ਬਿਆਨ ਦੇ ਦਿੱਤਾ, ਜੀਹਦੇ ਨਾਲ ਭਾਰਤ ਦੇ ਇੱਕ ਰਹਿਣ ਦੀ ਬਣੀ ਬਣਾਈ ਸਕੀਮ ਵਹਿ ਢੇਰੀ ਹੋ ਗਈ। ਹਿੰਦੂਆਂ ਨੇ ਇਸ ਤਜਵੀਜ਼ ਨੂੰ ਮੰਨ ਲੈਣ ਕਰਕੇ ਕਾਂਗਰਸ ਦੀ ਇਹ ਕਹਿ ਕੇ ਆਲੋਚਨਾ ਕੀਤੀ ਕਿ ਇਸ ਤਹਿਤ ਬਣੇ ਸਿਆਸੀ ਢਾਂਚੇ ਨਾਲ ਪਾਕਿਸਤਾਨ ਦੀ ਮੰਗ ਕਾਫ਼ੀ ਹੱਦ ਤੱਕ ਪੂਰੀ ਹੁੰਦੀ ਹੈ। ਸੰਵਿਧਾਨ ਸਭਾ ਦੀ ਇਲੈਕਸ਼ਨ ਹੋਣ ਹੀ ਵਾਲੀ ਸੀ। 10 ਜੁਲਾਈ 1946 ਨੂੰ ਬੰਬਈ ਵਿੱਚ ਪੰਡਿਤ ਨਹਿਰੂ ਨੇ ਹਿੰਦੂਆਂ ਦੀ ਤਸੱਲੀ ਕਰਾਉਣ ਖ਼ਾਤਰ ਇੱਕ ਬਿਆਨ ਦਿੱਤਾ ਕਿ ਤੁਸੀਂ ਫ਼ਿਕਰ ਨਾ ਕਰੋ ਇੱਕ ਵਾਰ ਅੰਗਰੇਜ਼ਾਂ ਨੂੰ ਇੱਥੋਂ ਚਲੇ ਜਾਣ ਦਿਓ, ਬਾਅਦ 'ਚ ਆਪਾਂ ਮਨ ਮਰਜ਼ੀ ਦਾ ਸੰਵਿਧਾਨ ਬਣਾਵਾਂਗੇ, ਕਿਉਂਕਿ ਆਪਣੇ ਕੋਲ ਸੰਵਿਧਾਨ ਸਭਾ 'ਚ ਬਹੁਮਤ ਹੋਣਾ ਹੈ। ਨਹਿਰੂ ਨੇ ਇਹ ਵੀ ਆਖਿਆ ਕਿ ਇਸ ਗੱਲ ਦਾ ਫ਼ੈਸਲਾ ਵੀ ਕੇਂਦਰੀ ਸੰਵਿਧਾਨ ਸਭਾ ਲਵੇਗੀ ਕਿ ਕਿਹੜਾ ਮਹਿਕਮਾ ਸੈਂਟਰ ਸਰਕਾਰ ਤਹਿਤ ਆਉਂਦਾ ਹੈ ਜਾਂ ਸੂਬਾਈ ਸਰਕਾਰਾਂ ਤਹਿਤ।

ਇਸ ਬਿਆਨ ਨੇ ਮੁਸਲਿਮ ਲੀਗ ਨੂੰ ਡਰਾ ਦਿੱਤਾ, ਜੀਹਦੇ ਕਰਕੇ ਉਨ੍ਹਾਂ ਨੇ ਕੈਬਨਿਟ ਮਿਸ਼ਨ ਪਲੈਨ ਨੂੰ ਦਿੱਤੀ ਮਨਜ਼ੂਰੀ ਵਾਪਸ ਲੈ ਲਈ ਅਤੇ ਵੱਖਰਾ ਮੁਲਕ ਪਾਕਿਸਤਾਨ ਲੈਣ ਦਾ ਤਹੱਈਆ ਕਰ ਲਿਆ। ਮੁਸਲਿਮ ਲੀਗ ਦੇ ਇਤਰਾਜ਼ ਦੇ ਬਾਵਜੂਦ ਵਾਇਸਰਾਏ ਸੰਵਿਧਾਨ ਸਭਾ ਦੀਆਂ ਚੋਣਾਂ ਜੁਲਾਈ-ਅਗਸਤ 1946 'ਚ ਕਰਵਾ ਦਿੱਤੀਆਂ। ਸੰਵਿਧਾਨ ਸਭਾ ਦੀਆਂ ਚੋਣਾਂ 'ਚ 292 ਮੈਂਬਰ ਚੁਣੇ ਗਏ, ਜੀਹਦੇ 'ਚ ਕਾਂਗਰਸ ਦੇ 208 ਅਤੇ ਮੁਸਲਿਮ ਲੀਗ ਦੇ ਸਿਰਫ਼ 73 ਸਨ। ਰਿਆਸਤਾਂ ਦੇ ਨੁਮਾਇੰਦੇ 93 ਨਾਮਜ਼ਦ ਹੋਏ। 4 ਮੈਂਬਰ ਚੀਫ਼ ਕਮਿਸ਼ਨਰਾਂ ਵੱਲੋਂ ਨਾਮਜ਼ਦ ਹੋਏ ਵਾਇਸ ਰਾਏ ਨੇ ਸੰਵਿਧਾਨ ਸਭਾ ਦੀ ਪਹਿਲੀ ਮੀਟਿੰਗ 9 ਦਸੰਬਰ 1946 ਨੂੰ ਨਵੀਂ ਦਿੱਲੀ ਵਿੱਚ ਸੱਦੀ, ਪਰ ਮੁਸਲਿਮ ਲੀਗ ਨੇ ਇਸ ਮੀਟਿੰਗ ਦਾ ਬਾਈਕਾਟ ਕੀਤਾ।

ਆਖ਼ਿਰ ਨੂੰ ਪਾਕਿਸਤਾਨ ਬਣ ਗਿਆ ਤੇ ਸੰਵਿਧਾਨ ਦੇ ਮੁਸਲਮਾਨ ਮੈਂਬਰ ਪਾਕਿਸਤਾਨ ਚਲੇ ਗਏ, ਜਦਕਿ ਇਨ੍ਹਾਂ ਵਿੱਚੋਂ 28 ਮੈਂਬਰ ਭਾਰਤ ਵਿੱਚ ਹੀ ਰਹੇ ਤੇ ਇਨ੍ਹਾਂ ਨੇ ਭਾਰਤੀ ਸੰਵਿਧਾਨ ਸਭਾ ਵਿੱਚ ਹੀ ਕੰਮ ਕੀਤਾ। ਪੰਜਾਬ ਵਿਧਾਨ ਸਭਾ ਵਿੱਚੋਂ 2 ਸਿੱਖ ਬਤੌਰ ਸਿੱਖ ਨੁਮਾਇੰਦੇ ਅਗਸਤ 1946 ਨੂੰ ਹੋਈ ਸੰਵਿਧਾਨ ਸਭਾ ਦੀ ਚੋਣ ਵਿੱਚ ਚੁਣੇ ਗਏ ਤੇ 2 ਸਿੱਖ ਨੁਮਾਇੰਦੇ ਸਿੱਖ ਰਿਆਸਤਾਂ ਦੇ ਨਾਮਜ਼ਦ ਹੋਏ, ਜੋ ਇਹ ਸਨ:

### ਸ. ਬਲਦੇਵ ਸਿੰਘ ਦੁੱਮਣਾ

ਸ. ਬਲਦੇਵ ਸਿੰਘ ਦੁੱਮਣਾ ਬਾਅਦ 'ਚ ਬਣੀ ਅੰਤ੍ਰਿਮ ਕੇਂਦਰੀ ਸਰਕਾਰ 'ਚ ਵਜ਼ੀਰ ਬਣੇ ਅਤੇ ਆਜ਼ਾਦ ਭਾਰਤ ਦੇ ਪਹਿਲੇ ਡਿਫੈਂਸ ਮਨਿਸਟਰ ਬਣੇ। ਉਹ ਸ਼੍ਰੋਮਣੀ ਅਕਾਲੀ ਦਲ 1920 ਦੇ ਪ੍ਰਧਾਨ ਅਤੇ ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਸ. ਰਵੀਇੰਦਰ ਸਿੰਘ



ਦੇ ਚਾਚਾ ਜੀ ਸਨ। ਸ. ਬਲਦੇਵ ਸਿੰਘ 1937 ਤੇ 1946 ਨੂੰ ਹੋਈ ਪੰਜਾਬ ਵਿਧਾਨ ਸਭਾ ਦੀ ਚੋਣ ਵਿੱਚ ਸਿੱਖਾਂ ਲਈ ਰਿਜ਼ਰਵ ਸੀਟ ਅੰਬਾਲਾ ਦਿਹਾਤੀ ਤੋਂ ਐਮ.ਐਲ.ਏ. ਬਣੇ।

### ਸ. ਭੁਪਿੰਦਰ ਸਿੰਘ ਮਾਨ

ਸ. ਮਾਨ ਵੀ ਬਤੌਰ ਸਿੱਖ ਨੁਮਾਇੰਦੇ ਸੰਵਿਧਾਨ ਸਭਾ ਦੀ 1946 'ਚ ਹੋਈ ਚੋਣ ਮੌਕੇ ਮੈਂਬਰ ਬਣੇ। ਇਨ੍ਹਾਂ ਦਾ ਪਿਛੋਕੜ ਜ਼ਿਲ੍ਹਾ ਸ਼ੇਖ਼ੂਪੁਰਾ ਦੇ ਪਿੰਡ ਮਾਨਾਂਵਾਲਾ ਤੋਂ ਸੀ। ਵੰਡ ਤੋਂ ਮਗਰੋਂ ਇਨ੍ਹਾਂ ਨੂੰ ਪਿੰਡ ਬਾੜਾ (ਅੱਜ ਕੱਲ੍ਹ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ) 'ਚ ਪੈਲੀ ਅਲਾਟ ਹੋਈ। ਉਹ ਪੈਪਸੂ ਦੇ



ਖ਼ਜ਼ਾਨਾ ਮੰਤਰੀ ਵੀ ਰਹੇ। ਇਨ੍ਹਾਂ ਦਾ ਇੱਕ ਬੇਟਾ ਹਿੰਦ ਰਵੀ ਸਿੰਘ ਮਾਨ ਇੰਡੀਅਨ ਆਰਮੀ 'ਚ ਲੈਫ਼ਟੀਨੈਂਟ ਜਨਰਲ ਰਿਹਾ। ਦੂਜੇ ਬੇਟੇ ਜਸਬੀਰ ਸਿੰਘ ਦਾ ਯੂ.ਪੀ. ਦੇ ਜ਼ਿਲ੍ਹਾ ਮੁਜ਼ੱਫ਼ਰਨਗਰ 'ਚ ਫਾਰਮ ਹੈ। ਮੈਂਬਰ ਪਾਰਲੀਮੈਂਟ ਸ. ਸਿਮਰਨਜੀਤ ਸਿੰਘ ਮਾਨ ਵੀ ਇਸੇ ਕੋੜਮੇ 'ਚੋਂ ਹਨ।

ਸਾਂਝੇ ਪੰਜਾਬ ਦੀ ਵਿਧਾਨ ਸਭਾ ਵਿੱਚੋਂ ਚੁਣੇ ਗਏ ਮੈਂਬਰਾਂ ਦੇ ਪਾਕਿਸਤਾਨ ਚਲੇ ਜਾਣ ਕਰਕੇ ਖ਼ਾਲੀ ਹੋਈਆਂ 4 ਸੀਟਾਂ ਤੇ 2 ਸਿੱਖ ਤੇ 2 ਹਿੰਦੂ ਮੈਂਬਰਾਂ ਦੀ ਚੋਣ ਹੋਈ, ਜਿਨ੍ਹਾਂ 'ਚ ਹੇਠ ਲਿਖੇ ਮੈਂਬਰ ਚੁਣੇ ਗਏ:

### ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ

ਪਾਕਿਸਤਾਨ ਚਲੇ ਗਏ ਮੈਂਬਰਾਂ ਦੀ ਥਾਂ 'ਤੇ ਖ਼ਾਲੀ ਹੋਈਆਂ ਸੀਟਾਂ 'ਤੇ ਹੋਈ ਚੋਣ ਵਿੱਚ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਸੰਵਿਧਾਨ ਸਭਾ ਦੇ ਮੈਂਬਰ ਚੁਣੇ ਗਏ।



ਗਿਆਨੀ ਜੀ ਜ਼ਿਲ੍ਹਾ ਅਟਕ (ਪਾਕਿਸਤਾਨ) ਦੇ ਰਹਿਣ ਵਾਲੇ ਸਨ। ਉਹ ਮੈਂਬਰ ਰਾਜ ਸਭਾ, ਪੰਜਾਬ ਦੇ ਮੁੱਖ ਮੰਤਰੀ ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੀ ਬਣੇ। ਸੰਭਵ ਹੈ ਕਿ ਪਹਿਲਾਂ ਤੋਂ ਕਾਇਮ ਸੰਵਿਧਾਨ ਸਭਾ ਨੇ ਉਨ੍ਹਾਂ ਦੀ ਚੋਣ ਕੋਆਪਸ਼ਨ ਨਜ਼ਰੀਏ ਕੀਤੀ ਹੋਵੇ। 15 ਜਨਵਰੀ 1899 ਨੂੰ ਜਨਮੇ ਗਿਆਨੀ ਮੁਸਾਫ਼ਿਰ 18 ਜਨਵਰੀ 1976 ਨੂੰ ਫ਼ੌਤ ਹੋਏ।

### ਸ. ਹੁਕਮ ਸਿੰਘ

ਪਾਕਿਸਤਾਨ ਚਲੇ ਗਏ ਮੈਂਬਰਾਂ ਦੀ ਥਾਂ 'ਤੇ ਖ਼ਾਲੀ ਹੋਈਆਂ ਸੀਟਾਂ 'ਤੇ ਹੋਈ ਚੋਣ ਵਿੱਚ ਉਹ ਸੰਵਿਧਾਨ ਸਭਾ ਦੇ ਮੈਂਬਰ ਚੁਣੇ ਗਏ। ਉਹ ਮਿੰਟਗੁਮਰੀ ਦੇ ਰਹਿਣ ਵਾਲੇ ਸਨ। ਸ. ਹੁਕਮ ਸਿੰਘ ਲੋਕ ਸਭਾ ਦੇ ਸਪੀਕਰ ਅਤੇ ਰਾਜਸਥਾਨ ਦੇ ਗਵਰਨਰ ਵੀ ਬਣੇ।



ਉਨ੍ਹਾਂ ਦੀ ਕੋਆਪਸ਼ਨ ਦਾ ਜ਼ਿਕਰ ਸੰਵਿਧਾਨ ਸਭਾ ਦੀ 27 ਜਨਵਰੀ 1948 ਵਾਲੇ ਕਾਰਵਾਈ ਰਜਿਸਟਰ ਵਿੱਚ ਦੇਖਣ ਨੂੰ ਮਿਲਦਾ ਹੈ। ਇਸ ਦਿਨ ਸ. ਗੁਰਮੁਖ ਸਿੰਘ ਮੁਸਾਫ਼ਿਰ ਨੇ ਉਨ੍ਹਾਂ ਦਾ ਨਾਮ ਪੇਸ਼ ਕੀਤਾ ਅਤੇ ਸਰਬ ਸੰਮਤੀ ਨਾਲ ਉਨ੍ਹਾਂ ਦੀ ਚੋਣ ਮੈਂਬਰ ਸੰਵਿਧਾਨ ਸਭਾ ਵਜੋਂ ਹੋਈ।

### ਸ. ਸੁਚੇਤ ਸਿੰਘ ਔਜਲਾ

ਭਾਰਤੀ ਰਿਆਸਤਾਂ ਵੱਲੋਂ ਨਾਮਜ਼ਦ ਕੀਤੇ 93 ਮੈਂਬਰਾਂ ਵਿੱਚੋਂ 2 ਮੈਂਬਰ ਰਿਆਸਤ ਪਟਿਆਲਾ ਵੱਲੋਂ ਨਾਮਜ਼ਦ ਹੋਏ ਸਨ। ਇਨ੍ਹਾਂ ਵਿੱਚ ਇੱਕ ਸ. ਗਿਆਨ ਸਿੰਘ ਰਾੜੇ ਵਾਲਾ ਸਨ। 1948 'ਚ ਇਹ ਰਿਆਸਤ ਭਾਰਤ ਦੇ ਨਵੇਂ ਬਣੇ ਪੈਪਸੂ ਸੂਬੇ ਵਿੱਚ ਮਰਜ ਹੋ ਗਈ ਸੀ। ਰਿਆਸਤਾਂ ਦੇ ਨੁਮਾਇੰਦੇ ਸ਼ਾਇਦ ਇਸੇ ਵਜਾਹ ਕਰਕੇ ਹੀ ਸੰਵਿਧਾਨ ਸਭਾ ਵਿੱਚੋਂ ਬਾਹਰ ਕਰ ਦਿੱਤੇ ਗਏ। ਪੰਜਾਬ ਦੀਆਂ ਰਿਆਸਤਾਂ ਦੇ ਇਲਾਕੇ ਨੂੰ ਜੋੜ ਕੇ ਬਣੇ ਪੈਪਸੂ ਸੂਬੇ ਵਿੱਚੋਂ 2 ਸਿੱਖ ਮੈਂਬਰਾਂ ਤੇ ਇੱਕ ਹਿੰਦੂ ਮੈਂਬਰ ਦੀ ਚੋਣ ਹੋਈ।



ਸਿੱਖ ਮੈਂਬਰਾਂ ਵਿੱਚ ਇੱਕ ਸਨ ਕਪੂਰਥਲਾ ਰਿਆਸਤ (ਅੱਜ ਕੱਲ੍ਹ ਜ਼ਿਲ੍ਹਾ) ਦੇ ਪਿੰਡ ਔਜਲਾ ਦੇ ਸ. ਸੁਚੇਤ ਸਿੰਘ ਔਜਲਾ। ਇਹ 2007 ਵਿੱਚ ਡੀ.ਜੀ.ਪੀ. ਪੰਜਾਬ ਵਜੋਂ ਰਿਟਾਇਰ ਹੋਏ ਸ. ਜੀ.ਐਸ. ਔਜਲਾ ਅਤੇ ਮਸ਼ਹੂਰ ਕਾਲਮ ਨਵੀਸ ਸ. ਹਰਜਾਪ ਸਿੰਘ ਔਜਲਾ ਦੇ ਪਿਤਾ ਜੀ ਸਨ। ਉਸ ਵੇਲੇ ਪੈਪਸੂ ਦੀ ਵਿਧਾਨ ਸਭਾ ਅਜੇ ਵਜੂਦ ਵਿੱਚ ਨਹੀਂ ਸੀ ਆਈ, ਇਸ ਕਰਕੇ ਉਨ੍ਹਾਂ ਦੀ ਨਾਮਜ਼ਦਗੀ ਪੈਪਸੂ ਦੀ ਹਕੂਮਤ ਯਾਨਿ ਪੈਪਸੂ ਦੇ ਰਾਜ ਪ੍ਰਮੁੱਖ ਮਹਾਰਾਜਾ ਯਾਦਵਿੰਦਰ ਸਿੰਘ ਨੇ ਹੀ ਕੀਤੀ ਹੋਵੇਗੀ। ਸ. ਸੁਚੇਤ ਸਿੰਘ ਔਜਲਾ ਦੀ ਇਹ ਫ਼ੋਟੋ ਸ. ਜੀ.ਐਸ. ਔਜਲਾ ਤੋਂ ਹੀ ਮਿਲੀ ਹੈ।

### ਸਰਦਾਰ ਬਹਾਦਰ ਰਣਜੀਤ ਸਿੰਘ ਅਕੋਈ

ਸੰਗਰੂਰ ਜ਼ਿਲ੍ਹੇ ਦੇ ਪਿੰਡ ਅਕੋਈ ਦੇ ਜੰਮਪਲ ਸਰਦਾਰ ਬਹਾਦਰ ਰਣਜੀਤ ਸਿੰਘ ਅਕੋਈ ਦੀ ਚੋਣ ਪੈਪਸੂ ਸੂਬੇ ਤੋਂ ਸੰਵਿਧਾਨ ਸਭਾ ਦੇ ਮੈਂਬਰ ਵਜੋਂ ਹੋਈ। ਇਹ ਸਰਦਾਰ ਸਾਹਿਬ ਨਵੀਂ ਦਿੱਲੀ ਦੇ ਇੰਪੀਰੀਅਲ ਹੋਟਲ ਦੇ ਮਾਲਕ ਰਹੇ ਅਤੇ ਉਹ ਮਸ਼ਹੂਰ ਅਕਾਲੀ ਆਗੂ ਬੀਬੀ ਨਿਰਲੇਪ ਕੌਰ ਦੇ ਸਹੁਰਾ ਸਾਹਿਬ ਸਨ। ਉਹ 1952 ਅਤੇ 1962 ਵਿੱਚ ਸੰਗਰੂਰ ਹਲਕੇ ਤੋਂ ਲੋਕ ਸਭਾ ਦੀ ਇਲੈਕਸ਼ਨ ਵੀ ਜਿੱਤੇ। ਬਹੁਤ ਕੋਸ਼ਿਸ਼ਾਂ ਦੇ ਬਾਵਜੂਦ ਸ. ਰਣਜੀਤ ਸਿੰਘ ਦੀ ਕੋਈ ਕਲੀਅਰ ਫ਼ੋਟੋ ਨਹੀਂ ਮਿਲੀ।

### ਸ. ਜੋਗਿੰਦਰਾ ਸਿੰਘ

3 ਅਕਤੂਬਰ 1903 ਨੂੰ ਜਨਮੇ ਸ. ਜੋਗਿੰਦਰਾ ਸਿੰਘ ਯੂ.ਪੀ. ਤੋਂ ਸੰਵਿਧਾਨ ਸਭਾ ਦੇ ਮੈਂਬਰ ਬਣੇ, ਜੋ 1957 'ਚ ਕਾਂਗਰਸ ਟਿਕਟ 'ਤੇ ਬਹਿਰਾਇਚ ਹਲਕੇ ਤੋਂ ਲੋਕ ਸਭਾ ਦੀ ਚੋਣ ਵੀ ਜਿੱਤੇ। 1965 'ਚ ਯੂ.ਪੀ. ਤੋਂ ਹੀ ਰਾਜ ਸਭਾ ਦੇ ਮੈਂਬਰ ਬਣੇ।



1972 ਤੋਂ 1977 ਤੱਕ ਰਾਜਸਥਾਨ ਦੇ ਗਵਰਨਰ ਰਹੇ ਤੇ 11 ਫ਼ਰਵਰੀ 1979 ਨੂੰ ਫ਼ੌਤ ਹੋਏ। ਇਹ ਪਿੱਛੋਂ ਜ਼ਿਲ੍ਹਾ ਅੰਮ੍ਰਿਤਸਰ ਦੇ ਸਨ। ਇਹ ਜੋਗਿੰਦਰਾ ਸਿੰਘ ਉਹ ਸਰ ਜੋਗਿੰਦਰਾ ਸਿੰਘ ਨਹੀਂ ਸਨ, ਜੋ ਵਾਇਸਰਾਏ ਦੀ ਐਗਜ਼ੈਕਟਿਵ ਕੌਂਸਲ ਦੇ ਮੈਂਬਰ ਹੁੰਦੇ ਸਨ। ਉਨ੍ਹਾਂ ਦੀ ਫ਼ੌਤਗੀ ਤਾਂ ਦਸੰਬਰ 1946 'ਚ ਹੀ ਹੋ ਗਈ ਸੀ। ਪੰਜਾਬ ਦੇ ਮੈਂਬਰਾਂ ਦੀ ਲਿਸਟ 'ਚ ਉਨ੍ਹਾਂ ਦਾ ਜ਼ਿਕਰ ਨਾ ਹੋਣ ਕਰਕੇ ਉਨ੍ਹਾਂ ਬਾਰੇ ਮੈਂ ਪਹਿਲਾਂ ਅਣਜਾਣ ਸੀ। ਉਨ੍ਹਾਂ ਦੇ ਸੰਵਿਧਾਨ ਸਭਾ ਦੀ ਜਾਣਕਾਰੀ ਮੈਨੂੰ ਸ. ਸੁਚੇਤ ਸਿੰਘ ਔਜਲਾ ਦੇ ਬੇਟੇ ਸ. ਜੀ.ਐਸ. ਔਜਲਾ ਨੇ ਹੀ ਦਿੱਤੀ।

ਹੇਠ ਲਿਖੇ ਸ. ਰਤਨ ਸਿੰਘ ਲੋਹਗੜ੍ਹ, ਸ. ਹਰਨਾਮ ਸਿੰਘ, ਸ. ਉੱਜਲ ਸਿੰਘ ਦੇ ਮੈਂਬਰ ਹੋਣ ਬਾਰੇ ਹੋਰ ਖੋਜ ਦੀ ਲੋੜ ਕਿਉਂ?

### ਸ. ਰਤਨ ਸਿੰਘ ਲੋਹਗੜ੍ਹ

ਮੋਗਾ ਜ਼ਿਲ੍ਹੇ ਦੇ ਕਸਬਾ ਧਰਮਕੋਟ ਨੇੜੇ ਪੈਂਦੇ ਪਿੰਡ ਲੋਹਗੜ੍ਹ ਦੇ ਵਸਨੀਕ ਸ. ਰਤਨ ਸਿੰਘ ਸਮਰਾ (ਲੋਹਗੜ੍ਹ) ਵੀ ਜੁਲਾਈ 1946 ਨੂੰ ਹੋਈ ਸੰਵਿਧਾਨ ਸਭਾ ਦੀ ਚੋਣ ਵਿੱਚ ਬਤੌਰ ਸਿੱਖ ਮੈਂਬਰ ਚੁਣੇ ਗਏ।



ਉਹ ਜਨਵਰੀ 1946 ਨੂੰ ਪੰਜਾਬ ਵਿਧਾਨ ਸਭਾ ਦੀ ਹੋਈ ਚੋਣ ਵਿੱਚ ਸਿੱਖਾਂ ਲਈ ਰਿਜ਼ਰਵ ਹਲਕੇ ਫ਼ਿਰੋਜ਼ਪੁਰ (ਉੱਤਰੀ) ਤੋਂ ਚੋਣ ਜਿੱਤ ਕੇ ਐਮ.ਐਲ.ਏ. ਬਣੇ। ਇਹ ਰਤਨ ਸਿੰਘ, ਮੋਗਾ ਜ਼ਿਲ੍ਹੇ ਦੇ ਹਲਕਾ ਧਰਮਕੋਟ ਤੋਂ 2017 ਦੀ ਚੋਣ 'ਚ ਐਮ.ਐਲ.ਏ. ਬਣੇ ਸ. ਸੁਖਜੀਤ ਸਿੰਘ ਕਾਕਾ ਲੋਹਗੜ੍ਹ ਦੇ ਤਾਇਆ ਜੀ ਸਨ। ਇੱਥੇ ਹੋਰ ਸਾਫ਼ ਕੀਤਾ ਜਾਂਦਾ ਹੈ ਕਿ 1946 ਵਾਲੀ ਇਲੈਕਸ਼ਨ 'ਚ ਫ਼ਿਰੋਜ਼ਪੁਰ ਜ਼ਿਲ੍ਹੇ ਤੋਂ ਇੱਕ ਹੋਰ ਰਤਨ ਸਿੰਘ ਵੀ ਐਮ.ਐਲ.ਏ. ਬਣੇ ਸਨ, ਉਨ੍ਹਾਂ ਦੀ ਸੀਟ ਫ਼ਿਰੋਜ਼ਪੁਰ (ਪੂਰਬੀ) ਸੀ, ਜੀਹਦੇ 'ਚ ਮੋਗਾ ਤਹਿਸੀਲ ਦਾ ਇਲਾਕਾ ਪੈਂਦਾ ਸੀ, ਜਦਕਿ ਫ਼ਿਰੋਜ਼ਪੁਰ (ਉੱਤਰੀ) ਜ਼ੀਰਾ ਤਹਿਸੀਲ ਪੈਂਦੀ ਸੀ।

ਸ. ਰਤਨ ਸਿੰਘ ਲੋਹਗੜ੍ਹ ਦਾ ਜਨਮ 12 ਮਾਰਚ 1907 ਦਾ ਅਤੇ ਫ਼ੌਤਗੀ 15 ਅਪਰੈਲ 1994 ਦੀ ਹੈ। ਉਨ੍ਹਾਂ ਦੀ ਇਹ ਫ਼ੋਟੋ ਉਨ੍ਹਾਂ ਦੇ ਕੈਨੇਡਾ ਰਹਿੰਦੇ ਬੇਟੇ ਸ. ਰਣਧੀਰ ਸਿੰਘ ਤੋਂ ਹਾਸਲ ਹੋਈ ਹੈ। ਵਿਕੀਪੀਡੀਆ ਵੱਲੋਂ ਸੰਵਿਧਾਨ ਸਭਾ ਦੇ ਮੈਂਬਰਾਂ ਦੀ ਲਿਸਟ ਵਿੱਚ ਸ. ਰਤਨ ਸਿੰਘ ਨਾਂ ਸ਼ਾਮਿਲ ਹੈ, ਪਰ ਸ. ਜੀ.ਐਸ. ਔਜਲਾ ਨੇ ਮੈਂਬਰਾਂ ਦੀ ਜਿਹੜੀ ਪ੍ਰਿੰਟਿਡ ਲਿਸਟ ਮੈਨੂੰ ਭੇਜੀ ਹੈ, ਉਹਦੇ 'ਚ ਸ. ਰਤਨ ਸਿੰਘ ਦਾ ਨਾਂ ਨਹੀਂ ਹੈ। ਇਸ ਲਿਸਟ 'ਤੇ ਨਵੰਬਰ 1949 ਛਪਿਆ ਹੋਇਆ ਹੈ। ਇਸ ਲਿਸਟ 'ਚ ਉਨ੍ਹਾਂ ਦਾ ਨਾਂ ਹੋਣਾ ਤੇ ਦੂਜੀ 'ਚ ਨਾ ਹੋਣਾ ਇਹ ਹੋਰ ਪੜਤਾਲ ਮੰਗਦਾ ਹੈ।

### ਸ. ਉੱਜਲ ਸਿੰਘ

23 ਦਸੰਬਰ 1895 ਨੂੰ ਸ਼ਾਹਪੁਰ (ਪਾਕਿਸਤਾਨ) ਜ਼ਿਲ੍ਹੇ ਦੇ ਪਿੰਡ ਹਦਾਲ 'ਚ ਜਨਮੇ ਉੱਜਲ ਸਿੰਘ 1926 ਤੋਂ ਲੈ ਕੇ ਲਗਾਤਾਰ 30 ਸਾਲ 1956 ਤੱਕ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹੇ। ਲੰਡਨ 'ਚ ਹੋਈਆਂ ਦੋਵੇਂ ਗੋਲ ਮੇਜ਼ ਕਾਨਫਰੰਸਾਂ 'ਚ ਸਿੱਖਾਂ ਦੀ ਨੁਮਾਇੰਦਗੀ ਕੀਤੀ। ਤਾਮਿਲਨਾਡੂ ਦੇ



ਗਵਰਨਰ ਵੀ ਰਹੇ। ਨਾ ਹੀ ਵਿਕੀਪੀਡੀਆ ਤੇ ਨਾ ਹੀ ਸੰਵਿਧਾਨ ਸਭਾ ਦੀ ਪ੍ਰਿੰਟਿਡ ਲਿਸਟ 'ਚ ਉਨ੍ਹਾਂ ਦਾ ਨਾਂ ਛਪਿਆ ਹੈ, ਪਰ ਸੰਵਿਧਾਨ ਸਭਾ ਦੀ 10 ਤੇ 11 ਦਸੰਬਰ 1946 ਦੀ ਕਾਰਵਾਈ (ਪਰੋਸੀਡਿੰਗਜ਼) 'ਚ ਉਨ੍ਹਾਂ ਵੱਲੋਂ ਕਹੀਆਂ ਗੱਲਾਂ ਦਾ ਜ਼ਿਕਰ ਹੈ। 11 ਦਸੰਬਰ 1946 ਨੂੰ ਸੰਵਿਧਾਨ ਸਭਾ ਦੀ 11 ਮੈਂਬਰੀ ਸਟੀਰਿੰਗ ਕਮੇਟੀ ਦੀ ਹੋਈ ਚੋਣ 'ਚ ਅਬਦੁਲ ਕਲਾਮ ਆਜ਼ਾਦ 'ਤੇ ਵੱਲਭ ਭਾਈ ਪਟੇਲ ਤੋਂ ਮਗਰੋਂ ਤੀਜੇ ਨੰਬਰ 'ਤੇ ਸ. ਉੱਜਲ ਸਿੰਘ ਦਾ ਨਾਂ ਦਰਜ ਹੈ। ਕਾਰਵਾਈ 'ਚ ਉਨ੍ਹਾਂ ਦੇ ਨਾਂ ਨਾਲ ਬਰੈਕਟ 'ਚ (ਪੰਜਾਬ: ਸਿੱਖ) ਛਪਿਆ ਹੋਇਆ ਹੈ, ਜੀਹਦਾ ਮਤਲਬ ਇਹ ਹੈ ਕਿ ਇਹ ਮੈਂਬਰ ਪੰਜਾਬ ਤੋਂ ਹੈ, ਜੋ ਸਿੱਖਾਂ ਲਈ ਰਿਜ਼ਰਵ ਸੀਟਾਂ 'ਚੋਂ ਮੈਂਬਰ ਬਣਿਆ ਹੈ।

### ਸ. ਹਰਨਾਮ ਸਿੰਘ

ਸ. ਹਰਨਾਮ ਸਿੰਘ ਦੇ ਹੋਰ ਵੇਰਵੇ ਲੱਭ ਨਹੀਂ ਰਹੇ ਤੇ ਨਾ ਹੀ ਸੰਵਿਧਾਨ ਸਭਾ ਦੇ ਮੈਂਬਰਾਂ ਦੀ ਕਿਸੇ ਲਿਸਟ 'ਚ ਉਨ੍ਹਾਂ ਦਾ ਨਾਂ ਸ਼ਾਮਲ ਹੈ, ਪਰ ਲੋਕ ਸਭਾ ਸੈਕਟਰੀਏਟ ਵੱਲੋਂ "ਕੰਸਟੀਚੁਐਂਟ ਅਸੈਂਬਲੀ ਡੀਬੇਟਸ" ਦੇ ਨਾਮ ਹੇਠ ਛਪੀ ਆਫ਼ੀਸ਼ੀਅਲ ਰਿਪੋਰਟ ਵਾਲਿਊਮ-1 ਦੇ 2014 'ਚ ਛਪੇ 6ਵੇਂ ਰੀਪ੍ਰਿੰਟ 'ਚ ਸ. ਹਰਨਾਮ ਸਿੰਘ ਤੇ ਸ. ਉੱਜਲ ਸਿੰਘ ਦਾ ਨਾਂ ਬੋਲਦਾ ਹੈ। ਇਹਦੇ 'ਚ 10 ਤੇ 11 ਦਸੰਬਰ 1946 ਦੀ ਕਾਰਵਾਈ (ਪਰੋਸੀਡਿੰਗਜ਼) 'ਚ ਸ. ਹਰਨਾਮ ਸਿੰਘ ਵੱਲੋਂ ਬਤੌਰ ਮੈਂਬਰ ਕੀਤੀਆਂ ਤਕਰੀਰਾਂ ਦਰਜ ਹਨ। ਲੋਕ ਸਭਾ ਵੱਲੋਂ ਜਾਰੀ ਕੀਤੇ ਇਸ ਦਸਤਾਵੇਜ਼ 'ਚ ਸ. ਹਰਨਾਮ ਸਿੰਘ ਨੂੰ ਵੀ (ਪੰਜਾਬ: ਸਿੱਖ) ਲਿਖਿਆ ਹੋਇਆ ਹੈ। ਸ. ਉੱਜਲ ਸਿੰਘ ਅਤੇ ਸ. ਹਰਨਾਮ ਸਿੰਘ ਦੇ ਨਾਂ ਸੰਵਿਧਾਨ ਸਭਾ ਦੀ ਪਰੋਸੀਡਿੰਗਜ਼ 'ਚ ਆਉਣ ਬਾਅਦ 1949 'ਚ ਜਾਰੀ ਮੈਂਬਰਾਂ ਦੀ ਲਿਸਟ 'ਚੋਂ ਕਿਵੇਂ ਗ਼ਾਇਬ ਹੋਏ, ਇਹ ਹੋਰ ਖੋਜ ਦਾ ਵਿਸ਼ਾ ਹੈ। ਜਾਣਕਾਰ ਸੱਜਣਾਂ ਨੂੰ ਇਸ 'ਤੇ ਚਾਨਣਾ ਪਾਉਣਾ ਚਾਹੀਦਾ ਹੈ। ਇਹ ਘੁੰਡੀ 1946 'ਚ ਚੁਣੀ ਗਈ ਸੰਵਿਧਾਨ ਸਭਾ 'ਚ ਚੁਣੇ ਗਏ ਮੈਂਬਰਾਂ ਦੀ ਲਿਸਟ ਦੇਖ ਕੇ ਖੁੱਲ੍ਹ ਸਕਦੀ ਹੈ, ਪਰ ਇਹ ਲਿਸਟ ਕੋਸ਼ਿਸ਼ ਕਰਨ ਦੇ ਬਾਵਜੂਦ ਮੈਨੂੰ ਲੱਭ ਨਹੀਂ ਸਕੀ।

### ਕੀ ਭਾਰਤੀ ਸੰਵਿਧਾਨ ਨੂੰ ਸਿੱਖ ਨੁਮਾਇੰਦਿਆਂ ਨੇ ਮਨਜ਼ੂਰੀ ਦਿੱਤੀ?

ਇਹ ਗੱਲ ਆਮ ਸੁਣਨ ਵਿੱਚ ਆਉਂਦੀ ਹੈ ਕਿ ਸੰਵਿਧਾਨ ਸਭਾ ਵਿੱਚ ਸਿੱਖ ਨੁਮਾਇੰਦਿਆਂ ਨੇ ਸੰਵਿਧਾਨ 'ਤੇ ਇਤਰਾਜ਼ ਕਰਦਿਆਂ ਇਸ ਨੂੰ ਮਨਜ਼ੂਰੀ ਦੇਣ ਵਾਲੇ ਮਤੇ 'ਤੇ ਦਸਤਖ਼ਤ ਨਹੀਂ ਕੀਤੇ, ਪਰ ਅਸਲੀਅਤ ਇਹ ਹੈ ਕਿ ਸਿਰਫ਼ ਦੋ ਸਿੱਖ ਮੈਂਬਰਾਂ ਨੂੰ ਛੱਡ ਕੇ ਬਾਕੀ ਪੰਜਾਂ ਨੇ ਸੰਵਿਧਾਨ ਨੂੰ ਮਨਜ਼ੂਰੀ ਦੇਣ ਵਾਲੇ ਮਤੇ 'ਤੇ ਦਸਤਖ਼ਤ ਕੀਤੇ (ਜੇ 1949 ਨੂੰ ਜਾਰੀ ਹੋਈ ਲਿਸਟ 'ਚ ਸਿੱਖ ਮੈਂਬਰਾਂ ਦੀ ਗਿਣਤੀ 7 ਵੀ ਮੰਨ ਲਈ ਜਾਵੇ)। ਦਸਤਖ਼ਤ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

ਬੱਚਿਆਂ ਦੇ ਮਾਨਸਿਕ ਵਿਕਾਸ ਲਈ

# ਵਿਗਿਆਨ ਗਲਪ ਤੇ ਵਾਤਾਵਰਣੀ ਕਹਾਣੀਆਂ ਦਾ ਮਹੱਤਵ

ਸਮੇਂ ਦੀ ਗੱਲ



ਡਾ. ਡੀ.ਪੀ. ਸਿੰਘ, ਕੈਨੇਡਾ
drdpsn@hotmail.com

ਬੱਚੇ ਸਾਡਾ ਭਵਿੱਖ ਹਨ ਅਤੇ ਉਨ੍ਹਾਂ ਦੇ ਮਨਾਂ ਦੇ ਵਿਕਾਸ ਲਈ ਕਹਾਣੀਆਂ ਦਾ ਖਾਸ ਮਹੱਤਵ ਹੈ। ਕਹਾਣੀਆਂ ਉਨ੍ਹਾਂ ਦੀ ਕਲਪਨਾ ਨੂੰ ਟੁੰਬਦੀਆਂ ਹਨ, ਉਨ੍ਹਾਂ ਵਿੱਚ ਕਦਰਾਂ-ਕੀਮਤਾਂ ਦੇ ਪਾਲਣ ਦੀ ਭਾਵਨਾ ਪੈਦਾ ਕਰਦੀਆਂ ਹਨ। ਇੰਝ ਉਹ ਬੱਚਿਆਂ ਨੂੰ ਇੱਕ ਸੁਖਦ ਤੇ ਸ਼ਾਨਾਂਮੱਤਾ ਸੰਸਾਰ ਸਿਰਜਣ ਵਿੱਚ ਮਾਰਗ-ਦਰਸ਼ਨ ਕਰਦੀਆਂ ਹਨ। ਇਸ ਮੰਜ਼ਿਲ ਨੂੰ ਪ੍ਰਾਪਤ ਕਰਨ ਵਿੱਚ ਵਿਗਿਆਨ ਗਲਪ ਤੇ ਵਾਤਾਵਰਣੀ ਕਹਾਣੀਆਂ ਬੱਚਿਆਂ ਲਈ ਇੱਕ ਪ੍ਰਮੁੱਖ ਭੂਮਿਕਾ ਨਿਭਾਉਂਦੇ ਹਨ। ਕਹਾਣੀਆਂ ਦੀ ਇਹ ਵਿਧਾ ਬਾਲ ਪਾਠਕਾਂ ਨੂੰ ਅਦਭੁੱਤ ਸੰਸਾਰਾਂ ਬਾਰੇ ਜਾਣਕਾਰੀ ਦੇਣ ਦੇ ਨਾਲ ਨਾਲ ਉਨ੍ਹਾਂ ਨੂੰ ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣੀ ਸੰਭਾਲ ਦੀ ਮਹੱਤਤਾ ਬਾਰੇ ਵੱਡਮੁੱਲੀ ਸੂਝ ਪ੍ਰਦਾਨ ਕਰਦੀ ਹੈ। ਵਰਨਣਯੋਗ ਹੈ ਕਿ ਵਿਗਿਆਨ ਕਥਾਵਾਂ ਅਤੇ ਵਾਤਾਵਰਣੀ ਕਹਾਣੀਆਂ ਬੱਚਿਆਂ ਦੇ ਮਾਨਸਿਕ ਵਿਕਾਸ, ਨੈਤਿਕ ਸੂਝ-ਬੂਝ ਅਤੇ ਸਾਡੇ ਗ੍ਰਹਿ ਨੂੰ ਦਰਪੇਸ਼ ਵਾਤਾਵਰਣੀ ਚੁਣੌਤੀਆਂ ਬਾਰੇ ਜਾਗਰੂਕਤਾ ਪ੍ਰਦਾਨ



ਕਰਦੀਆਂ ਹਨ।


ਵਿਗਿਆਨ ਕਥਾਵਾਂ ਬੱਚੇ ਦੀ ਕਲਪਨਾ ਦੇ ਵਿਕਾਸ ਅਤੇ ਉਸ ਵਿੱਚ ਨਵਾਂ ਜਾਣਨ ਦੀ ਜਗਿਆਸਾ ਨੂੰ ਤੀਬਰ ਕਰਨ ਵਿੱਚ ਖ਼ਾਸ ਰੋਲ ਅਦਾ ਕਰਦੀਆਂ ਹਨ। ਭਵਿੱਖ ਦੇ ਉੱਨਤ ਤਕਨਾਲੋਜੀ ਵਾਲੇ ਅਦਭੁੱਤ ਸੰਸਾਰ ਅਤੇ ਬ੍ਰਹਿਮੰਡੀ ਪਸਾਰੇ ਵਿੱਚ ਸਾਹਸੀ ਕੌਤਕਾਂ ਦੇ ਬਿਰਤਾਂਤ ਦੁਆਰਾ ਬੱਚਿਆਂ ਨੂੰ ਬਹੁਤ ਹੀ ਰੌਚਕ ਢੰਗ ਨਾਲ ਵਿਗਿਆਨਕ ਧਾਰਨਾਵਾਂ ਤੋਂ ਜਾਣੂ ਕਰਵਾਇਆ ਜਾਂਦਾ ਹੈ। ਵਿਗਿਆਨ ਲੇਖਕ ਪੁਲਾੜੀ ਖੋਜ, ਟਾਇਮ ਟ੍ਰੈਵਲ ਅਤੇ ਉੱਨਤ ਸੱਭਿਅਤਾਵਾਂ ਦੀਆਂ ਕਹਾਣੀਆਂ ਰਚਦੇ ਹਨ। ਇਨ੍ਹਾਂ ਕਥਾਵਾਂ ਰਾਹੀਂ ਉਹ ਬਾਲ ਪਾਠਕਾਂ ਦਾ ਮਨੋਰੰਜਨ ਕਰਦੇ ਹੋਏ ਬੁਨਿਆਦੀ ਵਿਗਿਆਨਕ ਸਿਧਾਂਤਾਂ ਨਾਲ ਬਾਲਾਂ ਦੀ ਸਾਂਝ ਪਵਾਉਂਦੇ ਹਨ।

ਇਸ ਤੋਂ ਇਲਾਵਾ ਵਿਗਿਆਨ ਕਹਾਣੀਆਂ ਅਕਸਰ ਸਮੱਸਿਆ-ਹੱਲ ਕਰਨ ਵਾਲੇ ਦ੍ਰਿਸ਼ਾਂ ਨੂੰ ਸ਼ਾਮਲ ਕਰਦੀਆਂ ਹਨ, ਬੱਚਿਆਂ ਨੂੰ ਆਲੋਚਨਾਤਮਿਕ ਅਤੇ ਰਚਨਾਤਮਿਕ ਸੋਚਣ ਲਈ ਉਤਸ਼ਾਹਿਤ ਕਰਦੀਆਂ ਹਨ। ਵਿਗਿਆਨਕ ਤਰਕ ਦੀ ਵਰਤੋਂ ਕਰਕੇ ਚੁਣੌਤੀਆਂ ਦਾ ਮੁਕਾਬਲਾ ਕਰਨ ਵਾਲੇ ਪਾਤਰਾਂ ਨੂੰ ਪੇਸ਼ ਕਰਕੇ, ਇਹ ਕਹਾਣੀਆਂ ਬਾਲ ਮਨਾਂ ਨੂੰ ਉਤਸੁਕਤਾ, ਤਜਰਬੇ ਕਰਨ ਅਤੇ ਸਿੱਖਣ ਦੀ ਰੁਚੀ ਅਪਣਾਉਣ ਲਈ ਪ੍ਰੇਰਿਤ ਕਰਦੀਆਂ ਹਨ। ਨਤੀਜੇ ਵਜੋਂ ਬੱਚੇ ਦਾ ਮਾਨਸਿਕ ਵਿਕਾਸ ਹੁੰਦਾ ਹੈ ਜੋ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ ਵਰਗੇ ਖੇਤਰਾਂ ਵਿੱਚ ਸਫਲਤਾ ਲਈ ਅਤਿ ਜ਼ਰੂਰੀ ਹੈ।

ਵਾਤਾਵਰਣੀ ਸੰਕਟ ਦੇ ਲਗਾਤਾਰ ਵਾਧੇ ਦਾ ਟਾਕਰਾ ਕਰ ਰਹੇ ਸੰਸਾਰ ਵਿੱਚ, ਬੱਚਿਆਂ ਵਿੱਚ ਵਾਤਾਵਰਣ ਸਬੰਧੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ ਮਹੱਤਵਪੂਰਨ ਹੈ। ਵਾਤਾਵਰਣੀ ਕਹਾਣੀਆਂ ਕੁਦਰਤੀ ਸਰੋਤਾਂ ਦੀ ਸਾਂਭ-ਸੰਭਾਲ, ਉਨ੍ਹਾਂ ਦੀ ਚਿਰਕਾਲੀ ਹੋਂਦ ਨੂੰ ਬਣਾਈ ਰੱਖਣ ਲਈ ਲੋੜੀਂਦੇ ਕਾਰਜਾਂ ਅਤੇ ਉਨ੍ਹਾਂ ਉੱਤੇ ਮਨੁੱਖੀ ਨਿਰਭਰਤਾ ਦੇ ਮਹੱਤਵ ਬਾਰੇ ਬੱਚਿਆਂ ਵਿੱਚ ਜਾਗਰੂਕਤਾ ਪੈਦਾ ਕਰਨ ਦੇ ਸਮਰਥ ਹੁੰਦੀਆਂ ਹਨ। ਵਾਤਾਵਰਣ ਉੱਤੇ ਮਨੁੱਖੀ ਕ੍ਰਿਆਵਾਂ ਦੇ ਪ੍ਰਭਾਵ ਨੂੰ ਜਾਹਰ ਕਰਨ ਵਾਲੇ ਬਿਰਤਾਂਤਾਂ ਰਾਹੀਂ ਬਾਲ ਪਾਠਕ ਪ੍ਰਦੂਸ਼ਣ, ਜੰਗਲਾਂ ਦੀ ਕਟਾਈ ਅਤੇ ਜਲਵਾਯੂ ਤਬਦੀਲੀ ਦੇ ਨਤੀਜਿਆਂ ਨੂੰ ਸਮਝ ਸਕਦੇ ਹਨ।

ਇਨ੍ਹਾਂ ਕਹਾਣੀਆਂ ਵਿੱਚ ਅਕਸਰ ਅਜਿਹੇ ਪਾਤਰ ਨਜ਼ਰ ਆਉਂਦੇ ਹਨ, ਜੋ ਕੁਦਰਤੀ ਸੰਸਾਰ ਦੀ ਰੱਖਿਆ ਕਰਨ, ਜੀਵਾਂ ਨਾਲ ਹਮਦਰਦੀ ਅਤੇ ਗ੍ਰਹਿ ਸਬੰਧੀ ਜ਼ਿੰਮੇਵਾਰੀ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਵਾਲੇ ਖੋਜ ਕਾਰਜ ਕਰਦੇ ਹਨ। ਬਚਪਨ ਵਿੱਚ ਹੀ ਵਾਤਾਵਰਣ ਬਾਰੇ ਉਚਿਤ ਗਿਆਨ ਪ੍ਰਦਾਨ ਕਰਨ ਨਾਲ ਬੱਚਿਆਂ ਦੇ ਵਾਤਾਵਰਣ ਸਬੰਧੀ ਚੇਤੰਨ ਵਿਅਕਤੀਆਂ ਦੇ ਰੂਪ ਵਿੱਚ ਵਿਕਾਸ ਕਰਨ ਦੀ ਸੰਭਾਵਨਾ ਵੱਧ ਜਾਂਦੀ ਹੈ। ਅਜਿਹੇ ਵਿਅਕਤੀ ਕੁਦਰਤੀ ਸਹਿਹੋਂਦ ਤੇ ਜੀਵ-ਵਿਭਿੰਨਤਾ ਦੀ ਸੰਭਾਲ ਦੀ ਲੋੜ ਨੂੰ ਬਹੁਤ ਗੰਭੀਰਤਾ ਨਾਲ ਸਮਝਦੇ ਹਨ ਤੇ ਵਾਤਾਵਰਣੀ ਸਾਂਭ-ਸੰਭਾਲ ਕਾਰਜਾਂ ਵਿੱਚ ਸੁਯੋਗ ਰੋਲ ਅਦਾ ਕਰਨ ਲਈ ਹਮੇਸ਼ਾ ਤਤਪਰ ਰਹਿੰਦੇ ਹਨ।

ਵਿਗਿਆਨ ਕਥਾਵਾਂ ਅਤੇ ਵਾਤਾਵਰਣੀ ਕਹਾਣੀਆਂ ਬੱਚਿਆਂ ਵਿੱਚ ਨਾ ਸਿਰਫ਼ ਮਾਨਸਿਕ ਵਿਕਾਸ ਅਤੇ ਵਾਤਾਵਰਣੀ ਜਾਗਰੂਕਤਾ ਪੈਦਾ ਕਰਦੀਆਂ ਹਨ, ਸਗੋਂ ਉਨ੍ਹਾਂ ਵਿੱਚ ਨੈਤਿਕ ਕਦਰਾਂ-ਕੀਮਤਾਂ ਦੇ ਸੰਚਾਰ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਇਨ੍ਹਾਂ ਵਿਚਲੇ ਬਹੁਤ ਸਾਰੇ ਬਿਰਤਾਂਤ ਨਿਆਂ, ਸਮਾਜਿਕ ਸਮਾਨਤਾ ਅਤੇ ਤਕਨਾਲੋਜੀ ਦੀ ਨੈਤਿਕ ਵਰਤੋਂ ਦੇ ਵਿਸ਼ਿਆਂ ਦੀ ਪੜਚੋਲ ਕਰਦੇ ਹਨ। ਕਾਲਪਨਿਕ ਪਾਤਰਾਂ ਦੇ ਤਜ਼ਰਬਿਆਂ ਦੁਆਰਾ ਬੱਚੇ ਨੈਤਿਕ ਦੁਬਿਧਾਵਾਂ,



ਨੈਤਿਕ ਫੈਸਲੇ ਲੈਣ ਅਤੇ ਉਨ੍ਹਾਂ ਦੇ ਕੰਮਾਂ ਦੇ ਨਤੀਜਿਆਂ ਤੋਂ ਸੇਧ ਪ੍ਰਾਪਤ ਕਰ ਸਕਦੇ ਹਨ।

ਵਿਗਿਆਨ ਗਲਪ ਰਚਨਾਵਾਂ ਅਕਸਰ ਵਿਗਿਆਨਕ ਤਰੱਕੀ, ਨਕਲੀ ਬੁੱਧੀ, ਅਤੇ ਹੋਰ ਪ੍ਰਜਾਤੀਆਂ ਨਾਲ ਮਨੁੱਖੀ ਵਿਹਾਰ ਬਾਰੇ ਨੈਤਿਕਤਾ ਆਧਾਰਿਤ ਵਿਚਾਰ ਪੇਸ਼ ਕਰਦੀ ਹੈ। ਇਹ ਕਹਾਣੀਆਂ ਬਾਲ ਪਾਠਕਾਂ ਵਿੱਚ ਜ਼ਿੰਮੇਵਾਰੀ ਅਤੇ ਹਮਦਰਦੀ ਦੀ ਭਾਵਨਾ ਪੈਦਾ ਕਰਦੇ ਹੋਏ, ਉਨ੍ਹਾਂ ਦੁਆਰਾ ਕੀਤੇ ਜਾਂਦੇ ਕੰਮਾਂ ਦੇ ਪ੍ਰਭਾਵਾਂ ਬਾਰੇ ਉਨ੍ਹਾਂ ਨੂੰ ਸੋਚਣ ਲਈ ਉਤੇਜਿਤ ਕਰਦੀਆਂ ਹਨ। ਵਾਤਾਵਰਣੀ ਕਥਾ ਬਿਰਤਾਂਤ, ਗ੍ਰਹਿ ਦੀ ਰੱਖਿਆ ਕਰਨ ਦੀ ਨੈਤਿਕ ਜ਼ਰੂਰਤ ਨੂੰ ਪ੍ਰਗਟ ਕਰਦੇ ਹੋਏ, ਬੱਚਿਆਂ ਵਿੱਚ ਕੁਦਰਤੀ ਸਹਿਹੋਂਦ ਦੇ ਮਹੱਤਵ, ਕੁਦਰਤ ਦੇ ਸੁਯੋਗ ਪ੍ਰਬੰਧਾਂ ਅਤੇ ਕੁਦਰਤ ਸਬੰਧੀ ਸਤਿਕਾਰ ਦੀ ਡੂੰਘੀ ਭਾਵਨਾ ਪੈਦਾ ਕਰਦੀਆਂ ਹਨ।

ਬੱਚਿਆਂ ਵਿੱਚ ਮਾਨਸਿਕ ਵਿਕਾਸ, ਵਾਤਾਵਰਣ ਸਬੰਧੀ ਜਾਗਰੂਕਤਾ ਅਤੇ ਨੈਤਿਕ ਸਮਝ ਤੋਂ ਇਲਾਵਾ ਵਿਗਿਆਨ ਗਲਪ ਅਤੇ ਵਾਤਾਵਰਣੀ ਕਹਾਣੀਆਂ ਭਵਿੱਖ ਦੇ ਖੋਜਕਾਰਾਂ ਲਈ ਪ੍ਰੇਰਨਾ ਦੇ ਸਰੋਤ ਵਜੋਂ ਕੰਮ ਕਰਦੀਆਂ ਹਨ। ਇਨ੍ਹਾਂ ਬਿਰਤਾਂਤਾਂ ਵਿੱਚ ਪੇਸ਼ ਕੀਤੇ ਗਏ ਕਲਪਿਤ ਸੰਸਾਰਾਂ ਅਤੇ ਭਵਿੱਖ ਦੀਆਂ ਤਕਨਾਲੋਜੀਆਂ ਬਾਲ ਮਨਾਂ ਵਿੱਚ ਨਵਾਂ ਜਾਣਨ ਦੀ ਇੱਛਾ ਨੂੰ ਵਧਾਉਂਦੀਆਂ ਹਨ, ਉਨ੍ਹਾਂ ਨੂੰ ਇੱਕ ਅਜਿਹੀ ਦੁਨੀਆਂ ਦੀ ਕਲਪਨਾ ਕਰਨ ਲਈ ਉਤਸ਼ਾਹਿਤ ਕਰਦੀਆਂ ਹਨ, ਜਿੱਥੇ ਵਿਗਿਆਨਕ ਤਰੱਕੀ ਸਮਾਜ ਅਤੇ ਵਾਤਾਵਰਣ ਦੀ ਬਿਹਤਰੀ ਵਿੱਚ ਯੋਗਦਾਨ ਪਾਉਂਦੀ ਹੈ।

ਬਹੁਤ ਸਾਰੇ ਵਿਗਿਆਨੀ ਅਤੇ ਖੋਜਕਰਤਾ, ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ ਦੇ ਖੇਤਰਾਂ ਵਿੱਚ ਆਪਣੀ ਸ਼ੁਰੂਆਤੀ ਦਿਲਚਸਪੀ ਦਾ ਕਾਰਨ ਵਿਗਿਆਨ ਗਲਪ ਰਚਨਾਵਾਂ ਨੂੰ ਦਿੰਦੇ ਹਨ, ਜਿਨ੍ਹਾਂ ਨੇ ਬਚਪਨ ਵਿੱਚ ਉਨ੍ਹਾਂ ਦੀਆਂ ਕਲਪਨਾਵਾਂ ਨੂੰ ਮੋਹ ਲਿਆ ਸੀ। ਬੱਚਿਆਂ ਨੂੰ ਵਿਗਿਆਨ ਦੇ ਅਜੂਬਿਆਂ ਅਤੇ ਵਾਤਾਵਰਣ ਸੰਭਾਲ ਦੇ ਮਹੱਤਵ ਬਾਰੇ ਦੱਸ ਕੇ ਇਹ ਕਹਾਣੀਆਂ, ਸਮੱਸਿਆ ਹੱਲ ਕਰਨ ਵਾਲੇ ਚਿੰਤਕਾਂ ਦੀ ਇੱਕ ਨਵੀਂ ਪੀੜ੍ਹੀ ਨੂੰ ਜਨਮ ਦਿੰਦੀਆਂ ਹਨ। ਅਜਿਹੇ ਚਿੰਤਕ ਉਦੇਸ਼ ਦੀ ਭਾਵਨਾ ਅਤੇ ਇੱਕ ਸੁਖਦ ਭਵਿੱਖ ਦੀ ਉਸਾਰੀ ਲਈ ਵਚਨਬੱਧਤਾ ਦੁਆਰਾ ਪ੍ਰੇਰਿਤ ਹੁੰਦੇ ਹਨ।

ਸਿੱਟੇ ਵਜੋਂ ਵਿਗਿਆਨ ਗਲਪ ਅਤੇ ਵਾਤਾਵਰਣੀ ਕਹਾਣੀਆਂ ਬੱਚਿਆਂ ਦੇ ਮਨਾਂ ਦੇ ਸਹੀ ਵਿਕਾਸ ਲਈ ਅਨਮੋਲ ਸਾਧਨ ਹਨ। ਇਹ ਕਥਾਵਾਂ ਨਾ ਸਿਰਫ਼ ਮਾਨਸਿਕ ਵਿਕਾਸ, ਵਾਤਾਵਰਣ ਜਾਗਰੂਕਤਾ ਅਤੇ ਨੈਤਿਕ ਸਮਝ ਨੂੰ ਉਤਸ਼ਾਹਿਤ ਕਰਦੀਆਂ ਹਨ ਬਲਕਿ ਬਾਲ ਪਾਠਕਾਂ ਨੂੰ ਇੱਕ ਉਜਲੇ ਅਤੇ ਵਧੇਰੇ ਸੁਖਦ ਭਵਿੱਖ ਦੇ ਨਿਰਮਾਤਾ ਬਣਨ ਲਈ ਵੀ ਪ੍ਰੇਰਿਤ ਕਰਦੀਆਂ ਹਨ। ਜਿਵੇਂ ਕਿ ਅੱਜ ਅਸੀਂ ਇੱਕੀਵੀਂ ਸਦੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਾਂ, ਇਸ ਲਈ ਵਾਤਾਵਰਣ ਬਾਰੇ ਚੇਤੰਨ ਅਤੇ ਵਿਗਿਆਨ ਦੇ ਗਿਆਨ ਨਾਲ ਭਰਪੂਰ ਬੱਚਿਆਂ ਤੇ ਨੌਜਵਾਨਾਂ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਬੱਚਿਆਂ ਨੂੰ ਕਲਪਨਾ ਅਤੇ ਸਿੱਖਿਆ ਦੇ ਸੁਮੇਲ ਵਾਲੀਆਂ ਅਜਿਹੀਆਂ ਕਹਾਣੀਆਂ ਉਪਲਬਧ ਕਰਾ ਕੇ ਅਸੀਂ ਉਨ੍ਹਾਂ ਨੂੰ ਚੰਗੇ ਖੋਜੀ ਬਣਨ, ਹਮਦਰਦੀ ਵਾਲੇ ਸੁਭਾਅ ਦੇ ਧਾਰਨੀ ਬਣਨ ਅਤੇ ਕੁਦਰਤ ਤੇ ਗ੍ਰਹਿ ਬਾਰੇ ਆਪਣੀ ਜ਼ਿੰਮੇਵਾਰੀ ਸਮਝਣ ਤੇ ਸੰਭਾਲਣ ਦੇ



ਸਮਰੱਥ ਬਣਾਉਂਦੇ ਹਾਂ। ਇਸ ਤਰ੍ਹਾਂ ਅਸੀਂ ਇੱਕ ਅਜਿਹੀ ਦੁਨੀਆਂ ਦਾ ਆਧਾਰ ਸਿਰਜਦੇ ਹਾਂ, ਜਿੱਥੇ ਨਵੀਆਂ ਖੋਜਾਂ, ਪ੍ਰਾਪਤੀਆਂ ਅਤੇ ਵਾਤਾਵਰਣੀ ਸਾਂਭ-ਸੰਭਾਲ ਕਾਰਜ ਕਦਮ ਨਾਲ ਕਦਮ ਮਿਲਾ ਕੇ ਚੱਲ ਸਕਣ।

—

***ਲੇਖਕ ਕਿੱਤੇ ਵਜੋਂ ਅਧਿਆਪਕ ਹੈ, ਪਰ ਉਹ ਵਿਗਿਆਨ ਗਲਪ ਲੇਖਕ ਵੀ ਹੈ।***

## ਭਾਰਤੀ ਸੰਵਿਧਾਨ ਅਤੇ ਸਿੱਖ ਨੁਮਾਇੰਦੇ

ਨਾ ਕਰਨ ਵਾਲਿਆਂ ਵਿੱਚ ਸ. ਹੁਕਮ ਸਿੰਘ ਅਤੇ ਸ. ਭੁਪਿੰਦਰ ਸਿੰਘ ਮਾਨ ਸ਼ਾਮਲ ਸਨ। ਇਹ ਦੋ ਜਣਿਆਂ ਨੇ ਇਹ ਇਤਰਾਜ਼ ਕੀਤਾ ਕਿ ਇਹ ਸੰਵਿਧਾਨ ਸਿੱਖਾਂ ਦੀ ਤਸੱਲੀ ਨਹੀਂ ਕਰਾਉਂਦਾ। ਉਹ ਸਰਕਾਰੀ ਨੌਕਰੀਆਂ ਅਤੇ ਸੰਵਿਧਾਨਕ ਅਹੁਦਿਆਂ 'ਤੇ ਸਿੱਖਾਂ ਖ਼ਾਤਰ ਰਿਜ਼ਰਵੇਸ਼ਨ ਦੀ ਮੰਗ ਕਰਦੇ ਰਹੇ, ਪਰ ਬਹੁਮਤ ਨੇ ਉਨ੍ਹਾਂ ਦੀ ਗੱਲ ਨਹੀਂ ਸੁਣੀ। ਸੰਵਿਧਾਨ ਸਭਾ ਦੀ ਘੱਟ ਗਿਣਤੀਆਂ ਦੇ ਅਖਤਿਆਰਾਂ ਲਈ ਬਣੀ ਸਭ ਕਮੇਟੀ ਦੇ ਚੇਅਰਮੈਨ ਅਤੇ ਭਾਰਤ ਦੇ ਪਹਿਲੇ ਹੋਮ ਮਨਿਸਟਰ ਸ੍ਰੀ ਵੱਲਭ ਭਾਈ ਪਟੇਲ ਸਨ। ਸਿੱਖ ਨੁਮਾਇੰਦਿਆਂ ਨੇ ਸਿੱਖਾਂ ਅਤੇ ਹੋਰ ਘੱਟ ਗਿਣਤੀਆਂ ਲਈ ਅੰਗਰੇਜ਼ਾਂ ਵੇਲੇ ਤੋਂ ਚੱਲ ਰਹੀ ਵੱਖਰੇ ਚੋਣ ਹਲਕਿਆਂ ਦੀ ਰਿਜ਼ਰਵੇਸ਼ਨ ਦਾ ਵਿਰੋਧ ਕੀਤਾ। ਹਾਲਾਂਕਿ ਪਟੇਲ ਹੋਰੀਂ ਤਾਂ ਖੁਦ ਹੀ ਵੱਖਰੇ ਚੋਣ ਹਲਕਿਆਂ ਦੇ ਹਾਮੀ ਨਹੀਂ ਸਨ, ਪਰ ਸਿੱਖਾਂ ਵੱਲੋਂ ਵੱਖਰੇ ਚੋਣ ਹਲਕੇ ਖ਼ਤਮ ਕਰਨ ਦੀ ਮੰਗ ਨੇ ਉਨ੍ਹਾਂ ਦਾ ਰਾਹ ਹੋਰ ਸੁਖਾਲਾ ਕਰ ਦਿੱਤਾ।


ਜ਼ਿਕਰਯੋਗ ਹੈ ਕਿ ਸ. ਹੁਕਮ ਸਿੰਘ ਨੇ ਮਿੰਟਗੁਮਰੀ ਵਿੱਚ ਸਾਇਮਨ ਕਮਿਸ਼ਨ ਦੇ ਖ਼ਿਲਾਫ਼ ਮੁਜ਼ਾਹਰਾ ਵੀ ਕੀਤਾ ਸੀ। ਸਾਇਮਨ ਕਮਿਸ਼ਨ ਇਹ ਪਤਾ ਕਰਨ ਆਇਆ ਸੀ ਕਿ ਭਾਰਤ ਦਾ ਆਉਣ ਵਾਲਾ ਸੰਵਿਧਾਨ ਕਿਹੋ ਜਿਹਾ ਹੋਵੇ। ਲਾਲਾ ਲਾਜਪਤ ਰਾਏ ਅਤੇ ਹੋਰ ਕਾਂਗਰਸੀ ਸਾਇਮਨ ਕਮਿਸ਼ਨ ਦੇ ਇਸ ਗੱਲੋਂ ਖ਼ਿਲਾਫ਼ ਸਨ ਕਿ ਅੰਗਰੇਜ਼ ਚੁੱਪ-ਚਾਪ ਭਾਰਤ ਛੱਡ ਕੇ ਚਲੇ ਜਾਣ, ਅਸੀਂ ਆਪਣਾ ਸੰਵਿਧਾਨ ਜਿਵੇਂ ਮਰਜ਼ੀ ਬਣਾਈਏ!

ਜਦੋਂ ਆਪਣਾ ਸੰਵਿਧਾਨ ਆਪੇ ਬਣਾਉਣ ਦਾ ਵੇਲਾ ਆਇਆ ਤਾਂ ਹੁਕਮ ਸਿੰਘ ਹੋਣਾ ਦੀ ਕੋਈ ਗੱਲ ਨਾ ਮੰਨੀ ਗਈ। ਹੋ ਸਕਦਾ ਹੈ ਕਿ ਸ. ਹੁਕਮ ਸਿੰਘ ਨੂੰ ਸਾਇਮਨ ਕਮਿਸ਼ਨ ਦੀ ਮੁਖ਼ਾਲਫ਼ਤ ਦਾ ਉਦੋਂ ਪਛਤਾਵਾ ਆਇਆ ਹੋਵੇ। ਸੰਵਿਧਾਨ ਦੀ ਧਾਰਾ 25-ਬੀ ਵਿੱਚ ਸਿੱਖਾਂ ਦੀ ਇੱਕ ਵੱਖਰੇ ਧਰਮ ਵਜੋਂ ਹਸਤੀ ਖ਼ਤਮ ਕੀਤੀ ਗਈ ਹੈ। ਇਸ ਧਾਰਾ 'ਤੇ ਹੋਈ ਬਹਿਸ ਨੂੰ ਪੜ੍ਹਦਿਆਂ ਪਤਾ ਲੱਗਦਾ ਹੈ ਕਿ ਸਿੱਖ ਨੁਮਾਇੰਦਿਆਂ ਨੇ ਇਸ 25-ਬੀ 'ਤੇ ਕੋਈ ਉਜ਼ਰ ਵੀ ਨਹੀਂ ਕੀਤਾ।

ਦਸੰਬਰ 1947 ਦੀ ਗੱਲ ਹੈ। ਚਮਕੌਰ ਸਾਹਿਬ ਵਿੱਚ ਵੱਡੇ ਸਾਹਿਬਜ਼ਾਦਿਆਂ ਦੀ ਯਾਦ 'ਚ ਚੱਲ ਰਹੀ ਸ਼ਹੀਦੀ ਸਭਾ ਮੌਕੇ ਡਿਫੈਂਸ ਮਨਿਸਟਰ ਸ. ਬਲਦੇਵ ਸਿੰਘ ਤਕਰੀਰ ਕਰ ਰਹੇ ਸਨ। ਦੌਰਾਨ-ਏ-ਤਕਰੀਰ ਕੁਝ ਸਿੱਖਾਂ ਨੇ ਖੜੇ ਹੋ ਉਨ੍ਹਾਂ 'ਤੇ ਇਹ ਸਵਾਲ ਕੀਤਾ ਕਿ ਹੁਣ ਮੁਲਕ ਦਾ ਸੰਵਿਧਾਨ ਬਣ ਰਿਹਾ ਤੇ ਇਹਦੇ ਸਿੱਖ ਹੱਕਾਂ ਦੀ ਜਾਮਨੀ ਵਾਸਤੇ ਤੁਸੀਂ ਕੀ ਕਰ ਰਹੇ ਹੋ? ਇਸ ਦੇ ਜਵਾਬ ਵਿੱਚ ਸ. ਬਲਦੇਵ ਸਿੰਘ ਨੇ ਸਵਾਲ ਕਰਨ ਵਾਲਿਆਂ ਨੂੰ ਮੁਖ਼ਾਤਬ ਹੁੰਦਿਆਂ ਆਖਿਆ ਕਿ ਭਾਰਤ ਨੇ ਜਦੋਂ ਇੱਕ ਸਿੱਖ ਨੂੰ ਦੇਸ਼ ਦਾ ਡਿਫੈਂਸ ਮਨਿਸਟਰ ਹੀ ਬਣਾ ਦਿੱਤਾ ਹੈ ਤਾਂ ਸਿੱਖ ਇਹਤੋਂ ਵੱਧ ਹੋਰ ਕੀ ਭਾਲਦੇ ਹਨ?

### ਪਟੇਲ ਨੇ ਸਿੱਖ ਮੈਂਬਰਾਂ ਨੂੰ ਹੁਕਮ ਚਾੜ੍ਹਿਆ, ਸੰਵਿਧਾਨ 'ਤੇ ਦਸਤਖ਼ਤ ਕਰੋ

ਭਾਰਤੀ ਸੰਵਿਧਾਨ ਨੂੰ ਮਨਜ਼ੂਰ ਕਰਨ ਵਾਲੇ ਮਤੇ 'ਤੇ 5 ਮੈਂਬਰਾਂ ਨੇ ਦਸਤਖ਼ਤ ਕਰ ਦਿੱਤੇ ਸਨ, ਪਰ ਦੋ ਸਿੱਖ ਮੈਂਬਰ ਸ. ਹੁਕਮ ਸਿੰਘ ਅਤੇ ਸ. ਭੁਪਿੰਦਰ ਸਿੰਘ ਮਾਨ ਦਸਤਖ਼ਤ ਕਰਨੋਂ ਇਨਕਾਰੀ ਸਨ। ਭਾਵੇਂ ਇਸ ਨਾਲ ਸੰਵਿਧਾਨ ਪਾਸ ਹੋਣੋਂ ਨਹੀਂ ਸੀ ਰੁਕਣਾ, ਪਰ ਸਾਰੇ ਸਿੱਖ ਨੁਮਾਇੰਦਿਆਂ ਵੱਲੋਂ ਇਸ ਨੂੰ ਸਹਿਮਤੀ ਨਾ ਦੇਣਾ ਇਸ ਮਾਇਨੇਖੇਜ਼ ਸੀ ਕਿ ਭਵਿੱਖ ਵਿੱਚ ਇਹਦਾ ਹਵਾਲਾ ਦੇ ਸਕਣਗੇ, ਜੋ ਉਹ ਅੱਜ ਤੱਕ ਵੀ ਦਿੰਦੇ ਆਏ ਨੇ। 1982 ਤੋਂ 1984 ਤੱਕ ਸਿੱਖ ਆਗੂ ਲਗਭਗ ਹਰੇਕ ਸਟੇਜ 'ਤੇ ਇਹ ਕਹਿ ਕੇ ਉਲਾਂਭਾ ਦਿੰਦੇ ਰਹੇ ਕਿ ਸਿੱਖਾਂ ਨੂੰ ਸੰਵਿਧਾਨ 'ਤੇ ਮੁੱਢ ਤੋਂ ਹੀ ਇਤਰਾਜ਼ ਰਿਹਾ ਹੈ, ਜੀਹਦਾ ਸਬੂਤ ਸਿੱਖ ਨੁਮਾਇੰਦਿਆਂ ਨੇ ਸੰਵਿਧਾਨ 'ਤੇ ਦਸਤਖ਼ਤ ਨਹੀਂ ਕੀਤੇ। ਉਸ ਵੇਲੇ ਦੇ ਹੋਮ ਮਨਿਸਟਰ ਅਤੇ ਉਪ ਪ੍ਰਧਾਨ ਮੰਤਰੀ ਵੱਲਭ ਭਾਈ ਪਟੇਲ ਇਸ ਵਜਾਹ ਕਰਕੇ ਹੀ ਸਿੱਖ ਮੈਂਬਰਾਂ ਦੀ ਸਰਬ ਸੰਮਤੀ ਲੈਣਾ ਜ਼ਰੂਰੀ ਸਮਝਦੇ ਸਨ।



ਸ. ਭੁਪਿੰਦਰ ਸਿੰਘ ਮਾਨ ਦੇ ਬੇਟੇ ਰਿਟਾਇਰਡ ਲੈਫ਼ਟੀਨੈਂਟ ਜਨਰਲ ਸਰਦਾਰ ਹਿੰਦ ਰਵੀ ਸਿੰਘ ਮਾਨ ਨੇ ਮੈਨੂੰ ਦੱਸਿਆ ਕਿ ਉਦੋਂ ਮੇਰੇ ਪਿਤਾ ਜੀ ਨੂੰ ਨਵੀਂ ਦਿੱਲੀ ਦੇ ਫ਼ਿਰੋਜ਼ਸ਼ਾਹ ਰੋਡ ਤੇ 30-ਡੀ ਨੰਬਰ ਕੋਠੀ ਅਲਾਟ ਹੋਈ ਸੀ ਤੇ ਸਾਡੇ ਪਰਿਵਾਰ ਦੀ ਰਿਹਾਇਸ਼ ਇੱਥੇ ਹੀ ਸੀ। ਉਹ ਦੱਸਦੇ ਹਨ ਕਿ ਇੱਕ ਦਿਨ ਸਾਡੀ ਇਸੇ ਰਿਹਾਇਸ਼ 'ਤੇ ਗਿਆਨੀ ਕਰਤਾਰ ਸਿੰਘ ਅਤੇ ਪ੍ਰਬੋਧ ਚੰਦਰ ਵਗੈਰਾ ਮੇਰੇ ਪਿਤਾ ਕੋਲ ਆ ਕੇ ਆਖਣ ਲੱਗੇ ਕਿ ਸਰਦਾਰ ਪਟੇਲ ਸਾਹਿਬ ਦਾ ਹੁਕਮ ਹੈ ਕਿ ਤੁਸੀਂ ਸੰਵਿਧਾਨ 'ਤੇ ਦਸਤਖ਼ਤ ਕਰੋ। ਉਨ੍ਹਾਂ ਇਹ ਵੀ ਕਿਹਾ ਕਿ ਸ. ਹੁਕਮ ਸਿੰਘ ਤਾਂ ਦਸਤਖ਼ਤ ਕਰਨ ਲਈ ਮੰਨ ਗਏ ਹਨ, ਸੋ ਤੁਸੀਂ ਵੀ ਮੰਨ ਜਾਓ। ਸ. ਮਾਨ ਨੇ ਗਿਆਨੀ ਕਰਤਾਰ ਸਿੰਘ ਨੂੰ ਜਵਾਬ ਦਿੱਤਾ ਕਿ ਜਾਹ ਕਹਿ ਦਿਓ ਪਟੇਲ ਨੂੰ ਕਿ ਮਾਨ ਨਹੀਂ ਮੰਨਦਾ। ਉਸ ਵਕਤ ਸਰਦਾਰ ਪਟੇਲ ਦਾ ਇੰਨਾ ਦਬਕਾ ਸੀ ਉਸਦੀ ਇੱਕ ਘੁਰਕੀ ਨਾਲ ਰਾਜੇ-ਮਹਾਰਾਜੇ ਆਪਣੀਆਂ ਰਿਆਸਤਾਂ ਛੱਡਣ 'ਚ ਦੇਰ ਨਹੀਂ ਸੀ ਕਰਦੇ। ਪੰਥ ਦਾ ਦਿਮਾਗ਼ ਕਹੀ ਜਾਂਦੀ ਹਸਤੀ ਗਿਆਨੀ ਕਰਤਾਰ ਸਿੰਘ ਦੇ ਰਾਹੀਂ ਆਏ ਪਟੇਲ ਦੇ ਹੁਕਮ ਦੀ ਅਦੂਲੀ ਕਰਨੀ ਕੋਈ ਮਾੜੀ ਮੋਟੀ ਗੱਲ ਨਹੀਂ ਸੀ।

ਸੰਵਿਧਾਨ ਸਭਾ ਦੇ ਕੁੱਲ 299 ਮੈਂਬਰਾਂ 'ਚੋਂ ਸਿਰਫ਼ 284 ਨੇ ਹੀ ਸੰਵਿਧਾਨ 'ਤੇ ਦਸਤਖ਼ਤ ਕੀਤੇ। 24 ਜਨਵਰੀ 1950 ਨੂੰ ਸੰਵਿਧਾਨ 'ਤੇ ਦਸਤਖ਼ਤ ਕਰਨ ਦੀ ਕਾਰਵਾਈ ਹੋਈ। ਸੰਵਿਧਾਨ 'ਤੇ ਬਲਦੇਵ ਸਿੰਘ, ਗੁਰਮੁਖ ਸਿੰਘ ਮੁਸਾਫ਼ਿਰ, ਰਣਜੀਤ ਸਿੰਘ, ਸੁਚੇਤ ਸਿੰਘ ਔਜਲਾ ਤੇ ਜੋਗਿੰਦਰਾ ਸਿੰਘ ਦੇ ਦਸਤਖ਼ਤ ਬਹੁਤ ਸਪਸ਼ਟ ਪੜ੍ਹੇ ਜਾ ਸਕਦੇ ਹਨ।

# ਜਸਵੰਤ ਸਿੰਘ ਨੇਕੀ ਕਾਵਿ ਦਾ ਅਧਿਆਤਮਕ ਪਰਿਪੇਖ

ਜਸਵੰਤ ਸਿੰਘ ਨੇਕੀ ਇੱਕ ਦਾਰਸ਼ਨਿਕ ਕਵੀ ਵਜੋਂ ਪ੍ਰਸਿੱਧ ਹੈ। ਉਸ ਦੇ ਕਾਵਿ-ਦਰਸ਼ਨ ਦੇ ਅਧਿਆਤਮਕ ਪੱਖ ਦੀ ਸਾਡੇ ਆਲੋਚਕ ਵਰਗ ਵੱਲੋਂ ਹਮੇਸ਼ਾ ਅਣਦੇਖੀ ਕੀਤੀ ਜਾਂਦੀ ਰਹੀ ਹੈ। ਭਾਵੇਂ ਕਿ ਉਸਨੇ ਆਪਣੇ ਪਹਿਲੇ ਕਾਵਿ-ਸੰਗ੍ਰਿਹ 'ਅਸਲੇ ਤੇ ਉਹਲੇ' ਵਿੱਚ ਹੀ ਇੱਕ ਅਧਿਆਤਮਕ ਕਵੀ ਹੋਣ ਦੇ ਪੁਖ਼ਤਾ ਸਬੂਤ ਦੇ ਦਿੱਤੇ ਸਨ। ਇਸ ਪੁਸਤਕ ਤੋਂ ਪਿੱਛੋਂ ਛਪਣ ਵਾਲੀਆਂ ਪੁਸਤਕਾਂ ਜਿਵੇਂ 'ਸਿਮਰਤੀ ਦੇ ਕਿਰਨ ਤੋਂ ਪਹਿਲਾਂ', 'ਕਰੁਣਾ ਦੀ ਛੋਹ ਤੋਂ ਮਗਰੋਂ', 'ਗੀਤ ਮੇਰਾ ਸੋਹਿਲਾ ਤੇਰਾ', 'ਬਿਰਖੇ ਹੇਠ ਸਭਿ ਜੰਤ' ਆਦਿ ਵਿੱਚ ਵੀ ਅਧਿਆਤਮਕ ਜਗਤ ਦੇ ਰਹੱਸਾਤਮਕ ਝਲਕਾਰੇ ਵੇਖਣ ਨੂੰ ਮਿਲ ਜਾਂਦੇ ਹਨ। ਪਾਰ-ਜਗਤ ਦੇ ਇਹ ਝਲਕਾਰੇ ਉਸ ਨੂੰ ਨਵ-

**ਡਾ. ਰਾਮ ਮੂਰਤੀ**

ਰਹੱਸਵਾਦੀ ਕਵੀਆਂ ਦੀ ਕਤਾਰ ਵਿੱਚ ਲਿਆ ਖੜ੍ਹਾਉਂਦੇ ਹਨ। ਇਸ ਖੋਜ-ਪੱਤਰ ਦਾ ਮਨੋਰਥ ਉਸ ਦੀ ਕਵਿਤਾ ਦੇ ਅਧਿਆਤਮਕ ਤੇ ਰਹੱਸਾਤਮਕ ਪਰਿਪੇਖ ਨੂੰ ਉਭਾਰਨ ਅਤੇ ਆਧੁਨਿਕ ਅਧਿਆਤਮਵਾਦੀ ਕਵੀਆਂ ਵਿੱਚ ਉਸ ਦੀ ਵੱਖਰੀ ਨੁਹਾਰ ਤੇ ਉਸ ਦੇ ਬਣਦੇ ਸਥਾਨ ਦੀ ਨਿਸ਼ਾਨਦੇਹੀ ਕਰਨ ਦਾ ਹੈ।

ਨੇਕੀ ਦੀ ਮੁਢਲੀ ਕਵਿਤਾ ਸੰਕਲਪਾਤਮਿਕ ਕਵਿਤਾ ਹੈ। ਪਹਿਲੇ ਉਸ ਨੇ ਇਸ ਸੰਸਾਰ ਦੇ 'ਅਸਲੇ' ਦਾ ਸੰਕਲਪ ਲਿਆ ਹੈ, ਫਿਰ 'ਉਹਲੇ' ਦਾ। ਉਸ ਤੋਂ ਬਾਅਦ ਉਸ ਨੇ ਆਧੁਨਿਕ ਮਨੁੱਖ ਦੀਆਂ ਪੈੜਾਂ ਨੂੰ ਅੰਕਿਤ ਕਰਦੇ 'ਪੈਰ ਚਿੱਤਰ' ਲਏ ਹਨ ਤੇ ਮਨੁੱਖ ਦੀਆਂ ਦੁਨਿਆਵੀ ਪ੍ਰਾਪਤੀਆਂ/ਅਪ੍ਰਾਪਤੀਆਂ 'ਕਿੰਗਰੇ' ਵਿੱਚ ਸੰਕਲਪਾਤਮਿਕ ਰੂਪ ਵਿੱਚ ਪ੍ਰਗਟ ਹੋਈਆਂ ਹਨ। ਇਸ ਅਨੁਭਾਗ ਵਿੱਚ ਉਸ ਨੇ ਮਨੁੱਖ ਦੀ ਹੋਣੀ ਦੇ ਅੰਤਿਮ-ਸੱਚ ਨੂੰ ਦ੍ਰਿਸ਼ਟਮਾਨ ਕੀਤਾ ਹੈ। ਇਹ ਤਰਤੀਬ ਭਾਵੇਂ ਉਸਦੀ ਪਹਿਲੀ ਕਾਵਿ-ਪੁਸਤਕ 'ਅਸਲੇ ਤੇ ਉਹਲੇ' ਦੀ ਹੈ, ਪਰ ਧਿਆਨ ਨਾਲ ਦੇਖੀਏ ਤਾਂ ਇਹ ਤਰਤੀਬ ਉਸ ਦੇ ਸਮੁੱਚੇ ਕਾਵਿ-ਸਫ਼ਰ ਦੀ ਵੀ ਕਹੀ ਜਾ ਸਕਦੀ ਹੈ।


ਅਸਲੇ ਦਾ ਸੰਕਲਪ ਲੈ ਕੇ ਉਸ ਅਜਿਹੀਆਂ ਕਵਿਤਾਵਾਂ ਲਿਖੀਆਂ ਹੈ, ਜੋ ਮਨੁੱਖ ਦੀ ਦੁਨਿਆਵੀ ਅਸਲੀਅਤ/ਅਸਲੇ ਦੁਆਲੇ ਘੁੰਮਦੀਆਂ ਹਨ। ਮਨੁੱਖੀ ਅਸਲੇ ਦਾ ਇੱਕ ਰੂਪ ਉਸਦੀ ਸੰਸਾਰਨ ਪੀੜਾ ਦਾ ਹੈ। ਆਪਸੀ ਕਲੇਸ਼, ਵੈਰ-ਵਿਰੋਧ, ਨਫ਼ਰਤ, ਦੂਜੇ ਨੂੰ ਹੜੱਪ ਕਰ ਜਾਣ ਦੀ ਬਿਰਤੀ ਇਸਦੇ ਹੋਰ ਰੂਪ ਹਨ। ਮਨੁੱਖ ਦੇ ਇਸ ਅਸਲੇ ਭਾਵ ਅਜਿਹੀ ਖਸਲਤ ਨੇ ਹੀ ਉਸ ਨੂੰ ਸੰਸਾਰਕ ਤੌਰ 'ਤੇ ਬੌਣਾ ਬਣਾ ਦਿੱਤਾ ਹੈ। 'ਅਸ਼ਰਫ-ਉਲ-ਮਖ਼ਲੂਕਾਤ' ਕਹੇ ਜਾਂਦੇ ਇਸ ਬ੍ਰਹਿਮੰਡੀ ਸਰਦਾਰ ਦੀ ਕੋਝੀ ਅਸਲੀਅਤ ਨੂੰ ਉਸਨੇ ਆਪਣੀ ਕਵਿਤਾ 'ਦੰਦਕੀੜਾ' ਤਹਿਤ ਅਸਲਵਾਦੀ ਦ੍ਰਿਸ਼ਟੀ ਤੋਂ ਚਿਤਰਿਆ ਹੈ। ਆਧੁਨਿਕ ਮਨੁੱਖ ਪੇਟ ਦੀ ਭੁੱਖ, ਮਾਨਸਿਕ ਦੁੱਖ ਤੇ ਆਪਣੇ ਲੋਭ-ਲਾਲਚ ਵਿੱਚ ਫਸਿਆ 'ਹੜਬੂ-ਹੜਬੂ' ਕਰ ਰਿਹਾ ਹੈ। ਇਸ ਸੰਸਾਰ 'ਤੇ ਇੱਕ ਪਲ ਵੀ ਉਸ ਨੂੰ ਸੁਖ ਸ਼ਾਂਤੀ ਨਸੀਬ ਨਹੀਂ। ਆਧੁਨਿਕ ਮਨੁੱਖ ਦੇ ਇਸ ਦ੍ਰਿਸ਼ ਨੂੰ ਉਹ ਇਸ ਤਰ੍ਹਾਂ ਕਲਮ-ਬੱਧ ਕਰਦਾ ਹੈ:

ਲਾਲ ਬਿੰਬ ਬੋਦਿਆਂ ਦੇ ਮੂੰਹ
ਮੱਥੇ ਵੱਟ ਅੱਖਾਂ ਵਿੱਚ ਖ਼ੂਨ
ਮਰਦ ਪਿਆ ਔਰਤ ਨੂੰ ਖਾਏ
ਔਰਤ ਬੱਚਿਆਂ ਨੂੰ ਹਲਕਾਏ। *1
ਜਾਂ
ਹੜਬੂੰ ਹੜਬੂੰ ਕਰਦੇ ਦੇਸ
ਸਭ ਦੇਸਾਂ ਦੀਆਂ ਦਿੱਸਣ ਹੱਦਾਂ
ਖਿੱਚੀਆਂ ਹੋਈਆਂ ਨਕਸ਼ਿਆਂ ਉੱਤੇ
ਪਰ ਧਰਤੀ 'ਤੇ ਇਹ ਸਰਹੱਦਾਂ
ਨਿੱਤ ਪੱਸਰਦੀਆਂ ਜਾਣ। *2
ਜਾਂ
ਅੱਜ ਜੁਆਨੀ ਹੁਸਨ ਦਾ ਨਾਂ ਨਹੀਂ
ਅੱਜ ਜੁਆਨੀ ਇਸ਼ਕ ਦਾ ਨਾਂ ਨਹੀਂ
ਹੜਬਾਂ ਵਾਲੀਆਂ ਅੱਜ ਹੁਸਨਾ ਨਾਂ
ਗਿਣੀਆਂ ਜਾਣ ਹੁਸੀਨ...
ਮੁੱਠ ਹੱਡੀਆਂ ਦੀ ਮਜਨੂੰ ਅੱਜ ਦੇ
ਇਸ਼ਕ ਨੂੰ ਸਮਝਣ ਕਾਮ!
ਅਣਚਾਹੇ-ਅਣਲੋਚੇ ਬੱਚੇ
ਪੈਦਾ ਕਰਦੇ ਜਾਣ। *3

ਉਪਰੋਕਤ ਕਾਵਿ-ਟੁਕੜਿਆਂ ਵਿੱਚ ਅਜੋਕੇ ਦੌਰ ਦੇ ਮਨੁੱਖ ਦਾ ਦੁਨਿਆਵੀ ਯਥਾਰਥ ਪੇਸ਼ ਕੀਤਾ ਗਿਆ ਹੈ। ਮਨੁੱਖ ਦੇ ਅਜਿਹੇ ਸੰਕਟ ਦਾ ਕਾਰਨ ਉਸਦਾ ਨੈਤਿਕ ਪਤਨ ਹੀ ਹੈ। ਅਧਿਆਤਮਕ ਦ੍ਰਿਸ਼ਟੀ ਅਨੁਸਾਰ ਸੰਭੋਗ ਕੇਵਲ ਔਲਾਦ ਪ੍ਰਾਪਤੀ ਲਈ ਕਰਨਾ ਵਾਜਬ ਹੈ। ਇਸ ਤੋਂ ਬਿਨਾਂ ਕੀਤਾ ਗਿਆ ਸੰਭੋਗ ਪਾਪ ਤੇ ਵਿਭਚਾਰ ਮੰਨਿਆ ਜਾਂਦਾ ਹੈ। ਪਰ ਅਜੋਕਾ ਮਨੁੱਖ ਇਸ ਦ੍ਰਿਸ਼ਟੀ ਤੋਂ ਇਨਕਾਰੀ ਹੋ ਕੇ ਕਾਮ ਦੇ ਖੂਹ ਵਿੱਚ ਡੂੰਘਾ ਲੱਥ ਗਿਆ ਹੈ। ਇਸੇ ਲਈ ਇਹ ਅਣਚਾਹੇ ਤੇ ਅਣਲੋਚੇ ਬੱਚੇ ਪੈਦਾ ਕਰ ਬੈਠਦਾ ਹੈ ਤੇ ਜੰਮਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਮਾਰ ਰਿਹਾ ਹੈ।

ਅਧਿਆਤਮਕ ਦ੍ਰਿਸ਼ਟੀ ਅਨੁਸਾਰ ਇਹ ਸ੍ਰਿਸ਼ਟੀ ਕਿਸੇ ਉਚੇਰੀ ਆਸ ਦੇ ਬਲ 'ਤੇ ਹੀ ਅੱਗੇ ਵਧ ਰਹੀ ਹੈ, ਵਿਕਸਿਤ ਹੋ ਰਹੀ ਹੈ। ਚੰਦ, ਸੂਰਜ ਤੇ ਧਰਤੀ ਕਿਸੇ ਆਸ ਸਹਾਰੇ ਹੀ ਇੱਕ-ਦੂਜੇ ਦੁਆਲੇ ਚੱਕਰ ਕੱਟ ਰਹੇ ਹਨ। ਕਵੀ ਦੱਸਦਾ ਹੈ:

ਸਦਾ ਆਪਣੇ ਰਾਹੀਂ ਤੁਰਦ ਰਹਿੰਦੀ
ਉਸੇ ਪੁਰਾਣੀ ਪਗਡੰਡੀ ਦੇ, ਮੁੜ ਮੁੜ ਗੇੜੇ ਲੈਂਦੀ
ਕਿਉਂ ਨਹੀਂ ਧਰਤੀ ਰਸਤੇ ਤੋਂ ਨੱਸ ਜਾਂਦੀ...
ਨਿੱਤ ਨਿੱਤ ਚੜ੍ਹਦਾ ਨਿੱਤ ਨਿੱਤ ਲਹਿੰਦਾ
ਸਦਾ ਤਪਸ਼ ਵਿੱਚ ਤਪਦਾ ਰਹਿੰਦਾ



■ ਜਸਵੰਤ ਸਿੰਘ ਨੇਕੀ

ਕਿਉਂ ਨਹੀਂ ਸੂਰਜ ਤਪਣਾ ਛੱਡਦਾ?...
ਨਿੱਤ ਨਿੱਤ ਨਵੀਆਂ ਦੁੱਖਾਂ ਦੀਆਂ ਵਾਟਾਂ
ਸਦਾ ਸਹਾਰੇ ਜੀਵਨ ਪੀੜਾਂ, ਜੰਮਣ ਦੀਆਂ ਤੱਰਾਟਾਂ
ਕਿਉਂ ਨਹੀਂ ਛੱਡਦਾ ਜੀਵਨ ਨੂੰ ਇਨਸਾਨ?...
ਆਸ ਦੇ ਬਲ 'ਤੇ ਹੈ ਕਾਇਮ ਕੁੱਲ ਨਿਜ਼ਾਮ!
ਆਸ ਹੈ ਅਸਲਾ ਕੁੱਲ ਜੀਵਨ ਦਾ
ਆਸ ਆਸਰਾ ਹਰ ਹਸਤੀ ਦਾ। *4

ਕਵੀ ਦੇ ਇਸ ਕਥਨ ਨੂੰ ਪ੍ਰੋੜਤਾ ਗੁਰਮਤਿ ਦੇ ਇਸ ਵਿਚਾਰ ਤੋਂ ਸਹਿਜੇ ਹੀ ਮਿਲ ਜਾਂਦੀ ਹੈ:

ਆਸਾ ਆਸ ਕਰੇ ਸਭ ਕੋਈ॥
ਹੁਕਮੈ ਬੂਝੈ ਨਿਰਾਸਾ ਹੋਈ॥
ਆਸਾ ਵਿੱਚ ਸੁੱਤੇ ਕਈ ਲੋਈ॥
ਸੋ ਜਾਗੈ ਜਾਗਾਵੈ ਸੋਈ॥ *5

ਇੱਕ ਵਿਸ਼ੇਸ਼ ਕਿਸਮ ਦੀ ਆਸ, ਖਿੱਚ ਜਾਂ ਜਿਗਿਆਸਾ ਹੀ ਇਸ ਸ੍ਰਿਸ਼ਟੀ ਦੀ ਗਤੀਸ਼ੀਲਤਾ ਦਾ ਕਾਰਨ ਹੈ। ਭਾਈ ਵੀਰ ਸਿੰਘ ਨੇ ਆਪਣੀ ਇੱਕ ਕਵਿਤਾ ਵਿੱਚ ਇਸ ਆਸ ਨੂੰ ਹੀ ਖਿੱਚ ਦਾ ਨਾਂ ਦਿੱਤਾ ਹੈ, ਜਿਵੇਂ:

ਤੁਸਾਂ ਬੰਨ੍ਹਿਆ ਨੇਮ ਵੱਡੇ ਖਿੱਚਣ ਛੋਟਿਆਂ
ਸੂਰਜ ਖਿੱਚੇ ਧਰਤਿ, ਧਰਤਿ ਫਿਰ ਚੰਦ ਨੂੰ,
ਚੰਦ ਮਾਰਦਾ ਖਿੱਚ, ਉਛਾਲੇ ਸਾਗਰਾਂ। *6

ਪ੍ਰਕਿਰਤੀ ਦੀਆਂ ਵਸਤਾਂ ਦੀ ਨਾਸ਼ਮਾਨਤਾ ਵੀ ਇਸ ਸ੍ਰਿਸ਼ਟੀ ਦਾ ਅਸਲਾ ਹੈ। ਮਨੁੱਖ ਇਸ ਪ੍ਰਤੀ ਸੁਚੇਤ ਹੁੰਦਾ ਹੋਇਆ ਵੀ ਉਦਾਸੀਨਤਾ ਵਾਲਾ ਰਵੱਈਆ ਅਖਤਿਆਰ ਕਰੀ ਬੈਠਾ ਹੈ। ਉਹ ਇੱਕ ਦੂਸਰੇ ਤੋਂ ਦੂਰ ਹੁੰਦਾ ਜਾ ਰਿਹਾ ਹੈ। ਮਨੁੱਖ ਜਾਤ-ਪਾਤ, ਰੰਗ-ਨਸਲ, ਧਰਮ-ਮਜ਼ਹਬ ਦੀਆਂ ਵਿੱਥਾਂ ਵਿਚਕਾਰ ਹੀ ਮਰ ਜਾਂਦਾ ਹੈ। ਮਨੁੱਖ ਦੀ ਇਸ ਯਥਾਰਥਕ ਹੋਣੀ ਨੂੰ ਕਵੀ ਨੇ ਬਹੁਤ ਸਾਰੀਆਂ ਕਵਿਤਾਵਾਂ ਵਿੱਚ ਪ੍ਰਸਤੁਤ ਕੀਤਾ ਹੈ। ਉਦਾਹਰਣ ਸਰੂਪ ਇੱਕ ਕਾਵਿ-ਬੰਦ ਪ੍ਰਸਤੁਤ ਹੈ:

ਸੂਰਜਾਂ 'ਚੋਂ ਕਿਰ ਜਾਣੀ ਧੁਪਣੀ ਦੁਪਹਿਰ ਦੀ,
ਚੰਦਰਮੇ ਨੂੰ ਟੁੱਕ ਟੁੱਕ ਖਾ ਜਾਣਾ ਹੋਈਆਂ
ਆਪ ਭਾਵੇਂ ਸਮੇਂ ਨੇ ਵੀ ਸਦਾ ਨਹੀਂ ਘੱਟ ਰਹਿਣਾ
ਹੱਥ ਲਾ ਲਾ ਕਰੀ ਜਾਏ ਕੁਦਰਤਾਂ ਕੁਸੁਹਾਣੀਆਂ। *7

ਭਾਵ ਧਰਤੀ, ਸੂਰਜ, ਚੰਦਰਮਾ ਅਤੇ ਖੁਦ ਵਕਤ ਇੱਕ ਨਾ ਇੱਕ ਦਿਨ ਨਾਸ਼ ਹੋ ਜਾਣ ਵਾਲੇ ਹਨ। ਸਮਾਂ ਸਾਪੇਖਕ ਹੈ ਤੇ ਸ੍ਰਿਸ਼ਟੀ ਦੇ ਰੂਪ ਧਾਰਨ ਨਾਲ ਸ਼ੁਰੂ ਹੁੰਦਾ ਹੈ। ਸ੍ਰਿਸ਼ਟੀ ਦੇ ਵਿਨਾਸ਼ ਨਾਲ ਇਹਨੇ ਵੀ ਖਤਮ ਹੋ ਜਾਣਾ ਹੈ। ਸ੍ਰਿਸ਼ਟੀ ਦੀ ਛਿਣ ਭੰਗੁਰਤਾ ਅਤੇ ਚਲਾਇਮਾਨਤਾ ਦੀ ਸਥਿਤੀ ਵਿੱਚ ਰਹਿਣ ਵਾਲੇ ਜੀਵ ਵੀ ਛਿਣ-ਭੰਗੁਰ ਤੇ ਚਲਾਇਮਾਨਤਾ ਵਾਲੀ ਸਥਿਤੀ ਵਿੱਚ ਹੀ ਰਹਿੰਦੇ ਹਨ। ਇਹ ਸਥਿਤੀ ਮਨੁੱਖ ਲਈ ਸਭ ਤੋਂ ਵੱਡਾ ਦੁੱਖ ਬਣੀ ਹੋਈ ਹੈ, ਕਿਉਂਕਿ ਇੱਕ ਚੇਤੰਨ ਪ੍ਰਾਣੀ ਹੋਣ ਦੇ ਨਾਤੇ ਇਹ ਆਪਣੇ ਆਦਿ ਅਤੇ ਅੰਤ ਪ੍ਰਤੀ ਸੁਚੇਤ ਹੈ। ਮੌਤ ਹਰ ਮਨੁੱਖ ਅੱਗੇ ਵਿਕਰਾਲ ਰੂਪ ਵਿੱਚ ਖੜ੍ਹੀ ਹੈ, ਪਰ ਮਨੁੱਖ ਇਸ ਜਗਤ ਤੋਂ ਕਿਸੇ ਵੀ ਸੂਰਤ ਵਿੱਚ ਜਾਣਾ ਨਹੀਂ ਚਾਹੁੰਦਾ। ਇਸ ਲਈ ਮੌਤ ਦਾ ਖਿਆਲ ਤੱਕ ਹੀ ਉਸ ਅੰਦਰ ਅਕਹਿ ਪੀੜਾ ਜਗਾ ਦਿੰਦਾ ਹੈ।

'ਸਿਮਰਤੀ ਦੇ ਕਿਰਨ ਤੋਂ ਪਹਿਲਾਂ' ਕਾਵਿ-ਪੁਸਤਕ ਦਾ ਵਕਤਾ ਇਸੇ ਅੰਤਿਮ ਛਿਣ ਦੀ ਪੀੜਾ ਨੂੰ ਭੋਗਦਾ ਦਿਖਾਇਆ ਗਿਆ ਹੈ।

ਨੇਕੀ-ਕਾਵਿ ਮਨੁੱਖ ਦੇ 'ਅਸਲੇ' ਦੇ ਨਿਰਧਾਰਨ ਦੇ ਮਸਲੇ ਨਾਲ ਗਹਿਰ-ਗੰਭੀਰ ਰੂਪ ਵਿੱਚ ਜੁੜਿਆ ਹੋਇਆ ਹੈ। ਮਨੁੱਖ ਦਾ ਅਸਲਾ, ਅਸਲ ਵਿੱਚ ਇਹ ਦ੍ਰਿਸ਼ਟਮਾਨ ਜਗਤ ਨਹੀਂ। ਮਨੁੱਖ ਦਾ ਅਸਲਾ ਕਿਸੇ ਉਹਲੇ ਵਿੱਚ ਲੁਕਿਆ ਹੋਇਆ ਹੈ। ਅਧਿਆਤਮਕ ਦ੍ਰਿਸ਼ਟੀ ਅਨੁਸਾਰ ਮਨੁੱਖ ਦਾ ਅਸਲਾ ਅਰਾਮ ਤੇ ਅਗੋਚਰ ਸੰਸਾਰ ਹੈ। ਉਸ ਸੰਸਾਰ ਵਿੱਚ ਪਹੁੰਚ ਕੇ ਹੀ ਉਸ ਨੂੰ ਸਦੀਵੀ ਸੁੱਖ ਪ੍ਰਾਪਤ ਹੋਣਾ ਹੈ। 'ਅਸਲੇ ਤੋਂ ਉਹਲੇ' ਵਿਚਲੀ ਕਵਿਤਾ 'ਆਓ ਪੰਛੀਓ' ਇਸੇ ਸਤਿ ਦੀ ਭਾਵ-ਅਭਿਵਿਅਕਤੀ ਨਾਲ ਜੁੜੀ ਹੋਈ ਹੈ। ਇਸ ਤਰ੍ਹਾਂ ਨੇਕੀ ਦੀ ਕਵਿਤਾ ਅਧਿਆਤਮਵਾਦ ਦੀਆਂ ਅਜਿਹੀਆਂ ਮਿੱਥਾਂ ਦਾ ਅਨੁਸਰਣ ਹੀ ਕਰਦੀ ਹੈ। ਇਹ ਅਨੁਸਰਣ ਵੈਦਿਕ-ਰੂੜੀਆਂ ਦਾ ਵੀ ਹੈ, ਉਪਨਿਸ਼ਦਾਂ ਦਾ ਵੀ ਤੇ ਗੁਰਮਤਿ ਸਾਹਿਤ ਦੀਆਂ ਵਿਚਾਰ-ਰੂੜੀਆਂ ਦਾ ਵੀ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਸ਼ਬਦਾਂ ਵਿੱਚ ਪ੍ਰਗਟਾਈਆਂ ਗਈਆਂ ਇਨ੍ਹਾਂ ਵਿਚਾਰ ਰੂੜੀਆਂ ਦਾ ਅਨੁਸਰਣ ਵੀ ਨੇਕੀ ਆਪਣੇ ਕਾਵਿ ਸਿਰਜਣ ਵਿੱਚ ਕਰਦਾ ਹੋਇਆ ਦਿਖਾਈ ਦਿੰਦਾ ਹੈ। ਮਿਸਾਲ ਵਜੋਂ ਉਸ ਦੀ ਹੇਠ ਲਿਖੀ ਕਵਿਤਾ ਦੇਖੀ ਜਾ ਸਕਦੀ ਹੈ:

ਸਹਿਜੇ ਸਹਿਜੇ ਪਰ ਬੁਲ੍ਹੀਆਂ ਨੇ,
ਨਿੱਘ ਦੀ ਖਾਤਰ ਦੁੱਧ ਦੀ ਖਾਤਰ,
ਮਾਂ ਥਣ ਲਏ ਪਛਾਣ।
ਸਹਿਜੇ ਸਹਿਜੇ ਫਿਰ ਅੱਖੀਆਂ ਨੇ,
ਅੰਮਾਂ ਲਈ ਸਿੰਞਾਣ।
ਆ ਗਈ ਮੁੜ ਹਵਾ ਦੀ ਜਾਈ
ਆਦਮ ਪੁੱਤ ਭਰਮਾਣ,
ਉਸ ਨੂੰ ਅਰਸ਼ੀ ਬਾਗ 'ਚੋਂ ਕੱਢ ਕੇ,
ਫਰਸ਼ਾਂ 'ਤੇ ਸੁੱਟ ਮਾਣ।
ਪਿਆਰ ਦੀ ਖਾਤਰ, ਦੁੱਧ ਦੀ ਖਾਤਰ,
ਨਿੱਘ ਦੀ ਖਾਤਰ, ਸੁਆਦ ਦੀ ਖਾਤਰ,
ਮੀਟੇ ਅੱਖਾਂ, ਖੋਲ੍ਹੇ ਬਾਹਵਾਂ,
ਮਿੱਠੇ ਨਿੱਘੇ ਥਣਾਂ ਨੇ ਆਖਰ,
ਖੂਹ ਲਿਆ ਉਸਦਾ ਧਿਆਨ। *8

ਨੇਕੀ ਨੇ ਇਸ ਕਵਿਤਾ ਨੂੰ ਗੁਰੂ ਨਾਨਕ ਦੇਵ ਜੀ ਦੀ 'ਵਾਰ ਮਾਲ ਕੀ' ਦੇ ਵਿਚਾਰ ਮਾਡਲ ਉਪਰ ਉਸਾਰਿਆ ਹੈ, ਜਿਸ ਅਨੁਸਾਰ ਜੀਵਾਤਮਾ ਮਾਂ ਦੇ ਪੇਟ ਵਿੱਚ ਵਿਚਰਦੀ ਹੋਈ ਪ੍ਰਭੂ ਨਾਲ ਜੁੜੀ ਹੋਈ ਸੀ। ਇਸ ਸੰਸਾਰ ਵਿੱਚ ਜਨਮ ਧਾਰਨ ਕਰਨ ਸਾਰ ਉਸ ਦਾ ਧਿਆਨ ਪਰਮਾਤਮਾ ਨਾਲੋਂ ਟੁੱਟ ਗਿਆ। ਨੇਕੀ ਦੀ ਉਪਰੋਕਤ ਕਵਿਤਾ ਅਨੁਸਰਣ ਨੂੰ ਗੁਰੂ ਨਾਨਕ ਦੇਵ ਜੀ ਦੇ ਇਸ ਸ਼ਬਦ ਦੇ ਪ੍ਰਸੰਗ ਵਿੱਚ ਵਿਚਾਰਿਆ ਜਾ ਸਕਦਾ ਹੈ:

ਪਹਿਲੈ ਪਿਆਰਿ ਲਗਾ ਥਣ ਦੁਧਿ॥
ਦੂਜੇ ਮਾਇ ਬਾਪ ਕੀ ਸੁਧਿ॥
ਤੀਜੈ ਭਯਾ ਭਾਭੀ ਬੇਬ॥
ਚਉਥੈ ਪਿਆਰਿ ਉਪੰਨੀ ਖੇਡ॥
ਪੰਜਵੈ ਖਾਣ ਪੀਅਣ ਕੀ ਧਾਤੁ॥
ਛਿਵੈ ਕਾਮੁ ਨ ਪੁੱਛੈ ਜਾਤਿ॥
ਸਤਵੈ ਸੰਜਿ ਕੀਆ ਘਰ ਵਾਸੁ॥
ਅਠਵੈ ਕ੍ਰੋਧੁ ਹੋਆ ਤਨ ਨਾਸੁ॥
ਨਾਵੈ ਧਉਲੇ ਉਤੇ ਸਾਹ॥
ਦਸਵੈ ਦਧਾ ਹੋਆ ਸੁਆਹ॥ *9

ਅਜਿਹੇ ਅਨੁਸਰਣ ਸਦਕਾ ਹੀ ਉਸਦੀ ਕਵਿਤਾ ਅਧਿਆਤਮਿਕਤਾ ਤੋਂ ਰਹੱਸਾਤਮਕਤਾ ਤੱਕ ਦਾ ਸਫ਼ਰ ਤੈਅ ਕਰਦੀ ਹੈ। ਆਪਣੇ ਇਸ ਸੁਭਾਅ ਸਦਕਾ ਹੀ ਉਹ ਸਫ਼ੀਰ ਦੀ ਕਵਿਤਾ ਵਿੱਚ ਮਿਲਦੀ ਪਾਰ-ਦੇਸ਼ ਦੀ ਭਾਵ-ਅਭਿਵਿਅਕਤੀ ਵਾਲੀ ਕਵਿਤਾ ਲਿਖਦਾ ਹੈ। ਪਾਰ-ਲੌਕਿਕ ਸਰੋਕਾਰਾਂ ਨਾਲ ਜੁੜੀ ਹੋਣ ਕਰਕੇ ਹੀ ਇਹ ਕਵਿਤਾ ਰਹੱਸਵਾਦੀ ਕਵਿਤਾ ਕਹੀ ਜਾ ਸਕਦੀ ਹੈ। ਆਧੁਨਿਕ ਸਮੇਂ ਵਿੱਚ ਧਾਰਮਿਕ ਰੰਗ ਦੀ ਕਵਿਤਾ ਲਿਖ ਚੁੱਕੇ/ਲਿਖਦੇ ਬਹੁਤੇ ਕਵੀ ਅਧਿਆਤਮਕਤਾ ਤੱਕ ਹੀ ਮਸਾਂ ਪੁੱਜਦੇ ਹਨ।

ਪਰਮਾਤਮਾ ਵੱਲੋਂ ਧਿਆਨ ਹਟਣ ਤੋਂ ਬਾਅਦ ਭੋਗੇ ਦੁਨਿਆਵੀ ਰਸ ਤੇ ਸੁਆਦ ਹੀ ਮਨੁੱਖ ਦੇ ਦੁੱਖ ਤੇ ਉਸ ਦੇ ਨਾਸ਼ ਦਾ ਕਾਰਨ ਬਣਦੇ ਹਨ। ਸਦੀਵੀ ਸੁੱਖ ਮਨੁੱਖ ਨੂੰ ਉਸ ਅਵਸਥਾ 'ਤੇ ਪਹੁੰਚ ਕੇ ਹੀ ਪ੍ਰਾਪਤ ਹੋਵੇਗਾ, ਜਿੱਥੋਂ ਉਹ ਆਇਆ ਹੈ। ਕਵੀ ਨੇ ਉਪਰੋਕਤ ਕਵਿਤਾ ਦੇ ਬਾਕੀ ਹਿੱਸੇ ਵਿੱਚ ਅਧਿਆਤਮ ਦੇਣ ਇਸੇ ਸਾਰ ਉਪਰ ਰੌਸ਼ਨੀ ਪਾਈ ਹੈ। ਇਸ ਕਵਿਤਾ ਦੇ ਬਾਕੀ ਬੱਚਦੇ ਹਿੱਸੇ ਵਿੱਚ ਉਸ ਗੁਰਮਤਿ ਦੇ ਇਸੇ ਵਿਚਾਰ-ਭਾਵ ਦਾ ਅਨੁਸਰਣ ਕੀਤਾ ਹੈ:

ਭਰਮੇ ਭੁਲਾ ਸਭ ਜਗੁ ਫਿਰੈ ਮਨਮੁਖਿ ਪਤਿ ਗਵਾਈ॥
ਘਰ ਦਰੁ ਛੋਡੇ ਆਪਣਾ ਪਰ ਘਰਿ ਝੂਠਾ ਜਾਈ॥
ਚੋਰੈ ਵਾਂਗੂ ਪਕੜੀਐ ਬਿਨੁ ਨਾਵੈ ਚੋਟਾ ਖਾਈ॥
ਜਿਨੀ ਘਰੁ ਜਾਤਾ ਆਪਣਾ ਸੇ ਸੁਖੀਏ ਭਾਈ॥ *10

ਗੁਰਬਾਣੀ ਮਨੁੱਖ ਨੂੰ ਪਰਮਾਤਮਾ ਦੇ ਘਰ ਤੋਂ ਆਉਂਦੀ ਸ਼ਬਦ ਧੁਨ ਨਾਲ ਜੁੜਨ ਦੀ ਪ੍ਰੇਰਨਾ ਦਿੰਦੀ ਹੈ। ਇਹ ਸ਼ਬਦ-ਧੁਨ ਹੀ ਪਰਮਾਤਮਾ ਦੇ ਘਰ ਵੱਲ ਜਾਂਦੀ ਪਗਡੰਡੀ ਹੈ। ਇਸ ਵਿੱਚ ਕੋਸ਼ਿਸ਼ ਤੇ ਮਿਕਨਾਤੀਸੀ-ਖਿੱਚ ਦੀ ਗੱਲ ਕੀਤੀ ਗਈ ਹੈ। ਇਸ ਨੂੰ ਅਨਹਦ-ਬਾਣੀ ਦਾ ਨਾਮ ਵੀ ਦਿੱਤਾ ਗਿਆ ਹੈ। ਇਸ ਧੁਨ ਨੂੰ ਨਾ ਸੁਣਨ ਵਾਲਾ ਮਨੁੱਖ ਅੰਨ੍ਹਾ, ਬੋਲਾ ਅਤੇ ਮਾਇਆਧਾਰੀ ਦੱਸਿਆ ਗਿਆ ਹੈ। ਉਦਾਹਰਣ ਪ੍ਰਸਤੁਤ ਹੈ:

ਮਾਇਆਧਾਰੀ ਅਤਿ ਅੰਨਾ ਬੋਲਾ॥
ਸ਼ਬਦ ਨ ਸੁਣਈ ਬਹੁ ਰੋਲ ਘਚੋਲਾ॥
ਗੁਰਮੁਖਿ ਜਾਪੈ ਸਬਦਿ ਲਿਵ ਲਾਇ॥
ਹਰਿਨਾਮੁ ਸੁਣੈ ਮੰਨੇ ਹਰਿ ਨਾਮਿ ਸਮਾਇ॥
ਜੋ ਤਿਸੁ ਭਾਵੈ ਸੋ ਕਰੇ ਕਰਾਇਆ॥
ਨਾਨਕ ਵਜਦਾ ਜੰਤੁ ਵਜਾਇਆ॥ *11

ਕਵੀ ਨੇ ਅਧਿਆਤਮ ਦੇ ਇਸ ਸਿਧਾਂਤ ਦਾ ਕਾਵਿ-ਰੂਪਾਂਤਰਣ ਆਪਣੀ ਕਵਿਤਾ 'ਆਓ ਪੰਛੀਓ' ਵਿੱਚ ਬੜੇ ਖ਼ੂਬਸੂਰਤ ਅੰਦਾਜ਼ ਵਿੱਚ ਕੀਤਾ ਹੈ। ਉਹ ਪੰਛੀਆਂ ਨੂੰ ਆਵਾਜ਼ ਦਿੰਦਾ ਹੋਇਆ ਅਜਿਹੀ ਧੁਨ ਤੇ ਅਜਿਹਾ ਗੀਤ ਸੁਣਾਉਣ ਲਈ ਕਹਿੰਦਾ ਹੈ, ਜਿਸਦੀ ਮਾਰਫ਼ਤ ਉਹ ਆਪਣੇ ਅਸਲੇ ਨੂੰ ਮਿਲ ਸਕੇ। ਕਵੀ ਆਖਦਾ ਹੈ:

ਜਾਂ ਕੋਈ ਐਸਾ ਗੀਤ ਸੁਣਾਓ
ਕੱਢ ਕੇ ਆਪਣੀ ਵਾਜ ਸੁਰੀਲੀ
ਛੋਤੇ ਤਾਨ ਜਿਹੀ ਦਰਦੀਲੀ
ਮੇਰੀ ਸੁਰਤ ਉਡਾਰੀ ਤਾਈਂ
ਮੁੜ ਅਸਲੇ ਦੀ ਯਾਦ ਦਿਵਾਓ
ਇਸਦੇ ਸੂਖਮ ਸੀਨੇ ਅੰਦਰ
ਬਿਹਬਲਤਾ ਦੀ ਅੱਗ ਲਗਾਓ
ਤਾਂ ਜੋ ਇਸ ਬਿਹਬਲਤਾ ਸਦਕੇ
ਤੋੜੇ ਸੰਗਲ ਇਹ ਜੜਤਾ ਦੇ
ਖੰਭ ਲਗਾ ਫਿਰ ਚੇਤਨਤਾ ਦੇ
ਘਰ ਆਪਣੇ ਉੱਡ ਜਾਏ। *12

ਇਹ ਘਰ ਇੱਕ ਮਿੱਥਕ ਅਵਸਥਾ ਹੈ, ਜਿਥੇ ਪਹੁੰਚ ਕੇ ਜੀਵਾਤਮਾ ਹਮੇਸ਼ਾ ਲਈ ਸੁਖੀ ਹੋ ਜਾਂਦੀ ਦੱਸੀ ਜਾਂਦੀ ਹੈ। ਇਹ ਕਵਿਤਾ ਕਦੀ ਵੀ ਇਸੇ ਅਸਲ ਘਰ ਪਹੁੰਚਣ ਦੀ ਬਿਹਬਲਤਾ ਤੇ ਕੁਦਰਤੀ ਖਿੱਚ ਦਾ ਕਰੁਣਾਮਈ ਬਿਰਤਾਂਤ ਪ੍ਰਸਤੁਤ ਕਰਦੀ ਹੈ। ਆਪਣੇ ਇਸੇ ਦੁਖਦਾਈ ਤੱਤ ਸਦਕਾ ਇਹ ਗੁਰਮਤਿ 'ਚ ਮਿਲਦੀ ਬ੍ਰਿਹ-ਭਾਵਨਾ ਦੀ ਅਨੁਸਰਣਕਾਰੀ ਬਣ ਜਾਂਦੀ ਹੈ।

ਜਸਵੰਤ ਸਿੰਘ ਨੇਕੀ ਨੇ ਜਿਸ ਤਰ੍ਹਾਂ ਦੀ ਪਰਮ ਸੱਤਾ ਵਿੱਚ ਵਿਸ਼ਵਾਸ ਰੱਖਿਆ, ਉਹ ਨਿਰਗੁਣ ਦੀ ਹੈ ਤੇ ਸਰਗੁਣ ਵੀ। ਉਹ ਉਸਨੂੰ ਇਸ ਪ੍ਰਕਿਰਤੀ ਵਿੱਚ ਰੱਖਿਆ ਹੋਇਆ ਵੀ ਦੇਖਦਾ ਹੈ ਤੇ ਕਿਤੇ ਲੁਕਿਆ ਹੋਇਆ ਵੀ ਕਰਾਰ ਦਿੰਦਾ ਹੈ। ਉਸਦੀ ਕਵਿਤਾ ਹੈ:

ਕਿਤੇ ਨਾਦ ਹੋ ਕਿਤੇ ਨਾਮ ਹੋ, ਕਿਤੇ ਸ਼ਬਦ ਹੋ ਵੱਸਦਾ!
ਅੰਦਰ ਸਾਡੇ ਬੈਠਾ ਧੜਕੇ, ਅਸਾਂ ਪਤਾ ਨ ਲੱਗੇ।
ਕਿਤੇ ਪਾਸਿਓਂ ਤੇ ਲੁਕਿਆ ਜਾਏ, ਹੋ ਕੇ ਅੱਖੀਆਂ ਅੱਗੇ। *13
ਜਾਂ
ਅੱਖਾਂ ਦੀਆਂ ਬੇਨੂਰ ਖਿੜਕੀਆਂ ਖੋਲ੍ਹ ਨ ਭਾਵੇਂ ਖੋਲ੍ਹ
ਆਪਣੇ ਦਿਲ ਦੀ ਬੁੱਕਲ 'ਚੋਂ ਇਹ ਜੋਤ ਪੁਰਾਣੀ ਫੋਲ। *14

ਨੇਕੀ ਨੇ ਆਪਣੀ ਸਮੁੱਚੀ ਕਵਿਤਾ ਵਿੱਚ ਇਸ ਪਰਮ-ਸੱਤਾ/ਅਦਿੱਖ ਸ਼ਕਤੀ ਨੂੰ ਕੋਈ ਵਿਸ਼ੇਸ਼ ਨਾਮ ਨਹੀਂ ਦਿੱਤਾ, ਪਰ ਇਸ ਸ੍ਰਿਸ਼ਟੀ ਦੀ ਵਿਕਾਸ ਸੇਧ ਵੀ ਇਸੇ ਸ਼ਕਤੀ ਦੁਆਰਾ ਸੰਚਾਲਿਤ ਹੋ ਰਹੀ ਮੰਨਦਾ ਹੈ। ਉਚੇਰਾ ਵਿਕਾਸ ਇਸ ਸ੍ਰਿਸ਼ਟੀ ਦਾ ਮੂਲ ਮਨੋਰਥ ਹੈ। ਡਾ. ਵਜ਼ੀਰ ਸਿੰਘ ਦਾ ਮਤ ਹੈ, "ਜਗਤ ਪ੍ਰਪੰਚ ਕਿਸੇ ਅੰਤਿਮ ਉਦੇਸ਼ ਵੱਲ ਵਧ ਰਿਹਾ ਹੈ ਅਤੇ ਇਸ ਦਿਸ਼ਾ ਵੱਲ ਵਧਦਿਆਂ ਉਸ ਦਾ ਹਰ ਪਲ ਨਵ-ਨਿਰਮਾਣ ਹੋ ਰਿਹਾ ਹੈ। ਸਿੱਖ-ਸਿਧਾਂਤ ਨੂੰ ਵਿਸ਼ਵਮਈ ਪ੍ਰਯੋਜਨ ਦਾ ਅਜਿਹਾ ਦ੍ਰਿਸ਼ਟੀਕੋਣ ਪ੍ਰਵਾਨ ਹੈ, ਕਿਉਂਕਿ ਇਸ ਵਿੱਚ ਕਰਤਾਰੀ ਸ਼ਕਤੀ ਰਾਹੀਂ ਨਿਰੰਤਰ ਰਚਨਾਕਾਰੀ ਦੀ ਗੱਲ ਕੀਤੀ ਗਈ ਹੈ? ਇਥੋਂ ਤਕ ਕਿ ਰਚਣਹਾਰ ਆਪ ਵੀ ਨਿੱਤ ਨਵੇਂ ਰੂਪ 'ਚ ਵਿਅਕਤ ਹੁੰਦਾ ਹੈ, 'ਸਾਹਿਬ ਮੇਰਾ ਨੀਤ ਨਵਾ, ਸਦਾ ਸਦਾ ਦਾਤਾਰੁ।' ਸਮਕਾਲੀ ਦਾਰਸ਼ਨਿਕ ਵਾਈਟਹੈੱਡ ਦਾ ਵਿਚਾਰ ਹੈ ਕਿ ਸਾਡੀ ਦੁਨੀਆਂ ਨਵੀਨਤਾ ਦੀ ਸੇਧ ਵਿੱਚ ਰਚਨਾਤਮਕ ਉੱਨਤੀ ਕਰ ਰਹੀ ਹੈ, ਸਿੱਖ ਵਿਸ਼ਵਾਸ ਦੀ ਪੁਸ਼ਟੀ ਕਰਦਾ ਹੈ।" *15

ਗੁਰਮਤਿ ਦਰਸ਼ਨ ਅਨੁਸਾਰ ਪਰਮਾਤਮਾ ਦਾ ਹੁਕਮ ਖੁਦਮੁਖਤਾਰ, ਅਧਿਕਾਰ-ਸੰਪਨ ਤੇ ਦੈਵੀ ਪੁਰਖ ਦਾ ਪੱਖ ਹੈ, ਜੋ ਜਗਤ ਰਚਨਾ ਦੀ ਨੇਮ-ਬੱਧਤਾ, ਨਵੀਨਤਾ ਅਤੇ ਪ੍ਰਯੋਜਨ ਦਾ ਮੂਲ ਸਰੋਤ ਹੈ। ਜਗਤ ਦੇ

⇒ ਬਾਕੀ ਅਗਲੇ ਸਫ਼ੇ ਉੱਤੇ ਪੜ੍ਹੋ

# ਬੁੱਧ ਦਾ ਮਹਾਂ ਤਿਆਗ





ਜਗਤਾਰ ਸਿੰਘ ਹਿੱਸੋਵਾਲ
ਫੋਨ: +91-9878330324

ਬੁੱਧ ਦੇ ਗ੍ਰਹਿ ਤਿਆਗ ਦੇ ਫ਼ੈਸਲੇ ਨਾਲ ਰਾਜਾ ਸ਼ੁਧੋਦਨ ਦੇ ਸਾਰੇ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਸੀ। ਪਿਤਾ ਨੇ ਸਮਝਾਇਆ, ਮਾਤਾ ਗੌਤਮੀ ਨੇ ਤਰਲੇ ਪਾਏ। ਮਨੁੱਖਤਾ ਦੀ ਪੀੜ ਨੂੰ ਸਮਝਣ ਵਾਲੀ ਤੇ ਪੀੜਤ ਲੋਕਾਈ ਦੀ ਸੇਵਾ ਕਰਨ ਵਾਲੀ ਯਸ਼ੋਧਰਾ ਵੀ ਚਾਹੁੰਦੀ ਸੀ ਕਿ ਦੁੱਖਾਂ ਅਤੇ ਸਮੱਸਿਆਵਾਂ ਵਿਚ ਦਿਨ-ਰਾਤ ਪਿਸ ਰਹੀ ਲੋਕਾਈ ਨੂੰ ਸੱਚਾ ਹਮਦਰਦ ਤੇ ਮਿੱਤਰ ਮਿਲੇ; ਪਰ ਉਸਨੂੰ ਇਹ ਨਹੀਂ ਸੀ ਪਤਾ ਕਿ ਉਸਦਾ ਆਪਣਾ ਰਾਜ ਕੁਮਾਰ ਪਤੀ ਹੀ ਇਹ ਸੰਕਲਪ ਲੈ ਲਵੇਗਾ। ਦੁਵਿਧਾ ਵਿੱਚ ਫ਼ਸ ਗਈ। ਜੇ ਰੋਕਦੀ ਹੈ ਤਾਂ ਦੁੱਖਾਂ ਦੇ ਨਰਕ ਵਿੱਚ ਤੜਫ ਰਹੀ ਲੋਕਾਈ ਲਈ ਆਸਰੇ ਦੀ ਉਮੀਦ ਖ਼ਤਮ ਹੋ ਜਾਵੇਗੀ। ਜੇ ਵਿਦਾ ਕਰਦੀ ਹੈ ਤਾਂ ਉਸਦਾ ਪਰਿਵਾਰ ਪੁੱਤਰ ਸੁੱਖ ਤੋਂ, ਰਾਹੁਲ ਪਿਤਾ ਦੇ ਸੁੱਖ ਤੋਂ ਅਤੇ ਉਸਦੀ ਜਵਾਨ ਜਹਾਨ ਗ੍ਰਹਿਸਥੀ ਸੇਜ ਵੀ ਸੁੰਨੀ ਹੋ ਜਾਵੇਗੀ। ਉਸਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਸਿਧਾਰਥ ਦ੍ਰਿੜ੍ਹ ਇਰਾਦੇ ਵਾਲ਼ਾ ਨਵੀਆਂ ਰਾਹਾਂ ਦੀ ਤਲਾਸ਼ ਦਾ ਰਾਹੀ ਹੈ, ਜਿਸਦੇ ਮਨ ਵਿੱਚ ਸਿਰਫ ਤੇ ਸਿਰਫ ਸਾਰੀ ਮਨੁੱਖਤਾ ਦੀ ਬਗ਼ੈਰ ਕਿਸੇ ਭੇਦ-ਭਾਵ ਦੇ ਭਲਾਈ ਦੀ ਇੱਛਾ ਹੈ।

ਮਾਤਾ ਗੌਤਮੀ ਨੇ ਰਾਜ ਕੁਮਾਰ ਨੂੰ ਆਪਣਾ ਫ਼ੈਸਲਾ ਬਦਲ ਲੈਣ ਲਈ ਤਰਲੇ ਪਾਏ, "ਪੁੱਤਰ ਇਹ ਮਹਿਲ ਤੇਰੇ ਤੋਂ ਬਗੈਰ ਮੜ੍ਹੀਆਂ ਵਾਂਗੂੰ ਲੱਗਣਗੇ। ਫੈਸਲਾ ਬਦਲ ਲੈ। ਕੀ ਕਰਨੇ ਅਸੀਂ ਮਹਿਲ! ਕਪਿਲਵਸਤੂ ਵਾਲੇ ਸਾਡਾ ਰਾਜ ਭਾਗ ਤੇ ਖੇਤ ਜ਼ਬਤ ਕਰਦੇ ਨੇ ਤਾਂ ਕਰ ਲੈਣ। ਅਸੀਂ ਕੌਸਲ ਰਾਜ ਦੀ ਸ਼ਰਨ ਵਿੱਚ ਚਲੇ ਜਾਵਾਂਗੇ...। ਨਾ ਜਾ ਮੇਰੇ ਪਿਆਰੇ ਪੁੱਤਰ...ਨਾ ਜਾ।"

"ਇਹ ਦੁੱਖ-ਦਰਦ, ਇਹ ਲੜਾਈਆਂ-ਫ਼ਸਾਦ, ਇਹ ਈਰਖਾ-ਦਵੈਸ਼ ਅਤੇ ਇਹ ਸਵਾਰਥ ਤੇ ਲੋਭ ਤਾਂ ਕੌਸਲ ਰਾਜ ਵਿੱਚ ਵੀ ਹੈ। ਜਿਹੜੇ ਹਾਲਾਤ ਕਪਿਲਵਸਤੂ ਵਿੱਚ ਹਨ, ਉਹੀ ਕੌਸਲਰਾਜ ਵਿੱਚ ਹਨ। ਸਾਰਾ ਸੰਸਾਰ ਹੀ ਆਪਸੀ ਵੈਰ-ਵਿਰੋਧ ਤੇ ਦੁੱਖਾਂ ਦੀ ਆਨੰਤਤਾ ਨਾਲ ਭਰਿਆ ਪਿਆ ਹੈ...। ਮਾਤਾ, ਕਿਤੇ ਵੀ ਸੁੱਖ ਤੇ ਚੈਨ ਨਹੀਂ ਹੈ।" ਸਿਧਾਰਥ ਨੇ ਉੱਤਰ ਦਿੱਤਾ।

ਪਿਤਾ ਨੇ ਕਿਹਾ, "ਰਾਜ ਕੁਮਾਰ, ਤੇਰੀ ਇਸ ਪਰਿਵਾਰ ਨੂੰ ਤੇ ਜਨਤਾ ਨੂੰ ਬਹੁਤ ਲੋੜ ਹੈ। ਤੂੰ ਨਾ ਜਾਹ ਅਤੇ ਰਾਜ ਭਾਗ ਨੂੰ ਸੰਭਾਲ।" ਰਾਜ ਕੁਮਾਰ ਨੇ ਆਪਣੇ ਮਨ ਦੀ ਹਾਲਤ ਨੂੰ ਬਿਆਨਦਿਆਂ ਕਿਹਾ, "ਪਿਤਾ ਜੀ, ਮੇਰਾ ਮਨ ਸ਼ਾਂਤ ਨਹੀਂ ਹੈ। ਅਸ਼ਾਂਤ ਵਿਅਕਤੀ ਜਨਤਾ ਦੇ ਨਾਲ ਨਿਆਂ ਅਤੇ ਇਨਸਾਫ਼ ਨਹੀਂ ਕਰ ਸਕੇਗਾ।"

"ਪੁੱਤਰ, ਸਾਡੀ ਕੁੱਲ ਵਿੱਚ ਦੇ ਇਤਿਹਾਸ ਵਿੱਚ ਤੇਰੀ ਉਮਰੇ ਕੋਈ ਸੰਨਿਆਸੀ ਨਹੀਂ ਬਣਿਆ।"

"ਪਿਤਾ ਜੀ, ਸਮਾਂ ਬੜੀ ਤੇਜ਼ੀ ਨਾਲ ਸਿਰਪੱਟ ਦੌੜਦਾ ਚਲਾ ਜਾ ਰਿਹਾ ਹੈ। ਮੇਰਾ ਜੋਬਨ ਵੀ ਕੱਲ੍ਹ ਤੱਕ ਢੱਲ ਜਾਣਾ ਹੈ। ਚੰਗੇ ਕੰਮਾਂ ਲਈ ਉਚਿੱਤ ਸਮੇਂ ਨੂੰ ਉਡੀਕਦਿਆਂ ਉਮਰਾਂ ਲੰਘ ਜਾਂਦੀਆਂ ਨੇ।"

ਮਾਂ ਵੀ ਬੇਵੱਸ ਤੇ ਪਿਤਾ ਵੀ ਬੇਵਾਹ। ਜਵਾਨ ਪੁੱਤਰ ਹੱਥਾਂ ਵਿੱਚੋਂ ਖਿਸਕਦਾ ਜਾ ਰਿਹਾ ਸੀ।

ਸਿਧਾਰਥ ਦਾ ਰੱਥਵਾਨ ਛੰਨ ਉਸਦਾ ਏਨਾ ਭੇਤੀ ਸੀ ਕਿ ਸਿਧਾਰਥ ਦੇ ਬੁੱਲਾਂ 'ਤੇ ਗੱਲ ਆਉਣ ਤੋਂ ਪਹਿਲਾਂ ਬੁੱਝ ਲੈਂਦਾ ਸੀ। ਛੰਨ ਨੂੰ ਕਦੇ ਵੀ ਰਾਜ ਕੁਮਾਰ ਨੇ ਨੌਕਰ ਵਾਂਗ ਨਹੀਂ ਸੀ ਸਮਝਿਆ। ਇੱਕ ਭਰਾ ਵਾਂਗੂ ਇੱਜ਼ਤ ਕਰਦਾ ਅਤੇ ਮਿੱਤਰਾਂ ਵਾਂਗ ਸਲਾਹ ਲੈਂਦਾ। ਇਤਫਾਕਵਸ ਕਿ ਸਾਰਥੀ ਛੰਨ, ਕੰਥਕ ਘੋੜੇ ਅਤੇ ਰਾਜ ਕੁਮਾਰ ਛੰਨ ਦੀ ਜਨਮ ਤਾਰੀਖ ਵੀ ਇੱਕੋ ਸੀ।

ਰਾਜ ਕੁਮਾਰ ਨੇ ਜ਼ਿੰਦਗੀ ਦਾ ਕਾਫ਼ੀ ਸਫ਼ਰ ਛੰਨ ਨਾਲ ਕੀਤਾ ਤੇ ਸੱਚ ਵੱਲ ਸਫ਼ਰ ਦੀ ਸ਼ੁਰੂਆਤ ਵੀ ਛੰਨ ਨਾਲ ਤੈਅ ਕਰਨ ਜਾ ਰਿਹਾ ਸੀ। ਰਾਜ ਕੁਮਾਰ ਨੇ ਰਾਜ ਕੁਮਾਰ ਨੂੰ ਰਾਤ ਦੇ ਪਹਿਲੇ ਪਹਿਰ ਘੋੜੇ ਤਿਆਰ ਰੱਖਣ ਦੀ ਤਾਕੀਦ ਕੀਤੀ। ਜਦੋਂ ਸਾਰਾ ਮਹਿਲ ਸੌਂ ਰਿਹਾ ਸੀ, ਉਦੋਂ ਸਿਧਾਰਥ ਦੇ ਅੰਦਰ ਦੁਨੀਆਂ ਦਾ ਸੱਚਾ ਹਮਦਰਦ ਜਾਗ ਉੱਠਣ ਲਈ ਅੰਗੜਾਈ ਭਰ ਰਿਹਾ ਸੀ।

ਯਸ਼ੋਧਰਾ ਜਾਗੋ-ਮੀਟੀ ਵਿੱਚ ਹੋਣੀ ਤੋਂ ਵਾਕਫ਼ ਸੌਂ ਰਹੀ ਸੀ। ਜਾਗਦੀਆਂ ਅੱਖਾਂ ਦੇ ਨਾਲ਼ ਉਸ ਤੋਂ ਸੱਚ ਧਰਮ ਦੇ ਖੋਜੀ ਨੂੰ ਵਿਦਾ ਨਹੀਂ ਸੀ ਕੀਤਾ ਜਾਣਾ। ਡਰਦੀ ਸੀ ਕਿ ਮੋਹ ਤੇ ਪਿਆਰ ਦੇ ਹੱਥੋਂ ਹਾਰ ਜਾਵੇਗੀ। ਜਾਣਦੀ ਸੀ ਕਿ ਅਜਿਹੀ ਵਸਤੂ ਦੀ ਤਲਾਸ਼ ਵਿੱਚ ਉਸਦਾ ਰਾਜ ਕੁਮਾਰ ਪਤੀ ਜਾ ਰਿਹਾ ਹੈ, ਜੋ ਮਹਿਲਾਂ ਤੋਂ ਵੀ ਉੱਚੀ-ਸੁੱਚੀ ਹੈ। ਉਹ ਵਿਸ਼ਾਲ ਆਕਾਸ਼ ਦੇ ਵਾਸੀ ਨੂੰ ਜੋ ਆਕਾਸ਼ ਦੀ ਉਚਾਈ ਨਾਪਣ ਲਈ ਘੋੜੇ 'ਤੇ ਸਵਾਰ ਹੋ ਕੇ ਜਾ ਰਿਹਾ ਹੈ, ਉਸਨੂੰ ਆਪਣੀਆਂ ਬਾਹਵਾਂ 'ਚ ਕੈਦ ਨਹੀਂ ਕਰਨਾ ਚਾਹੁੰਦੀ। ਉਸਨੂੰ ਅਹਿਸਾਸ ਸੀ ਕਿ ਪੰਛੀ ਤੇ ਫ਼ਕੀਰ ਇੱਕੋ ਹੀ ਸੁਭਾਅ ਦੇ ਮਾਲਕ ਹੁੰਦੇ ਹਨ। ਇਸ ਕਰਕੇ ਉਹ ਬੰਦ ਅੱਖਾਂ ਦੇ ਰਾਹੀਂ ਕਪਿਲਵਸਤੂ ਤੋਂ ਉਦੈ ਹੋ ਰਹੇ ਸੂਰਜ ਨੂੰ ਨਿਹਾਰ ਰਹੀ ਸੀ, ਜਿਸਨੇ ਦੁਨੀਆਂ ਨੂੰ ਸੱਚੇ ਧਰਮ ਦੀ ਰੋਸ਼ਨੀ ਦਾ ਨਿੱਘ ਦੇਣਾ ਸੀ।

ਭਰ ਜੋਬਨ ਮੱਤੀ ਮੁਟਿਆਰ ਯਸ਼ੋਧਰਾ ਅਤੇ ਕਲੀ ਵਰਗਾ ਕੋਮਲ ਤੇ ਸੁਬਕ ਬਾਲਕ ਰਾਹੁਲ ਪਲੰਘ 'ਤੇ ਸੌਂ ਰਹੇ ਸੀ। ਸਿਧਾਰਥ ਨੇ ਜੀਅ ਭਰ ਕੇ ਤੱਕਿਆ, ਇਸ ਤੋਂ ਪਹਿਲਾਂ ਕਿ ਵਿਯੋਗ ਦੀ ਪੀੜ ਉਸਦੇ ਮਨ ਨੂੰ ਵਲੂੰਧਰ ਜਾਵੇ, ਉਹ ਬਾਹਰ ਆ ਗਿਆ। ਇਸ ਸਮੇਂ ਉਸਨੇ ਆਪਣੇ ਅਹਿਸਾਸਾਂ ਅਤੇ ਜਜ਼ਬਾਤ ਉੱਪਰ ਪਰਿਵਾਰਕ ਮੋਹ ਨੂੰ ਭਾਰੂ ਨਹੀਂ ਹੋਣ ਦਿੱਤਾ। ਉਸਨੇ ਆਪਣੇ ਦਿਲ ਨੂੰ ਕਰੜਾ ਕੀਤਾ। ਉਸਨੂੰ ਇਹ ਘਰ-ਪਰਿਵਾਰ ਅਤੇ ਰਾਜ ਭਾਗ ਮੋਹ ਦੇ ਵਗਦੇ ਨਾਲਿਆਂ ਵਰਗੇ ਜਾਪੇ, ਪਰ ਉਸਨੂੰ ਤਾਂ ਸਮੁੰਦਰ ਉਡੀਕ ਰਿਹਾ ਸੀ। ਰਿਸ਼ਤਿਆਂ ਦਾ ਮੋਹ ਕੱਚ ਵਾਂਗ ਟੁੱਟਦਾ ਹੋਇਆ ਭਾਵੇਂ ਉਸ ਨੂੰ ਪੈਰਾਂ ਤੋਂ ਸਿਰ ਤੱਕ ਲਹੂ ਲੁਹਾਣ ਕਰ ਰਿਹਾ ਸੀ, ਪਰ ਉਹ ਤੁਰਦਾ ਗਿਆ। ਉਹ ਛੰਨ ਨੂੰ ਨਾਲ ਲੈ ਘੋੜੇ 'ਤੇ ਸਵਾਰ ਹੋ ਕੇ ਰਾਜ ਮਹਿਲ ਤੋਂ ਬਾਹਰ ਹੋ ਗਿਆ। ਸਾਰੀ ਰਾਤ ਦੋਵੇਂ ਘੋੜੇ ਦੌੜਦੇ ਰਹੇ। ਤੜਕਸਾਰ ਕਪਿਲਵਸਤੂ ਰਾਜ ਦਾ ਦਰਵਾਜ਼ਾ ਪਾਰ ਕਰ ਗਏ।

ਸਿਧਾਰਥ ਨੇ ਮੁੜ ਕੇ ਕਪਿਲਵਸਤੂ ਵੱਲ ਦੇਖਿਆ, ਜਿੱਥੇ ਉਹ ਮਖ਼ਮਲੀ ਸੇਜ਼ 'ਤੇ ਜੰਮਿਆ ਤੇ ਪਲਿਆ; ਮਹਿਲਾਂ ਤੇ ਬਾਗਾਂ ਵਿੱਚ ਖੇਡਿਆ ਤੇ ਜਵਾਨ ਹੋਇਆ। ਜਿੱਧਰੋਂ ਵੀ ਲੰਘਦਾ ਪਿਆਰ ਦੇ ਚਸ਼ਮੇ ਫੁੱਟ ਆਉਂਦੇ। ਸਲਾਮ ਕਰਨ ਲਈ ਲੱਖਾਂ ਹੱਥ ਜੁੜ ਜਾਂਦੇ।

ਮਾਤਾ-ਪਿਤਾ, ਪਤਨੀ ਤੇ ਰਾਹੁਲ ਦੇ ਪਿਆਰ ਦੀਆਂ ਵਹਿੰਦੀਆਂ ਆਬਸ਼ਾਰਾਂ ਵੀ ਉਸਦੇ ਮਨ ਨੂੰ ਤ੍ਰਿਪਤ ਨਾ ਕਰ ਸਕੀਆਂ। ਉਸਦਾ ਮਨ ਹਮੇਸ਼ਾਂ ਅਤ੍ਰਿਪਤ ਤੇ ਪਿਆਸਾ ਹੀ ਰਿਹਾ। ਅਜ਼ੀਬ ਇਤਫ਼ਾਕ ਸੀ ਕਿ ਜਦੋਂ ਸਾਰਾ ਰਾਜ ਸੌਂ ਰਿਹਾ ਸੀ ਤਾਂ ਉਦੋਂ ਉਹ ਲੰਬੀਆਂ ਵਾਟਾਂ ਦਾ ਪਾਂਧੀ ਬਣਿਆ ਤੇ ਜਦੋਂ ਰਾਜ ਦੇ ਲੋਕ ਜਾਗ ਜਾਣਗੇ ਤਾਂ ਉਸਦੇ ਮੁੜ ਆਉਣ ਦੀ ਉਡੀਕ ਕਰਨਗੇ; ਪਰ ਉਸਨੇ ਪ੍ਰਣ ਕੀਤਾ ਕਿ ਉਹ ਉਦੋਂ ਤੱਕ ਵਾਪਸ ਨਹੀਂ ਪਰਤੇਗਾ, ਜਦੋਂ ਤੱਕ ਸੱਚ ਦੀ ਖੋਜ ਨਹੀਂ ਕਰ ਲੈਂਦਾ।

ਆਰੋਮਾ ਨਦੀ ਦੇ ਕਿਨਾਰੇ ਪੁੱਜ ਕੇ ਸਿਧਾਰਥ ਨੇ ਛੰਨ ਨੂੰ ਕਿਹਾ, "ਵਾਪਸ ਪਰਤ ਕੇ ਰਾਜ ਮਹਿਲ ਵਿੱਚ ਖ਼ਬਰ ਦੇਣੀ ਕਿ ਰਾਜ ਕੁਮਾਰ ਸੰਨਿਆਸੀ ਹੋ ਗਿਆ ਹੈ।" ਛੰਨ ਧਾਹੀਂ ਰੋ ਪਿਆ। ਵਿਛੋੜੇ ਦੇ ਨਾਸਹਿਣਯੋਗ ਦੁੱਖ ਵਿੱਚ ਵਿਰਲਾਪ ਕਰਦਿਆਂ ਛੰਨ ਨੇ ਸਿਧਾਰਥ ਦੇ ਪੈਰ ਫੜ੍ਹ ਲਏ, "ਰਾਜ ਕੁਮਾਰ, ਵਾਪਸ ਚੱਲੋ। ਇਹ ਸਾਰਥੀ ਛੰਨ ਰਾਜ ਕੁਮਾਰ ਨੂੰ ਜੰਗਲ ਵਿੱਚ ਇਕੱਲਾ ਤੇ ਬੇਸਹਾਰਾ ਛੱਡਣ ਦਾ ਬੋਝ ਲੈ ਕੇ ਨਹੀਂ ਜਾ ਸਕਦਾ।" ਰਾਜ ਕੁਮਾਰ ਨੇ ਛੰਨ ਨੂੰ ਉਠਾ ਕੇ ਗਲੇ ਨਾਲ ਲਾਇਆ ਤੇ ਕਿਹਾ, "ਮੈਂ ਵਾਪਸ ਜ਼ਰੂਰ ਆਵਾਂਗਾ, ਪਰ ਨਵੀਂ ਰੌਸ਼ਨੀ, ਨਵੀਂ ਆਸ ਅਤੇ ਨਵੇਂ ਵਿਸ਼ਵਾਸ ਲੈ ਕੇ। ਛੰਨ ਮੈਂ ਜ਼ਰੂਰ ਵਾਪਸ ਆਵਾਂਗਾ।"

ਛੰਨ ਰੋਂਦਾ ਰਿਹਾ ਤਾਂ ਫ਼ੇਰ ਸਿਧਾਰਥ ਨੇ ਉਸਨੂੰ ਜਲਦੀ ਮੁੜ ਆਉਣ ਦਾ ਹੌਸਲਾ ਦਿੰਦਿਆਂ ਕਿਹਾ, "ਛੰਨ, ਪਿਤਾ ਨੂੰ ਕਹਿਣਾ ਕਿ ਸਿਧਾਰਥ ਨਾ ਕਦੇ ਡਰਿਆ ਹੈ ਅਤੇ ਨਾ ਹੀ ਕਦੇ ਡਰੇਗਾ। ਨਾ ਹੀ ਦੁਨੀਆਂ ਤੋਂ, ਨਾ ਹੀ ਨਰਕ ਤੋਂ। ਨਾ ਹੀ ਉਸਨੂੰ ਕੋਈ ਲਾਲਚ ਹੈ। ਨਾ ਸਵਰਗ ਦਾ, ਨਾ ਹੀ ਦੁਨੀਆਂ ਦੀ ਉਸਤਤ ਦਾ। ਉਸਨੂੰ ਕਹਿਣਾ ਕਿ ਸਿਧਾਰਥ ਨੇ ਸਭਨਾਂ ਲੋਕਾਂ ਦੇ ਸੁੱਖ ਦੀ ਭਾਲ ਵਿੱਚ ਘਰ ਛੱਡਿਆ ਹੈ।... ਛੰਨ, ਮਾਤਾ ਨੂੰ ਕਹਿਣਾ ਕਿ ਉਕਾਬ ਬੰਦ ਗੁਫ਼ਾ ਵਿਚ ਜੰਮਦਾ ਜ਼ਰੂਰ ਹੈ, ਪਰ ਉਸਨੂੰ ਬੰਦ ਗੁਫ਼ਾ ਵਿਚ ਕੈਦ ਨਹੀਂ ਕੀਤਾ ਜਾ ਸਕਦਾ। ਪੰਛੀ ਜਦੋਂ ਉਡਾਰੂ ਹੋ ਜਾਂਦੇ ਨੇ ਤਾਂ ਆਕਾਸ਼ ਵੱਲ ਉਡਾਰੀ ਮਾਰ ਜਾਂਦੇ ਹਨ।... ਛੰਨ, ਯਸ਼ੋਧਰਾ ਨੂੰ ਕਹਿਣਾ ਕਿ ਜਿਵੇਂ ਬੱਦਲ ਮਿਲਦੇ ਹਨ ਤੇ ਵਿੱਛੜ ਜਾਂਦੇ ਹਨ, ਉਵੇਂ ਹੀ ਵਿਛੋੜਾ ਅਟੱਲ ਸੱਚਾਈ ਹੈ।... ਸਾਰਿਆਂ ਨੂੰ ਹੱਥ ਜੋੜ ਕੇ ਕਹਿਣਾ ਕਿ ਮਖ਼ਮਲੀ ਸੇਜ਼ ਤੇ ਕੁਸਾ ਘਾਹ ਬਾਰੇ ਮਤ ਸੋਚਣਾ। ਰਾਜ ਮਹਿਲ ਦੀ ਅੱਯਾਸ਼ੀ ਤੇ ਜੰਗਲ ਦੀ ਭੁੱਖ ਅਤੇ ਚੁੱਪ ਬਾਰੇ ਮਤ ਸੋਚਣਾ। ਮਹਿਫ਼ਿਲਾਂ ਦੀ ਰੌਣਕ ਤੇ ਸਿਵਿਆਂ ਵਰਗੀ ਖਾਮੋਸ਼ੀ ਬਾਰੇ ਮਤ ਸੋਚਣਾ। ਸਿਰਫ਼ ਮੇਰੇ ਸੰਕਲਪ ਬਾਰੇ ਸੋਚਣਾ। ਵਿਯੋਗ ਨਾ ਕਰਨਾ। ਹੌਸਲਾ ਨਾ ਹਾਰਨਾ। ਨਵੇਂ ਜੀਵਨ ਦੀ ਉਡੀਕ ਕਰਨਾ।"

ਸਿਧਾਰਥ ਨੇ ਆਪਣੇ ਘੋੜੇ ਕੰਥਕ ਦੇ ਮੂੰਹ ਨੂੰ ਚੁੰਮਿਆ। ਕੰਥਕ ਨੇ ਰੋਸ ਤੇ ਦੁੱਖ ਨਾਲ ਆਪਣੇ ਪੈਰਾਂ ਨਾਲ ਮਿੱਟੀ ਨੂੰ ਪੁੱਟ-ਪੁੱਟ ਸੁੱਟਿਆ। ਕੰਥਕ ਦੀਆਂ ਅੱਖਾਂ ਵਿੱਚੋਂ ਹੰਝੂਆਂ ਦੀਆਂ ਧਰਾਲਾਂ ਉਸਦੇ ਮੂੰਹ 'ਤੇ ਜੰਮੀ ਧੂੜ ਵਿੱਚੋਂ ਰਾਹ ਬਣਾਉਂਦੀਆਂ ਹੇਠਾਂ ਵੱਲ ਵਹਿ ਤੁਰੀਆਂ। ਫਿਰ ਸਿਧਾਰਥ ਨੇ ਆਪਣੀ ਤਲਵਾਰ ਨਾਲ ਆਪਣੇ ਸਿਰ ਦੇ ਰੇਸ਼ਮੀ ਵਾਲ ਕੱਟ ਕੇ ਛੰਨ ਨੂੰ ਦਿੱਤੇ।

ਛੰਨ ਰੋਂਦਾ ਹੋਇਆ ਵਾਪਸ ਜਾ ਰਿਹਾ ਸੀ। ਸਿਧਾਰਥ ਹੌਸਲੇ ਅਤੇ ਉਤਸ਼ਾਹ ਨਾਲ ਜੰਗਲ ਵੱਲ ਜਾ ਰਿਹਾ ਸੀ। ਪੂਰਬ ਦੀ ਕੁੱਖ ਵਿੱਚੋਂ ਉੱਠ ਰਹੀ ਲਾਲੀ ਸੰਕੇਤ ਦੇ ਰਹੀ ਸੀ ਕਿ ਸੂਰਜ ਚੜ੍ਹਨ ਹੀ ਵਾਲਾ ਹੈ।

ਛੰਨ ਕਦੇ ਉੱਚੀ-ਉੱਚੀ ਚੀਕਦਾ, ਕਦੇ ਘੋੜਾ ਰੋਕ ਕੇ ਪਿੱਛੇ ਵੱਲ ਦੇਖਦਾ ਤੇ ਕਦੇ ਘੋੜੇ ਤੋਂ ਉੱਤਰ ਕੇ ਧਰਤੀ 'ਤੇ ਦੁਹੱਥੜ ਮਾਰਦਾ। ਸ਼ਹਿਰ ਵਿੱਚੀਂ ਹੁੰਦਾ ਹੋਇਆ ਅਖ਼ੀਰ ਉਹ ਰਾਜ ਮਹਿਲ ਪਹੁੰਚ ਗਿਆ। ਛੰਨ ਨੂੰ ਦੇਖਦੇ ਸਾਰਾ ਪਰਿਵਾਰ ਵਿਹੜੇ ਵਿੱਚ ਇਕੱਠਾ ਹੋ ਗਿਆ। ਕੰਥਕ ਘੋੜਾ ਸਿਰ ਝੁਕਾਈ ਖੜ੍ਹਾ ਸੀ, ਬੁੱਤ ਬਣਿਆ; ਜਿਵੇਂ ਸਾਹ ਸਤ ਹੀ ਨਾ ਹੋਣ। ਜਿਸ ਕੰਥਕ ਦੀ ਕਾਠੀ 'ਤੇ ਰਾਜ ਕੁਮਾਰ ਸਵਾਰੀ ਕਰਦਾ ਸੀ ਉਹ ਕਾਠੀ ਅੱਜ ਸੁੰਨੀ ਸੀ।

ਰਾਜ ਮਹਿਲ 'ਚ ਦਿਲ ਨੂੰ ਧੂਹ ਪਾਉਂਦੀ ਚੁੱਪ ਨੂੰ ਦੇਖ ਕੇ ਛੰਨ ਨੂੰ ਜਾਪਿਆ ਜਿਵੇਂ ਉਹ ਜੰਗਲ 'ਚ ਪਹੁੰਚ ਗਿਆ ਹੋਵੇ। ਇਕਦਮ ਅੱਗੇ ਵੱਧ ਕੇ ਰਾਜਾ ਸੁਧੋਦਨ ਨੇ ਛੰਨ ਨੂੰ ਪੁੱਛਿਆ, "ਛੰਨ, ਮੇਰਾ ਲਾਲ ਕਿੱਥੇ ਹੈ?"

ਘੋੜੇ ਤੋਂ ਉਤਰ ਕੇ ਰਾਜ ਕੁਮਾਰ ਦੀ ਕੰਠ ਮਾਲਾ, ਤਲਵਾਰ ਤੇ ਰੇਸ਼ਮੀ ਵਾਲ ਰਾਜਾ ਸ਼ੁਧੋਦਨ ਨੂੰ ਦਿੰਦਿਆਂ ਛੰਨ ਦੀਆਂ ਭੁੱਬਾਂ ਨਿਕਲ ਗਈਆਂ, "ਰਾਜਨ, ਸਾਡਾ ਰਾਜ ਕੁਮਾਰ ਬਣਵਾਸੀ ਹੋ ਗਿਆ।"

ਰਾਜੇ ਨੂੰ ਸੁਣਦਿਆਂ ਗਸ਼ ਪੈ ਗਿਆ। ਮਾਤਾ ਗੌਤਮੀ ਥਾਂਏਂ ਡਿੱਗ ਪਈ। ਯਸ਼ੋਧਰਾ ਸੁੱਧ-ਬੁੱਧ ਹੀ ਗੁਆ ਬੈਠੀ। ਅਹਿਲਕਾਰ, ਸੇਵਕ ਅਤੇ ਸਿਪਾਹੀ ਸਾਰੇ ਹੀ ਹਾਲ ਦੁਹਾਈ ਰੋਣ ਲੱਗੇ। ਸਾਰੇ ਮਹਿਲ ਵਿੱਚ ਮਾਤਮ ਛਾ ਗਿਆ। ਸਾਰਿਆਂ ਦੀ ਅਜ਼ੀਬ ਦਸ਼ਾ- ਨਾ ਕੋਈ ਕਿਸੇ ਨੂੰ ਹੌਂਸਲਾ ਦੇ ਰਿਹਾ ਸੀ, ਨਾ ਕਿਸੇ ਤੋਂ ਰੋਣ ਥੰਮਿਆ ਜਾ ਰਿਹਾ ਸੀ। ਮਾਨੋਂ ਰਾਜ ਕੁਮਾਰ ਸਾਰੇ ਨਗਰ ਨੂੰ ਜੰਗਲ ਵਿੱਚ ਲੈ ਗਿਆ ਹੋਵੇ ਤੇ ਜੰਗਲ ਦੀ ਚੁੱਪ ਨੂੰ ਨਗਰ ਵਿਚ ਛੱਡ ਗਿਆ ਹੋਵੇ। ਉਂਜ ਤਾਂ ਉਵੇਂ ਹੀ ਰਾਤ ਪੈਂਦੀ ਤੇ ਦਿਨ ਚੜ੍ਹਦਾ, ਪਰ ਰਾਜ ਮਹਿਲ ਹਨੇਰਾ ਜਿਹਾ ਹੀ ਪਸਰਿਆ ਰਹਿੰਦਾ!

## ਜਸਵੰਤ ਸਿੰਘ ਨੇਕੀ ਕਾਵਿ ਦਾ...

⇒ *ਪਿਛਲੇ ਸਫੇ ਦੀ ਬਾਕੀ ...*

ਸਾਰੇ ਕਾਰ-ਵਿਹਾਰ ਤੇ ਧੰਦੇ, ਜੀਵਨ ਤੇ ਮੌਤ (ਜੀਵਨ ਮਰਨਾ ਸਭੁ ਤੁਧੇ ਤਾਈਂ), ਉਮਰ ਦੇ ਖਪਤ (ਉਸਪਤ ਮਰਲੋ ਸ਼ਬਦੇ ਹੋਏ, ਸ਼ਬਦੇ ਹੀ ਫਿਰ ਉਤਪਤ ਹੋਵੈ), ਨੇਕੀ ਤੇ ਬਦੀ ਉਸਦੀ ਸੁਤੰਤਰ ਮਰਜ਼ੀ ਤੇ ਮੌਜ ਅਨੁਸਾਰ ਕਾਰਜਸ਼ੀਲ ਹਨ। "ਬ੍ਰਹਿਮੰਡ ਦੇ ਰਹੱਸ ਤੇ ਸੁਹਜਾਂ ਸਬੰਧੀ ਇਸ ਮਤ ਦਾ ਰਵੱਈਆ ਵਿਸ਼ਵਾਸ ਤੇ ਸ਼ਰਧਾ ਵਾਲਾ ਹੈ। ਇਸ ਲਈ ਉਚੇਰੇ ਗਿਆਨ ਦੇ ਦਾਅਵਿਆਂ ਦੀ ਜਾਂ ਸ਼ੰਕਾਵਾਦੀ ਬਿਰਤੀ ਦੀ ਅਹਿਮੀਅਤ ਨਾਲ ਨਿਹਾਰਨ ਦੀ, ਵਾਹਵਾ ਕਰ ਉੱਠਣ ਦੀ ਬਿਰਤੀ ਨੂੰ ਸਲਾਹਿਆ ਗਿਆ ਹੈ... ਸਿੱਖ ਚਿੰਤਨ ਫਿਲਾਸਫਰਾਂ ਵਾਲੀ ਕਿਆਸਅਰਾਈ ਦੀ ਥਾਂ ਕੇਵਲ ਵਿਸ਼ਵਾਸ ਦਾ ਰਵੱਈਆ ਧਾਰਨ ਕਰਦਾ ਹੈ। *16 ਇਸ ਪੱਖ ਤੋਂ ਨੇਕੀ-ਕਾਵਿ ਆਪਣੀ ਅਲੱਗ ਧਾਰਨਾ ਰੱਖਦਾ ਹੈ। ਇੱਕ ਦਾਰਸ਼ਨਿਕ ਤੇ ਵਿਗਿਆਨੀ ਹੋਣ ਕਰਕੇ ਉਹ ਤਰਕ ਅਤੇ ਬੁੱਧੀ-ਵਿਵੇਕ ਨੂੰ ਵੀ ਅਹਿਮੀਅਤ ਦਿੰਦਾ ਹੈ।

ਤਰਕ ਵੀ ਤਾਂ ਰੱਬਾ ਮੇਰੀ ਸੋਹਣੀ ਦਾ ਸੋਚ,
ਕਿਹੜੇ ਭੋਰੇ ਵਿੱਚ ਦੱਸ ਇਹ ਪਾਵਾਂ ਮੈਂ। *17

ਇਸ ਤਰ੍ਹਾਂ ਪ੍ਰਕਿਰਤੀ ਦੀ ਚਲਾਇਮਾਨਤਾ ਤੇ ਵਿਸ਼ਾਲਤਾ ਸਬੰਧੀ ਉਸਦੀ ਦ੍ਰਿਸ਼ਟੀ ਇੱਕ ਸ਼ਰਧਾਵਾਨ ਸਾਧਾਰਨ ਸਿੱਖ ਦੀ ਸ਼ਰਧਾ ਵਾਲੀ ਨਹੀਂ, ਸਗੋਂ ਇੱਕ ਦਾਰਸ਼ਨਿਕ ਤੇ ਵਿਸ਼ਲੇਸ਼ਣੀ ਦ੍ਰਿਸ਼ਟੀ ਅਤੇ ਬੌਧਿਕ ਇਨਸਾਨ ਦੀ ਹੈ। ਖੋਜ ਦੀ ਸਿਖਰ 'ਤੇ ਪੁੱਜਾ ਵਿਗਿਆਨੀ ਜਦੋਂ ਪ੍ਰਕ੍ਰਿਤੀ ਦੇ ਵਿਸ਼ਾਲ ਤੇ ਸੂਖਮ ਭੇਦਾਂ ਨੂੰ ਪੂਰੀ ਤਰ੍ਹਾਂ ਜਾਣ ਸਕਣ ਤੋਂ ਅਸਮਰੱਥ ਹੋ ਜਾਂਦਾ ਹੈ ਤਾਂ ਉਸਦਾ ਵਿਸ਼ਵਾਸ ਸ਼ਰਧਾ ਵਿੱਚ ਤਬਦੀਲ ਹੋ ਕੇ ਕਿਸੇ ਸਿਰਜਣਸ਼ੀਨ ਸ਼ਕਤੀ ਨੂੰ ਮਾਨਤਾ ਦੇ ਦਿੰਦਾ ਹੈ। ਇਸੇ ਲਈ ਉਹ ਆਖਦਾ ਹੈ:

ਖੋਜ 'ਚੋਂ ਬਣਿਆ ਜਿਹੜਾ ਕਾਫ਼ਰ,
ਖੋਜ 'ਚੋਂ ਹੀ ਮੁੜ ਬਣਦਾ ਜਾਪੇ।
ਕਿਸੇ ਨਰੋਈ ਸ਼ਰਧਾ ਵਾਲਾ,
ਮੋਮਨ ਗਹਿਰ-ਗੰਭੀਰ। *18 ਜਾਂ
ਬੀਤ ਰਹੇ ਜੁੱਗ ਚਾਰ, ਅੱਜ ਬੰਦਾ ਮੁੜ ਬਣਦਾ ਜਾਪੇ।
ਰੱਬ ਦਾ ਸਿਰਜਣਹਾਰ। *19

ਉਪਰੋਕਤ ਚਰਚਾ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਜਸਵੰਤ ਸਿੰਘ ਨੇਕੀ ਦੀ ਕਵਿਤਾ ਦੀ ਅਧਿਆਤਮਕ ਤੇ ਰਹੱਸਾਤਮਕ ਸੁਰ ਪ੍ਰਕਿਰਤੀ ਦੀ ਵਿਸ਼ਾਲਤਾ ਦੇ ਸਨਮੁਖ ਵਿਗਿਆਨ ਅਤੇ ਦਰਸ਼ਨ ਦੀ ਅਲਪਤਾ ਤੇ ਬੇਵਸੀ 'ਚੋਂ ਜਨਮ ਧਾਰਦੀ ਹੈ। ਨੇਕੀ ਦੀ ਕਵਿਤਾ ਅਸਤ੍ਰਿਤਵਵਾਦ, ਪ੍ਰਭਾਵਵਾਦ, ਵਿਕਾਸਵਾਦ ਤੇ ਅਧਿਆਤਮਵਾਦ ਆਦਿ ਵਿਚਾਰਧਾਰਾਵਾਂ ਦਾ ਵਿਸ਼ਲੇਸ਼ਣੀ ਜਾਇਜ਼ਾ ਲੈਂਦੀ ਹੋਈ ਅੰਤ ਰਹੱਸ ਵਿੱਚ ਸ਼ਰਧਾ ਤੇ ਵਿਸ਼ਵਾਸ ਦੀ ਮੁਢਲੀ ਬਣ ਜਾਂਦੀ ਹੈ। ਭਾਵੇਂ ਉਸਦੀ ਇਸ ਸ਼ਰਧਾ ਵਿੱਚ ਵੀ ਤਰਕ-ਵਿਤਕਰ ਕਰਨ ਵਾਲੇ ਫਿਲਾਸਫਰ ਵਾਲੀ ਖੋਟ ਅਜੇ ਬਾਕੀ ਹੈ। ਇਹ ਲੌਕਿਕ ਦਵੰਦ ਹੀ ਉਸ ਨੂੰ ਰਹੱਸਵਾਦੀ ਕਵੀ ਦਾ ਦਰਜਾ ਪ੍ਰਦਾਨ ਕਰਦਾ ਹੈ। ਭਾਵੀ ਵੀਰ ਸਿੰਘ ਦੇ ਰਹੱਸ ਤੇ ਪ੍ਰੀਤਮ ਸਿੰਘ ਸਫ਼ੀਰ ਦੇ ਰਹੱਸ ਤੋਂ ਇਹੋ ਤੱਤ ਨੇਕੀ ਨੂੰ ਵੱਖ ਕਰਦਾ ਹੈ। ਨੇਕੀ ਦੀ ਸ਼ਰਧਾ ਉਨ੍ਹਾਂ ਵਾਂਗ ਕਿਸੇ ਅਨਿਨ ਤੋਂ ਨਿਮਾਣੇ ਸਿੱਖ ਵਾਲੀ ਸ਼ਰਧਾ ਨਹੀਂ, ਮਜੱਸ ਤੇ ਵਿਵੇਕਸ਼ੀਲ ਸ਼ਰਧਾ ਹੈ।

**ਹਵਾਲੇ ਤੇ ਟਿੱਪਣੀਆਂ:**

1. ਜਸਵੰਤ ਸਿੰਘ ਨੇਕੀ, ਅਸਲੇ ਤੇ ਉਹਲੇ, ਪੰਨਾ-22
2. ਜਸਵੰਤ ਸਿੰਘ ਨੇਕੀ, ਅਸਲੇ ਤੇ ਉਹਲੇ, ਪੰਨਾ-23
3. ਜਸਵੰਤ ਸਿੰਘ ਨੇਕੀ, ਅਸਲੇ ਤੇ ਉਹਲੇ, ਪੰਨਾ-24
4. ਜਸਵੰਤ ਸਿੰਘ ਨੇਕੀ, ਅਸਲੇ ਤੇ ਉਹਲੇ, ਪੰਨਾ-32-34
5. ਆਦਿ ਗ੍ਰੰਥ ਪੰਨਾ-425
6. ਭਾਈ ਵੀਰ ਸਿੰਘ, ਮੇਰੇ ਸਾਈਆਂ ਜੀਓ, ਪੰਨਾ-52
7. ਜਸਵੰਤ ਸਿੰਘ ਨੇਕੀ, ਨਾ ਇਹ ਗੀਤ ਨ ਬਿਰਹੜਾ ਪੰਨੇ-37, 38
8. ਜਸਵੰਤ ਸਿੰਘ ਨੇਕੀ, ਅਸਲੇ ਤੇ ਉਹਲੇ ਪੰਨਾ-38
9. ਆਦਿ ਗ੍ਰੰਥ ਪੰਨਾ-138
10. ਆਦਿ ਗ੍ਰੰਥ ਪੰਨਾ-428
11. ਆਦਿ ਗ੍ਰੰਥ ਪੰਨਾ-314
12. ਜਸਵੰਤ ਸਿੰਘ ਨੇਕੀ, ਅਸਲੇ ਤੇ ਉਹਲੇ ਪੰਨਾ-40
13. ਜਸਵੰਤ ਸਿੰਘ ਨੇਕੀ, ਗੀਤ ਮੇਰਾ ਸੋਹਿਲਾ ਤੇਰਾ ਪੰਨਾ-46
14. ਜਸਵੰਤ ਸਿੰਘ ਨੇਕੀ, ਅਸਲੇ ਤੇ ਉਹਲੇ ਪੰਨਾ-80
15. ਡਾ. ਵਜ਼ੀਰ ਸਿੰਘ, ਸਿੱਖ ਦਰਸ਼ਨਧਾਰਾ, ਪੰਨਾ-09
16. ਡਾ. ਵਜ਼ੀਰ ਸਿੰਘ, ਸਿੱਖ ਦਰਸ਼ਨਧਾਰਾ, ਪੰਨਾ-09
17. ਜਸਵੰਤ ਸਿੰਘ ਨੇਕੀ, ਨਾ ਇਹ ਗੀਤ ਨਾ ਬਿਰਹੜਾ, ਪੰਨਾ-37
18. ਜਸਵੰਤ ਸਿੰਘ ਨੇਕੀ, ਅਸਲੇ ਤੇ ਉਹਲੇ, ਪੰਨਾ-65
19. ਜਸਵੰਤ ਸਿੰਘ ਨੇਕੀ, ਅਸਲੇ ਤੇ ਉਹਲੇ, ਪੰਨਾ-66

# ਜੜ੍ਹਾਂ

ਕਹਾਣੀ



ਕਿਰਪਾਲ ਕਜ਼ਾਕ

ਜਿੱਥੇ ਕਿਤੇ ਵੀ ਗੱਡੀ ਖੜ੍ਹਦੀ, ਮਾਂ ਹੁੱਭ ਕੇ ਪੁੱਛਦੀ, "ਕਿੱਥੇ ਕੁ ਆ ਗਏ ਪੁੱਤ?" ਤੇ ਮੈਂ ਕੁਝ ਤਲਖ ਹੋ ਕੇ ਸਟੇਸ਼ਨ ਦੱਸ ਦਿੰਦਾ।

ਘਰੋਂ ਤੁਰਦਿਆਂ ਮੈਂ ਬੜੇ ਜ਼ਬਤ ਵਿੱਚ ਸਾਂ, ਪਰ ਮਾਂ ਦੇ ਇੱਕੋ ਗੱਲ ਵਾਰ-ਵਾਰ ਪੁੱਛਣ 'ਤੇ ਮੈਂ ਤਲਖ ਹੋ ਗਿਆ ਸਾਂ। ਥੋੜ੍ਹੀ ਦੇਰ ਪਹਿਲਾਂ ਤਾਂ ਹੱਦ ਹੀ ਹੋ ਗਈ ਸੀ। ਪਿਛਲੇ ਕਿਸੇ ਸਟੇਸ਼ਨ ਤੋਂ ਸਾਹਮਣੀ ਸੀਟ 'ਤੇ ਦੋ ਸ਼ਹਿਰੀ ਜਿਹੀਆਂ ਕੁੜੀਆਂ ਆ ਬੈਠੀਆਂ ਤਾਂ ਮੈਂ ਕੁਝ ਰਾਹਤ ਜਿਹੀ ਮਹਿਸੂਸ ਕੀਤੀ ਸੀ, ਪਰ ਕੁੜੀਆਂ ਜਦੋਂ ਬਿਨਾਂ ਰੁਕੇ ਗੱਲਾਂ ਦਾ ਅੰਗਰੇਜ਼ੀ ਵਿੱਚ ਕਚੀਰਾ ਹੀ ਕਰਨ ਲੱਗੀਆਂ ਤਾਂ ਮਾਂ ਸੁੰਗੜ ਕੇ ਬੈਠ ਗਈ ਸੀ। ਫਿਰ ਹੌਲੇ ਜਿਹੇ ਬੋਲੀ ਸੀ, "ਪੁੱਤ ਤੇਰੀ ਬਹੂ ਦੇ ਮੁਲਖ ਦੀਐਂ?"

ਸੁਣਦਿਆਂ ਮੇਰੇ ਅੰਦਰੋਂ ਕੁਝ ਕੜੱਕ ਕਰਕੇ ਟੁੱਟਿਆ। ਸਾਹਾਂ 'ਚ ਧੂੰਆਂ ਜਿਹਾ ਫੈਲ ਗਿਆ ਤੇ ਮੈਂ ਇੱਕ ਤਰ੍ਹਾਂ ਬੁਝ ਜਿਹਾ ਗਿਆ, ਪਰ ਇਸ ਤੋਂ ਪਹਿਲਾਂ ਕਿ ਕੁਝ ਹੋਰ ਵਾਪਰਦਾ, ਮੈਂ ਮਾਂ ਨੂੰ ਨੀਂਦਰ ਦੀ ਗੋਲੀ ਦੇ ਕੇ, ਦੁਆਲੇ ਲੀੜਾ ਘੁੱਟ ਦਿੱਤਾ। ਉਂਜ ਮੈਂ ਜਾਣਦਾ ਸਾਂ, ਇਸ ਗੋਲੀ ਦਾ ਕੋਈ ਅਸਰ ਨਹੀਂ ਸੀ ਹੋਣਾ, ਪਰ ਮਾਂ ਇਉਂ ਪਾਸਾ ਵੱਟ ਕੇ ਪੈ ਗਈ ਜਿਵੇਂ ਸੱਚਮੁਚ ਸੌਂ ਗਈ ਹੋਵੇ।

ਪਿਛਲੇ ਕੁਝ ਵਰ੍ਹਿਆਂ ਤੋਂ ਇੰਜ ਹੀ ਹੁੰਦਾ ਸੀ। ਅਸੀਂ ਮੀਆਂ-ਬੀਵੀ ਚਾਹੁੰਦੇ ਤਾਂ ਮਾਂ ਜਾਗਦਿਆਂ ਵੀ ਸੌਂ ਜਾਂਦੀ, ਨਾ ਚਾਹੁੰਦੇ ਤਾਂ ਉਹ ਸੁੱਤੇ ਪਿਆਂ ਵੀ ਜਾਗਦੀ ਰਹਿੰਦੀ। ਮਾਂ ਦੇ ਇਸ ਬਦਲੇ ਹੋਏ ਰਵੱਈਏ ਨੇ ਜਿਥੇ ਮੇਰੀ ਪਤਨੀ ਸ਼ੈਲੀ ਨੂੰ ਖੁਸ਼ ਕੀਤਾ ਸੀ, ਉਥੇ ਮੈਨੂੰ ਉਦਾਸ ਅਤੇ ਪ੍ਰੇਸ਼ਾਨ ਕਰ ਦਿੱਤਾ ਸੀ। ਸ਼ਾਇਦ ਇਹੋ ਕਾਰਨ ਸੀ ਕਿ ਕੁਝ ਮਹੀਨੇ ਪਹਿਲਾਂ ਹੀ ਮਾਂ ਨੂੰ ਚਾਈਂ-ਚਾਈਂ ਪਿੰਡੋਂ ਸ਼ਹਿਰ ਲੈ ਕੇ ਆਉਣ ਵਾਲਾ ਮੈਂ, ਅੱਜ ਭਰੇ ਹੋਏ ਮਨ ਨਾਲ ਪਿੰਡ ਪਰਤ ਰਿਹਾ ਸਾਂ।

ਮਾਂ ਦੀ ਇਹ ਹਲੀਮੀ ਮੇਰਾ ਗੱਚ ਭਰ ਦਿੰਦੀ। ਹੁਣ ਵੀ ਮੇਰਾ ਮਨ ਭਰ ਆਇਆ ਸੀ। ਮਾਂ ਭਾਵੇਂ ਦੂਜੇ ਪਾਸੇ ਮੂੰਹ ਕਰਕੇ ਪੈ ਗਈ ਸੀ, ਪਰ ਮੈਨੂੰ ਲੱਗਾ, ਉਹ ਮੈਨੂੰ ਵੇਖ ਰਹੀ ਸੀ। ਇੱਕਾ ਇੱਕ ਮੇਰਾ ਗੱਚ ਭਰ ਆਇਆ ਤੇ ਮੈਂ ਐਨਕ ਸਾਫ ਕਰਨ ਦੇ ਪੱਜ ਅੱਖਾਂ ਦੀ ਨਮੀ ਸੋਖ ਲਈ। ਮਾਂ ਪ੍ਰਤੀ ਮੇਰਾ ਇਹ ਲਗਾਓ ਵੇਖ, ਸ਼ੈਲੀ ਮੱਚਣ ਲੱਗਦੀ। "ਮਾਂ ਲਈ ਤਾਂ ਬੁੱਕ-ਬੁੱਕ ਅੱਥਰੂ ਡੁੱਲਦੇ ਐ...ਮੇਰੇ ਲਈ ਹਉਕਾ ਵੀ ਮੁੱਲ ਦਾ!"

ਉਹ ਚੀਕ ਕੇ ਗੱਲ ਸ਼ੁਰੂ ਕਰਦੀ ਤੇ ਛੇਤੀ ਹੀ ਛੱਤਣੀ ਜਾ ਚੜ੍ਹਦੀ।

ਕਦੀ-ਕਦਾਈਂ ਮੈਨੂੰ ਸ਼ੈਲੀ ਦਾ ਇਹ ਗਿਲਾ ਜਾਇਜ਼ ਵੀ ਲੱਗਦਾ। ਮੈਂ ਮਹਿਸੂਸ ਕਰਦਾ, ਮਾਂ ਪ੍ਰਤੀ ਮੇਰਾ ਇਹ ਮੋਹ ਇੱਕ ਹੱਦ ਦੀ ਮੰਗ ਕਰਦਾ ਸੀ, ਪਰ ਸ਼ੈਲੀ ਜਦੋਂ ਇਸ ਮੋਹ ਦੀ ਹੱਦ ਨੂੰ ਦੌਲਤ ਦੀ ਦ੍ਰਿਸ਼ਟੀ ਤੋਂ ਦੇਖਣ ਲੱਗਦੀ ਤਾਂ ਮੈਨੂੰ ਉਹਦੇ ਸੰਸਕਾਰਾਂ 'ਤੇ ਤਰਸ ਆਉਂਦਾ, ਜਿਨ੍ਹਾਂ ਵਿੱਚ ਉਹ ਜੰਮੀ ਪਲੀ ਸੀ, ਪਰ ਕੋਈ ਉਸ 'ਤੇ ਤਰਸ ਕਰੇ, ਇਹ ਉਹਦੇ ਲਈ ਮਰ ਜਾਣ ਵਾਲੀ ਗੱਲ ਸੀ। ਅਬਾ-ਤਬਾ ਬੋਲਦਿਆਂ ਘਰ ਸਿਰ 'ਤੇ ਚੁੱਕ ਲੈਂਦੀ। ਪਹਿਲਾਂ-ਪਹਿਲ ਮੈਂ ਸੋਚਦਾ, ਸ਼ਾਇਦ ਸ਼ੈਲੀ ਦਾ ਗੁੱਸਾ ਹੀ ਮੇਰੇ ਵੱਸ ਵਿੱਚ ਨਹੀਂ ਸੀ, ਪਰ ਜਦੋਂ ਸਾਡੇ ਦੋਹਾਂ ਵਿਚਾਲੇ ਨਿੱਕੀ-ਨਿੱਕੀ ਗੱਲ 'ਤੇ ਵਧਦਾ ਤਣਾਓ ਮਾਂ ਨੂੰ ਵੀ ਵਿਚੇ ਲਪੇਟ ਲੈਂਦਾ ਤਾਂ ਮੈਨੂੰ ਲੱਗਦਾ, ਹੋਰ ਵੀ ਬਹੁਤ ਕੁਝ ਸੀ, ਜੋ ਮੇਰੇ ਵੱਸ ਵਿੱਚ ਨਹੀਂ ਸੀ।

ਵੱਸ ਵਿੱਚ ਹੁੰਦਾ ਤਾਂ ਮੈਂ ਸ਼ੈਲੀ ਨਾਲ ਵਿਆਹ ਹੀ ਕਿਉਂ ਕਰਵਾਉਂਦਾ! ਚਲੋ ਵਿਆਹ ਕਰਵਾ ਲਿਆ ਤਾਂ ਉਹਦੇ ਅਮੀਰ ਪਿਓ ਵਲੋਂ ਖੈਰਾਤ ਵਜੋਂ ਮਿਲੀ ਨੌਕਰੀ ਹੀ ਨਾ ਸਵੀਕਾਰ ਕਰਦਾ। ਇਸ ਗੱਲ ਦੇ ਬਾਵਜੂਦ ਕਿ ਮਾਂ ਨੇ ਸਿਰੋਂ ਨੰਗੀ ਹੋਣ 'ਤੇ ਵੀ ਮੇਰੀ ਹਰ ਇੱਛਾ ਦਾ ਨੰਗ ਢਕਿਆ ਸੀ। ਭੁੱਖੀ-ਤਿਹਾਈ ਰਹਿ ਕੇ ਵੀ ਮੇਰੀ ਪੋਟ ਵਿੱਚ ਚਾਰ ਡਿਗਰੀਆਂ ਦਾ ਚੋਗਾ ਘੱਤਿਆ ਸੀ, ਤੇ ਇੱਕ ਮੈਂ ਸਾਂ ਜਿਸ ਮਜਬੂਰੀਆਂ ਦਾ ਵਾਸਤਾ ਪਾ ਕੇ ਪਹਿਲਾਂ ਅਮੀਰ ਨਾਲ ਵਿਆਹ ਕਰਵਾ ਲਿਆ ਤੇ ਫਿਰ 'ਜਿਥੇ ਦਾਣਾ ਪਾਣੀ ਲਿਖਿਐ' ਦੀ ਓਟ ਲੈ ਕੇ ਸ਼ਹਿਰ ਨੌਕਰੀ ਕਰਨ ਤੁਰ ਆਇਆ; ਸਿਰਫ ਸ਼ੈਲੀ ਦੀ ਇੱਛਾ ਕਰਕੇ ਹੀ, ਕਿਉਂਕਿ ਉਸ ਕਿਹਾ ਸੀ।

"ਉਸ ਦੀਆਂ ਜੜ੍ਹਾਂ ਫੈਲਣ ਲਈ ਪਿੰਡ ਦੀ ਮਿੱਟੀ ਕਾਫੀ ਨਹੀਂ ਸੀ ਤੇ ਫਿਰ ਪਿੰਡ ਦੇ ਨੀਵੇਂ ਅਤੇ ਕੱਚੇ ਬਨੇਰਿਆਂ ਤੋਂ ਕਿਸੇ ਵੱਡੀ ਉਡਾਣ ਲਈ ਕਿਵੇਂ ਪਰਵਾਜ਼ ਭਰੀ ਜਾ ਸਕਦੀ ਸੀ।"

ਪਰ ਮੈਂ ਸੋਚਦਾ, ਮਾਂ ਦੀ ਇੱਛਾ ਕਿੱਥੇ ਸੀ? ਜਿਹੜੀ ਮੇਰੇ ਜਵਾਨ ਹੋਣ ਤੱਕ ਇੱਕੋ ਗੱਲ ਦੁਹਰਾਉਂਦੀ ਰਹੀ।

"ਅਫਸਰ ਬਣੂ ਮੇਰਾ ਪੁੱਤ! ਰਾਜ ਕਰਾਊ ਮਾਂ ਨੂੰ...ਆਖਰ ਬੰਦੇ ਦੀ ਅੰਸ ਐ...ਜੇ ਮਾਂ ਦੀ ਆਂਦਰ ਠੰਢੀ ਕਰੂ, ਤਾਂ ਹੀ ਪਿਓ ਦਾ ਸਿਵਾ ਠੰਢਾ ਹੋਊ...ਮਾੜੀ ਔਲਾਦ ਤਾਂ ਕਹਿੰਦੇ ਬੰਦੇ ਦੀ ਗਤੀ ਨੀਂ ਹੋਣ ਦਿੰਦੀ।"

ਮੈਂ ਤੜਪ ਕੇ ਸੋਚਦਾ, ਮਾਂ ਕਦੇ ਇਸ ਗੱਲ ਨੂੰ ਹੁਣ ਕਿਉਂ ਨਹੀਂ ਸੀ ਦੁਹਰਾਉਂਦੀ।

ਇੱਕ ਦਿਨ ਮੈਂ ਖਿਝ ਕੇ ਕਿਹਾ, "ਮਾਂ ਮੈਂ ਪੜ੍ਹ ਲਿਖ ਗਿਆਂ, ਵਿਆਹਿਆ ਵਰ੍ਹਿਆਂ, ਸ਼ਹਿਰ ਨੌਕਰੀ ਕਰਦਾਂ, ਹੁਣ ਤਾਂ ਆਪਣੇ ਪੁੱਤ ਨੂੰ ਅਫਸਰ ਸਮਝ ਲੈ।"

"ਖਰਾ ਪੁੱਤ! ਜਮ ਜਮ ਸਮਝੂੰ...ਪਰ ਉਦੋਂ ਪੁੱਤ, ਜਿਦੇ ਤੈਨੂੰ ਪਿੰਡ ਨਿਓਂ ਨਿਓਂ ਸਲਾਮਾਂ ਕਰੂ...ਪਰ ਪੁੱਤ! ਤੈਂ ਤਾਂ ਜੜ੍ਹਾਂ ਈ ਕਿਧਰੇ ਹੋਰ ਜਾ ਲਾਈਆਂ, ਫਿਰ ਪੁੱਤ! ਮਾਂ ਪੇ ਲਈ ਤਾਂ ਧੀਆਂ ਪੁੱਤ ਜੰਮਦੇ ਈ ਅਫਸਰ ਹੁੰਦੇ ਐ।" ਤੇ ਮਾਂ ਨਾ ਚਾਹੁੰਦੇ ਵੀ ਮੂੰਹ ਢਕ ਕੇ ਰੋਣ ਲੱਗ ਪਈ ਸੀ।

ਪਰ ਮੈਥੋਂ ਤਾਂ ਮਾਂ ਲਈ ਰੋਣਾ ਛੱਡ, ਹਉਕਾ ਵੀ ਨਹੀਂ ਸੀ ਸਰਿਆ। ਉਂਜ ਮੇਰੇ ਹਉਕਿਆਂ ਨੇ ਮਾਂ ਦਾ ਸੁਆਰਨਾ ਵੀ ਕੀ ਸੀ? ਮਾਂ ਕੋਲ ਤਾਂ ਪਹਿਲਾਂ ਹੀ ਹਉਕੇ ਬਹੁਤ ਸਨ। ਕਦੇ ਮੈਂ ਸੋਚਦਾ, ਪਿਤਾ ਦੀ ਮੌਤ ਅਤੇ ਮੇਰੇ ਸ਼ਹਿਰ ਚਲੇ ਆਉਣ ਪਿਛੋਂ, ਮਾਂ ਕੋਲ ਹਉਕੇ ਹੀ ਤਾਂ ਸਨ। ਨਹੀਂ ਉਮਰ ਦੀ ਨਿਸ਼ਠਾ ਦਾ ਉਹਨੂੰ ਕੀ ਮਿਲਿਆ? ਵਰ੍ਹੇ ਛਮਾਹੀ ਲੈ ਕੇ ਦਿੱਤੇ ਚਾਰ ਲੀੜੇ? ਫੋਕੇ ਦਿਲਾਸੇ? ਜਾਂ ਮੇਰੇ ਤੇ ਸ਼ੈਲੀ ਵਿਚਾਲੇ ਨਿੱਤ ਵਧਦਾ ਜ਼ਹਿਰ...?

ਇਹ ਜ਼ਹਿਰ ਸ਼ਾਇਦ ਵਧਦਾ ਹੀ ਚਲਾ ਜਾਂਦਾ, ਜੇ ਸ਼ੈਲੀ ਨੂੰ ਅਚਾਨਕ ਮਾਂ ਦੀ ਲੋੜ ਨਾ ਪੈਂਦੀ। ਸੁਣ ਕੇ ਮੈਂ ਹੈਰਾਨ ਹੋਇਆ। ਮਾਂ ਤਾਂ ਸ਼ੈਲੀ ਨੂੰ ਫੁੱਟੀ ਅੱਖ ਨਹੀਂ ਸੀ ਭਾਉਂਦੀ, ਫਿਰ ਇਹ ਚਾਹਤ ਕੈਸੀ? ਪਿਛੋਂ ਪਤਾ ਲੱਗਾ, ਸ਼ੈਲੀ ਖੁਦ ਮਾਂ ਬਣਨ ਵਾਲੀ ਸੀ। ਮੈਨੂੰ ਹੈਰਾਨੀ ਅਤੇ ਖੁਸ਼ੀ ਹੋਈ। ਹੈਰਾਨੀ ਇਸ ਗੱਲ ਦੀ ਕਿ ਸ਼ੈਲੀ ਬੱਚਾ ਜੰਮਣ ਨੂੰ ਫਾਲਤੂ ਦਾ ਝੰਜਟ ਸਮਝਦੀ ਸੀ। ਉਹ ਕਹਿੰਦੀ, "ਇਹ ਕਿੱਧਰ ਦਾ ਇਨਸਾਫ ਹੈ ਕਿ ਬੱਚਾ ਮਾਂ ਜੰਮੇ ਤੇ ਪੀੜ੍ਹੀ ਪਿਓ ਦੀ ਤੁਰੇ...। ਉਤੋਂ ਫਿੱਗਰ ਦਾ ਨਾਸ।" ਖੁਸ਼ੀ ਇਸ ਗੱਲ ਦੀ ਕਿ ਇੱਕ ਦਿਨ ਕਹਿਣ ਲੱਗੀ, "ਕੁਝ ਵੀ ਐ...ਤੀਵੀਂ ਦੀਆਂ ਜੜ੍ਹਾਂ ਲੱਗਣ ਲਈ ਮਾਂ ਬਣਨਾ ਜ਼ਰੂਰੀ ਐ।"

ਮੈਂ ਸ਼ੈਲੀ ਦੇ ਇਸ ਅਚਾਨਕ ਬਦਲਾਓ 'ਤੇ ਬਹਿਸ ਕਰਨੀ ਚਾਹੁੰਦਾ ਸਾਂ, ਪਰ ਇਹ ਸੋਚ ਕੇ ਚੁੱਪ ਕਰ ਗਿਆ ਕਿ ਕੀ ਪਤਾ ਇਸ ਬੱਚੇ ਦੀ ਆਮਦ ਹੀ ਮੇਰੇ, ਸ਼ੈਲੀ ਅਤੇ ਮਾਂ ਵਿਚਾਲੇ ਕੋਈ ਚੌਥੀ ਕੋਨ ਸਿਰਜ ਕੇ ਕਿਸੇ ਮੋਹ ਦੀ ਜੜ੍ਹ ਲਾ ਦੇਵੇ!



ਪਰ ਹੋਇਆ ਇਸ ਤੋਂ ਬਿਲਕੁਲ ਉਲਟ। ਓਧਰ ਸ਼ੈਲੀ ਦੀ ਕੁੱਖ ਵਿੱਚ ਚਾਨਣ ਦਾ ਬੀਜ ਪੁੰਗਰਿਆ, ਇਧਰ ਪਿੰਡ ਵਿੱਚੋਂ ਮਾਂ ਦੀਆਂ ਜੜ੍ਹਾਂ ਹੀ ਖੱਗੀਆਂ ਗਈਆਂ।

"ਦੇਖੋ! ਬੱਚਾ ਚਾਹੀਦੈ ਤਾਂ ਪਿੰਡੋਂ ਮਾਂ ਨੂੰ ਲੈ ਕੇ ਆਓ...ਜਾਂ ਨੌਕਰ ਰੱਖ ਕੇ ਦਿਓ।"

ਤੀਜੇ ਮਹੀਨੇ ਦੀ ਗਰਭਵਤੀ ਸ਼ੈਲੀ ਨੇ ਇੱਕ ਤਰ੍ਹਾਂ ਲੀਕ ਖਿੱਚ ਦਿੱਤੀ।

ਨੌਕਰ ਰੱਖਣ ਦਾ ਮਤਲਬ ਸੀ, ਉਹਦੇ ਅਮੀਰ ਪਿਓ ਦੇ ਹੋਰ ਹਠਾਰੂ ਹੋਣਾ। ਰਹੀ ਮਾਂ? ਮਾਂ ਦਾ ਕੀ ਸੀ?...ਫਿਰ ਮਾਂ ਦਾ ਤਾਂ ਫਰਜ਼ ਵੀ ਬਣਦਾ ਸੀ। ਮੈਂ ਆਪਣੇ ਆਪ ਨੂੰ ਦਲੀਲ ਦਿੱਤੀ ਅਤੇ ਬਿਨਾਂ ਪਾਂਧਾ ਪੁੱਛੇ ਮੂਹਰੇ ਜਾ ਖੜ੍ਹਿਆ। ਮੈਂ ਝਕਦੇ ਜਿਹੇ ਸ਼ਹਿਰ ਜਾਣ ਦੀ ਗੱਲ ਤੋਰੀ ਤਾਂ ਮਾਂ ਪੈਰੋਂ ਹੀ ਮੱਚ ਉਠੀ, ਪਰ ਜਿਉਂ ਹੀ ਉਹਨੇ ਸ਼ੈਲੀ ਦੇ ਮਾਂ ਬਣਨ ਬਾਰੇ ਸੁਣਿਆ, ਬਿਨਾਂ ਕੋਈ ਉਜ਼ਰ ਕੀਤੇ, ਆਪਣੇ ਲੀੜਿਆਂ ਦੀ ਨਿੱਕੀ ਜਿਹੀ ਬੁਚਕੀ ਚੁੱਕ ਦਰਾਂ ਤੋਂ ਬਾਹਰ ਜਾ ਖੜ੍ਹੀ। ਉਤੋਂ ਗੁੱਸੇ ਹੋਈ ਕਿ ਜੇ ਇਹ ਗੱਲ ਸੀ ਤਾਂ ਮੈਨੂੰ ਪਹਿਲਾਂ ਕਿਉਂ ਨਾ ਦੱਸਿਆ।

ਫਿਰ ਅੱਖਾਂ ਭਰਦਿਆਂ ਕਹਿਣ ਲੱਗੀ, "ਨਾਲੇ ਪੁੱਤ ਜਿਸ ਰੁੱਖ ਦਾ ਪਰਿਵਾਰ ਹਰਿਆ ਭਰਿਐ, ਉਸੇ ਦੀਆਂ ਜੜ੍ਹਾਂ ਦਾ ਮੁੱਲ ਐ...ਫਿਰ ਥੋਡੇ ਬਿਨਾਂ ਮੇਰਾ ਪਿੰਡ 'ਚ ਕੀ ਐ?" ਇੱਕ ਪਲ ਮੈਨੂੰ ਲੱਗਾ, ਮਾਂ ਠੀਕ ਕਹਿ ਰਹੀ ਸੀ, ਕਿਉਂਕਿ ਉਸ ਦਿਨ ਤੋਂ ਬਾਅਦ ਜਿਸ ਬੇਪ੍ਰਵਾਹੀ ਨਾਲ ਮਾਂ ਨੇ ਪਿੰਡ ਵੱਲ ਪਿੱਠ ਕੀਤੀ ਸੀ, ਉਹ ਸੱਚਮੁਚ ਹੈਰਾਨ ਕਰਨ ਵਾਲੀ ਸੀ।

ਸ਼ਹਿਰ ਆ ਕੇ ਤਾਂ ਮਾਂ ਨੇ ਸਾਨੂੰ ਹੋਰ ਵੀ ਹੈਰਾਨ ਕਰ ਦਿੱਤਾ। ਨਾ ਕੋਈ ਸ਼ਿਕਵਾ, ਨਾ ਸ਼ਿਕਾਇਤ...ਨਾ ਕੋਈ ਉਜਰ, ਨਾ ਉਜਰਤ। ਪਤਾ ਨਹੀਂ ਕਿਉਂ, ਮਾਂ ਦਾ ਇਉਂ ਸਿਰਫ ਸ਼ੈਲੀ ਦੀ ਇੱਛਾ ਲਈ ਬਦਲ ਜਾਣਾ ਮੈਨੂੰ ਬੁਰਾ ਲੱਗਾ।

ਸ਼ੈਲੀ ਲਈ ਇਹ ਜਿੱਤ ਦੀ ਘੜੀ ਸੀ। ਉਹਨੇ ਇਹ ਜਿੱਤ ਜਾਹਰ ਵੀ ਕੀਤੀ। ਇੱਕ ਦਿਨ ਕਿਸੇ ਬਾਗਬਾਨੀ ਨਰਸਰੀ ਤੋਂ 3-4 ਗਮਲੇ ਖਰੀਦ ਲਿਆਈ। ਵਿੱਚ ਬੋਹੜ, ਪਿੱਪਲ ਤੇ ਜੰਡ ਉਗੇ ਹੋਏ। ਹੂਬਹੂ ਸ਼ਕਲ ਪਰ ਆਕਾਰ 'ਚ ਸਿਰਫ 2-3 ਗਿੱਠਾਂ ਉਚੇ। ਕਹਿਣ ਲੱਗੀ, "ਦੇਖਿਆ, ਤੂੰ ਕਹਿੰਦਾ ਸੀ ਜੜ੍ਹਾਂ ਹੁੰਦੀਐਂ ਬੰਦੇ ਦੀਆਂ। ਜੇ ਬੋਹੜ, ਪਿੱਪਲ ਗਮਲਿਆਂ ਵਿੱਚ ਉਗ ਸਕਦੇ ਐ, ਤਾਂ ਬੰਦੇ ਦਾ ਕੀ ਐ?" ਉਹਨੇ ਮੇਰੀ ਮਾਂ 'ਚੋਂ ਗੱਲ ਕੱਢੀ।

ਉਤਰ ਵਿੱਚ ਮੈਂ ਜੜ੍ਹਾਂ ਕੁਤਰ ਕੇ ਬੌਣਾਂ ਕਰ ਦੇਣ ਦੀ ਤਕਨੀਕ ਬਾਰੇ ਚੀਕਣਾ ਚਾਹੁੰਦਾ ਸਾਂ, ਪਰ ਚੁੱਪ ਰਿਹਾ ਅਤੇ ਸ਼ੈਲੀ ਦੀ ਸਾਰੀ ਉਗਲੀ ਹੋਈ ਜ਼ਹਿਰ ਵਿਚੇ ਵਿੱਚ ਹੀ ਪੀ ਲਈ।

ਪਰ ਮਾਂ ਨੇ ਤਾਂ ਜਿਵੇਂ ਬਿਨਾਂ ਕਹੇ ਹੀ ਸਭ ਕੁਝ ਸੁਣ ਲਿਆ ਅਤੇ ਦੇਖਦਿਆਂ ਦੇਖਦਿਆਂ ਦੁਨੀਆਂ ਦੀ ਹਰ ਤਕਨੀਕ ਨੂੰ ਹੀ ਮਾਤ ਪਾ ਦਿੱਤੀ। ਆਪਣੀਆਂ ਜੜ੍ਹਾਂ ਆਪ ਹੀ ਕੁਤਰ ਕੇ ਉਹਨੇ ਸ਼ੈਲੀ ਦੀ ਹਰ ਹਮਕੀ ਤੁਮਕੀ ਜਰਨੀ ਸਿੱਖ ਲਈ। ਸ਼ੈਲੀ ਨੂੰ ਪੁਚ ਪੁਚ ਕਰਦੇ ਉਹਦਾ ਮੂੰਹ ਨਾ ਥੱਕਦਾ। ਸਬਜ਼ੀ-ਭਾਜੀ ਦਾ ਭਾਅ ਤੈਅ ਕਰਨਾ ਅਤੇ ਸੜਕ ਪਾਰ ਕਰਨਾ ਤਾਂ ਮਾਂ ਲਈ ਆਮ ਗੱਲ ਹੋ ਗਈ। ਇੱਥੋਂ ਤੱਕ ਕਿ ਘਰ ਦੇ ਕੰਮਾਂ ਵਿੱਚ ਗਲ ਗਲ ਡੁੱਬੀ ਉਹ ਹਰ ਆਏ-ਗਏ ਨੂੰ ਨੌਕਰਾਣੀ ਦਿਸਣ ਵਿੱਚ ਵੀ ਮਾਹਰ ਹੋ ਗਈ ਸੀ।

ਮੈਂ ਮਨ ਹੀ ਮਨ ਸ਼ੁਕਰ ਕੀਤਾ ਕਿ ਮਾਂ ਸ਼ਹਿਰ ਵਿੱਚ ਜੜ੍ਹਾਂ ਲਾ ਰਹੀ ਸੀ। ਮੈਂ ਸੁਖਣਾ ਸੁੱਖੀ। ਸ਼ੈਲੀ ਨੇ ਸੁਖ ਦਾ ਸਾਹ ਲਿਆ ਤੇ ਕਿਸੇ ਜਿੱਤ ਦੀ ਖੁਸ਼ੀ ਵਿੱਚ ਛੇਵੇਂ ਮਹੀਨੇ ਹੀ ਮੰਜਾ ਮੱਲ ਕੇ ਬੈਠ ਗਈ। ਆਖਰ ਮਾਂ ਪਿੰਡ ਲਈ ਕਿੰਨਾ ਕੁ ਤੜਪ ਸਕਦੀ ਸੀ। ਅਸਾਂ ਦੋਹਾਂ ਨੇ ਸੋਚਿਆ।

ਪਰ ਇੱਕ ਦਿਨ ਸਭ ਕੁਝ ਤਹਿਸ-ਨਹਿਸ ਹੋ ਗਿਆ...।

ਗਈ ਰਾਤ 237 ਵਾਲਿਆਂ ਦੇ ਘਰੋਂ ਉਚੀ ਲੇਰ ਸੁਣੀ। ਮਾਂ ਤਾਂ ਜਿਵੇਂ ਹਵਾ ਵਿੱਚੋਂ ਵੀ ਖੁਸ਼ੀ-ਗਮੀ ਸੁੰਘ ਲੈਂਦੀ ਸੀ। ਫਿਰ ਉਤੋਂ ਰਾਤ ਦਾ ਸੰਨਾਟਾ ਅਤੇ ਦਿਲ ਵਿੰਨ੍ਹਵੀਂ ਲੇਰ...। ਮਾਂ ਧਾਹ ਕੇ ਦੂਜੇ ਬਲਾਕ ਵੱਲ ਦੌੜੀ। ਮੈਂ ਵੀ ਜਾਣ ਲੱਗਾ ਤਾਂ ਸ਼ੈਲੀ ਤਰਲਾ ਲਿਆ, "ਕੀ ਕਰਦੇ ਓ...ਐਵੇਂ ਜਾ ਕੇ ਫਸ ਜੋਂ ਗੇ।"

ਅੱਗੇ ਗਏ ਤਾਂ ਸੱਥਰ ਵਿਛਿਆ ਪਿਆ ਸੀ। ਪਤਾ ਲੱਗਾ, ਦੀਨ ਦਿਆਲ ਨਹੀਂ ਸੀ ਰਿਹਾ। "ਹਾਏ ਬੇ ਬੀਰ! ਉਹ ਤਾਂ ਬਾਹਲਾ ਚੰਗਾ ਸੀ।" ਮਾਂ ਦੇ ਕਾਲਜੇ ਜਿਵੇਂ ਡੂੰਘੀ ਪੀੜ ਹੋਈ।

ਮੈਨੂੰ ਯਾਦ ਆਇਆ, ਦੀਨ ਦਿਆਲ ਵੀ ਆਪਣੇ ਬੱਚਿਆਂ ਲਈ ਪਿੰਡੋਂ ਸ਼ਹਿਰ ਆਇਆ ਹੋਇਆ ਸੀ। ਸਬਜ਼ੀ ਭਾਜੀ ਖਰੀਦਦਿਆਂ, ਬੱਚੇ ਖਿਡਾਉਂਦਿਆਂ ਜਾਂ ਕੁੱਤੇ ਨੂੰ ਫੇਰੀ ਲਵਾਉਂਦਿਆਂ ਮਾਂ ਨੂੰ ਮਿਲਦਾ ਤਾਂ ਦੁਖ-ਸੁਖ ਫੋਲਦਾ। ਉਹਨੂੰ ਸਭ ਤੋਂ ਵੱਡਾ ਝੋਰਾ ਸੀ ਕਿ ਉਹਦੇ ਦੋਹਾਂ ਪੁੱਤਾਂ ਨੇ ਜਿਉਂਦੇ ਜੀ ਘਰ ਬਾਰ ਵੀ ਵੰਡ ਲਿਆ ਅਤੇ ਇੱਕ ਨੇ ਮਾਂ, ਦੂਜੇ ਨੇ ਪਿਓ ਲੈ ਲਿਆ। ਦੋਵੇਂ ਪੁੱਤ ਵੱਖੋ ਵੱਖ ਸ਼ਹਿਰਾਂ ਵਿੱਚ ਸਨ, ਪਰ ਵਿਚਾਰਾ ਦੀਨ ਦਿਆਲ ਸ਼ਹਿਰ ਵਿੱਚ ਜੜ੍ਹਾਂ ਫੜਨ ਤੋਂ ਪਹਿਲਾਂ ਹੀ ਤੁਰਦਾ ਬਣਿਆ। ਇੱਕ ਪਲ ਮੈਂ ਮਾਂ ਬਾਰੇ ਸੋਚ ਅੰਦਰੇ-ਅੰਦਰ ਕੰਬ ਗਿਆ।

ਮਾਂ ਰੋਣ ਵਰਗੇ ਬੋਲਾਂ ਨਾਲ ਅਫਸੋਸ ਕਰਨ ਲੱਗੀ ਤਾਂ ਕਿਸੇ ਟੋਕਿਆ, "ਬਸ ਮਾਂ ਜੀ, ਰੋਣਾ ਨਹੀਂ।" ਮਾਂ ਚੁੱਪ ਕਰ ਗਈ। ਪਤਾ ਲੱਗਾ, ਘਰ ਵਿੱਚ ਬੱਚਿਆਂ ਦੇ ਪੇਪਰਾਂ ਦੀ ਤਿਆਰੀ ਚੱਲ ਰਹੀ ਸੀ। ਮਾਂ ਇੱਕ ਕੋਨੇ ਵਿੱਚ ਮੂੰਹ ਦੇ ਕੇ ਸਿਸਕੀਆਂ ਭਰਦੀ ਰੋਣ ਲੱਗੀ। ਮਾਂ ਨੂੰ ਦੇਖ ਇੱਕ ਦੋ ਆਈਆਂ ਗੁਆਂਢਣਾਂ ਵੀ ਰੋਣ ਲੱਗੀਆਂ।

"ਦੇਖੋ ਜੀ! ਜੇ ਇੱਥੇ ਰੋਣ-ਧੋਣ ਦਾ ਹੀ ਪ੍ਰੋਗਰਾਮ ਚੱਲਣੈ ਤਾਂ ਮੈਂ ਬੱਚੇ ਕਿਸੇ ਹੋਰ ਘਰ ਭੇਜ ਦਿੰਨਾਂ।" ਦੀਨ ਦਿਆਲ ਦਾ ਪੁੱਤ ਸਖਤੀ ਨਾਲ ਬੋਲਿਆ।

ਮਾਂ ਇੱਕਦਮ ਚੁੱਪ ਕਰ ਗਈ।

"ਚਲੋ ਭਾਈ! ਮਰਨਾ ਕੀਹਨੇ ਨਹੀਂ, ਜੱਗ ਚੱਲਦੀ ਸਰਾਂ ਐ... ਪਰ ਇਸ ਪਰਿਵਾਰ ਨਾਲ ਤਾਂ ਬੁਰੀ ਹੋਈ। ਤੁਸੀਂ ਸੋਚੋ, ਪਿੰਡੋਂ ਬਜ਼ੁਰਗ ਨੂੰ ਇਸ ਲਈ ਲੈ ਕੇ ਆਂਦਾ ਕਿ ਦੋਵੇਂ ਨੂੰਹ-ਪੁੱਤ ਨੌਕਰੀ 'ਤੇ ਸਨ, ਚਲੋ ਬਜ਼ੁਰਗ ਬੱਚੇ ਸਾਂਭ ਲਊ ਪਰ ਆਉਂਦੇ ਹੀ ਬਿਮਾਰ ਪੈ ਗਿਆ। ਸੁਖ ਦੀ ਥਾਂ ਖਰਚਾ ਵਧ ਗਿਆ। ਸ਼ੁਰੂ ਵਿੱਚ ਤਾਂ ਵਿਚਾਰੇ ਨੂੰ ਹਾਜਤ ਲਈ ਵੀ ਬੜੀ ਔਖ ਪੇਸ਼ ਆਈ। ਬਈ ਕੁਸ਼ ਕਹੋ, ਟੱਬਰ ਨੇ ਬਜ਼ੁਰਗ ਬਦਲੇ ਔਖ ਬੜੀ ਝੱਲੀ।" ਕਿਸੇ ਕਿਹਾ।

"ਔਖ ਤਾਂ ਆਪੇ ਝੱਲਣੀ ਹੋਈ, ਤੁਸੀਂ ਸੋਚੋ, ਇੱਕ ਸ਼ਹਿਰਦਾਰੀ, ਬੱਚਿਆਂ ਦੀਆਂ ਮਹਿੰਗੀਆਂ ਪੜ੍ਹਾਈਆਂ ਤੇ ਉਤੋਂ ਬਿਰਧ ਬੰਦੇ ਦੀ ਬਿਮਾਰੀ।"

"ਬਿਮਾਰੀ ਤਾਂ ਭਾਈ ਸਾਬ੍ਹ ਉਨ੍ਹਾਂ ਆਪ ਲਈ", ਦੀਨ ਦਿਆਲ ਦੇ ਪੁੱਤਰ ਨੇ ਕਿਹਾ, "ਹਰ ਵੇਲੇ ਸ਼ਿਕਾਇਤ...ਇੱਥੇ ਗੰਦ ਬਹੁਤ ਐ...ਰਿਸ਼ਵਤ ਐ...ਸ਼ੋਰ ਐ...ਅਖੇ ਘਰ 'ਚ ਕਿਉਂ ਹੱਗਦੇ ਉਂ...। ਹੁਣ ਦੱਸੋ, ਉਹਦੇ ਲਈ ਸ਼ਹਿਰ, ਘਰ...ਸੜਕਾਂ ਨਵੀਆਂ ਬਣ ਜਾਂਦੀਆਂ।"

"ਕੁਝ ਵੀ ਸੀ...ਭਲੇ ਪੁਰਸ਼ ਸਨ ਵਿਚਾਰੇ...ਨਾ ਚੰਗੀ ਨਾ ਮੰਦੀ...ਜੋ ਮਿਲਿਆ ਪਾ ਲਿਆ, ਜੋ ਦਿੱਤਾ ਖਾ ਲਿਆ।" ਕਿਸੇ ਹੋਰ ਕਿਹਾ।

ਮਾਂ ਨੂੰ ਉਸ ਬੰਦੇ ਦੀ ਗੱਲ ਸ਼ਾਇਦ ਚੰਗੀ ਲੱਗੀ। ਉਹ ਉਸ ਵੱਲ ਉਚੇਚ ਨਾਲ ਝਾਕੀ। ਅਚਾਨਕ ਚੁੱਪ ਜਿਵੇਂ ਬੋਝਲ ਜਾਪਣ ਲੱਗੀ। ਸਾਹ ਘੁਟਣ ਲੱਗਾ। ਮੇਰੇ ਉਠਣ ਤੋਂ ਪਹਿਲਾਂ ਜਦੋਂ ਆਏ ਗੁਆਂਢੀ ਸਵੇਰੇ ਸਸਕਾਰ ਦਾ ਟਾਈਮ ਪੁੱਛ ਕੇ ਚਲੇ ਗਏ ਤਾਂ ਮੈਂ ਵੀ ਜਾਣ ਲਈ ਮਾਂ ਦਾ ਮੋਢਾ ਛੂਹਿਆ। ਮੈਨੂੰ ਲੱਗਾ, ਮਾਂ ਹੁਣੇ ਮੇਰਾ ਹੱਥ ਝਟਕ ਕੇ ਕਹੇਗੀ, "ਹੈ ਕਮਲਾ! ਐਂ ਕਿਵੇਂ ਮੋਈ ਮਿੱਟੀ ਨੂੰ ਛੱਡ ਕੇ ਘਰੇ ਜਾ ਪਵਾਂ?" ਪਰ ਮੈਂ ਹੈਰਾਨ ਰਹਿ ਗਿਆ, ਜਦੋਂ ਮਾਂ ਬਿਨਾਂ ਕੁਝ ਬੋਲੇ ਪੌੜੀਆਂ ਉਤਰ ਗਈ।

ਸਵੇਰੇ ਜਦੋਂ ਦੂਜੇ ਬਲਾਕ ਦੇ ਵਿਹੜੇ ਵਿੱਚ ਮੁਰਦਾ ਗੱਡੀ ਆ ਖੜ੍ਹੀ ਤਾਂ ਮੈਂ ਬਾਹਰ ਸਾਡੇ ਗੁਆਂਢ ਵਿੱਚ ਰਹਿੰਦੀ ਬੰਗਾਲਣ, ਮਿਸਿਜ਼ ਬਾਸੂ ਬੋਲਦਿਆਂ ਸੁਣੀ। ਉਹ ਮਾਂ ਨੂੰ ਸ਼ਹਿਰ ਵਿੱਚ ਲੱਗੀ ਮੁਰਦਾ ਫੂਕਣ ਵਾਲੀ ਬਿਜਲੀ ਭੱਠੀ ਬਾਰੇ ਦੱਸ ਰਹੀ ਸੀ।

"ਮਾਂ ਜੀ! ਕੇਵਲ ਬੀਸ ਮਿੰਟ, ਔਰ ਬੋਨ ਕਾ ਪੈਕਟ ਆਪ ਕੇ ਹਾਥ ਮੇਂ, ਪਾਨੀ ਮੇਂ ਫੇਂਕੋ ਔਰ ਛੁੱਟੀ...ਕੋਈ ਆਲਤੂ ਫਾਲਤੂ ਕਾ ਝੰਜਟ ਨਹੀਂ...।"

ਸੁਣਦਿਆਂ ਮੇਰੀ ਖਾਨਿਉਂ ਗਈ। ਮੈਨੂੰ ਲੱਗਾ, ਮਾਂ ਹੁਣੇ ਪੁੱਛੇਗੀ, "ਪੁੱਤ, ਜੇ ਬੰਦੇ ਦਾ ਸਿਵਾ ਹੀ ਨਹੀਂ ਬਲਣਾ...ਤਾਂ ਸਿੜ੍ਹੀ ਦੀ ਪਰਕਰਮਾ ਕੌਣ ਕਰੂ? ਅਗਨੀ ਕੌਣ ਦਖਾਊ? ਗਤੀ ਕਿਵੇਂ ਹੋਊ ਬੰਦੇ ਦੀ?" ਪਰ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਮਾਂ ਕੁਝ ਵੀ ਨਾ ਬੋਲੀ ਅਤੇ ਚੁੱਪ ਚਾਪ ਲਾਸ਼ ਨੂੰ ਗੱਡੀ ਵਿੱਚ ਲੱਦਦਿਆਂ ਉਪਰਲੀ ਮੰਜ਼ਿਲ ਤੋਂ ਹੀ ਵੇਖਦੀ ਰਹੀ। ਜਾਂ ਫਿਰ ਚਾਰ ਪੰਜ ਬੰਦਿਆਂ ਨੂੰ ਮੁਰਦਾ ਗੱਡੀ ਨਾਲ ਜਾਂਦੇ ਦੇਖਦੀ ਰਹੀ। ਨਾ ਉਸ ਆਪ ਸਿਵਿਆਂ ਤਕ ਜਾਣ ਦੀ ਜ਼ਿਦ ਕੀਤੀ, ਨਾ ਮੈਨੂੰ ਜਾਣ ਲਈ ਕਿਹਾ।

ਉਸ ਦਿਨ ਤੋਂ ਬਾਅਦ ਮਾਂ ਬਿਲਕੁਲ ਚੁੱਪ ਹੋ ਗਈ। ਇੱਕ ਦਿਨ ਅਚਾਨਕ ਕਹਿਣ ਲੱਗੀ, "ਪੁੱਤ! ਭਲਾ ਜੜ੍ਹਾਂ ਕਿਥੇ ਹੁੰਦੀਐਂ ਬੰਦੇ ਦੀਆਂ?" ਉਤਰ ਵਿੱਚ ਮੈਂ ਨੀਵੀਂ ਪਾ ਲਈ। ਉਸ ਦਿਨ ਤੋਂ ਬਾਅਦ ਸਾਡੇ ਲਈ ਮਾਂ ਦੀ ਚੁੱਪ ਅਸਹਿ ਹੋ ਗਈ। ਅਸੀਂ ਮਾਂ ਦੀ ਹਰ ਗੱਲ ਵਿੱਚੋਂ ਚੋਭ ਮਹਿਸੂਸ ਕਰਦੇ। ਮਾਂ ਹਰ ਗੱਲ ਨੂੰ ਦੀਨ ਦਿਆਲ ਦੀ ਮੌਤ ਵਿੱਚੋਂ ਦੇਖਣ ਲੱਗ ਪਈ ਤਾਂ ਅਸੀਂ ਚਾਹਿਆ, ਮਾਂ ਜਿੰਨੀ ਛੇਤੀ ਹੋ ਸਕਦੈ, ਪਿੰਡ ਚਲੀ ਜਾਵੇ।

ਪਰ ਹੁਣ, ਜਦੋਂ ਕਿ ਮੈਂ ਮਾਂ ਨੂੰ ਲੈ ਕੇ ਪਿੰਡ ਪਰਤ ਰਿਹਾ ਹਾਂ ਤਾਂ ਸੋਚਦਾ ਹਾਂ ਕੁਝ ਵੀ ਸੀ, ਮਾਂ ਨੂੰ ਸ਼ੈਲੀ ਦੀ ਇਸ ਹਾਲਤ ਵਿੱਚ ਪਿੰਡ ਨਹੀਂ ਸੀ ਪਰਤਣਾ ਚਾਹੀਦਾ।

ਜਿਉਂ ਹੀ ਅਸੀਂ ਪਿੰਡ ਦੀ ਜੂਹ ਵਿੱਚ ਦਾਖਲ ਹੋਏ, ਮਾਂ ਇੱਕਦਮ ਚਹਿਕ ਉਠੀ। ਨਿਆਈਂ ਵਿੱਚ ਨਰਮਾ ਚੁਗਦੀਆਂ ਤੀਵੀਆਂ ਉਠ ਕੇ ਜਿਵੇਂ ਮਾਂ ਦੇ ਗਲ ਨਾਲ ਚਿੰਬੜ ਗਈਆਂ। ਪਿੰਡ ਦੀ ਗਲੀ ਵਿੱਚ ਵੜਦਿਆਂ ਤਾਂ ਹੱਦ ਹੀ ਹੋ ਗਈ। ਜਿਸ ਜਿਸ ਨੇ ਵੀ ਮਾਂ ਦੇ ਪਿੰਡ ਆਉਣ ਬਾਰੇ ਸੁਣਿਆ, ਉਹ ਮਾਂ ਦੁਆਲੇ ਝੁਰਮਟ ਵਾਂਗ ਜੁੜ ਗਿਆ। ਮੈਨੂੰ ਲੱਗਾ, ਮਾਂ ਜਿਵੇਂ ਵਿਸਰ ਹੀ ਗਈ ਸੀ ਕਿ ਮੈਂ ਵੀ ਉਹਦੇ ਨਾਲ ਸਾਂ।

ਮੈਂ ਇੱਕ ਦੋ ਵਾਰ ਆਪਣੀ ਹੋਂਦ ਦਾ ਅਹਿਸਾਸ ਕਰਾਉਣ ਦਾ ਯਤਨ ਵੀ ਕੀਤਾ ਪਰ ਸਭ ਵਿਅਰਥ...। ਹਰ ਕੋਈ 'ਕਿਵੇਂ ਐ ਅਫਸਰਾ...' ਕਹਿ ਕੇ ਪਾਸਾ ਵੱਟ ਗਿਆ। ਮੈਨੂੰ ਯਾਦ ਆਇਆ, ਜਦੋਂ ਤੋਂ ਮੈਂ ਸ਼ਹਿਰ ਰਹਿਣ ਲੱਗਾ ਸਾਂ, ਮੇਰੇ ਨਾਲ ਇੰਜ ਹੀ ਹੁੰਦਾ ਸੀ। ਇੱਕਾ ਇੱਕ ਮੇਰਾ ਮਨ ਪੀੜ ਨਾਲ ਭਰ ਗਿਆ।

ਮੈਂ ਇੱਕ ਨਜ਼ਰ ਮਾਂ ਨੂੰ ਤੀਵੀਆਂ ਵਿੱਚ ਚਹਿਕਦੇ ਦੇਖਿਆ ਅਤੇ ਸੋਚਿਆ, ਇਹ ਮਾਂ ਤਾਂ ਉਹ ਮਾਂ ਹੀ ਨਹੀਂ ਸੀ, ਜਿਸ ਨੂੰ ਮੈਂ ਸ਼ਹਿਰੋਂ ਲੈ ਕੇ ਪਰਤਿਆ ਸਾਂ। ਇਹ ਮਾਂ ਤਾਂ ਸ਼ਹਿਰ ਗਈ ਹੀ ਨਹੀਂ ਸੀ। ਅਚਾਨਕ ਮੈਨੂੰ ਕਿਧਰੇ ਪੜ੍ਹਿਆ ਯਾਦ ਆਇਆ, "ਬੰਦਿਆ ਤੇਰੀਆਂ ਦਸ ਦੇਹੀਆਂ...।" ਪਰ ਅਗਲੇ ਹੀ ਪਲ ਮੈਂ ਇਹ ਖਿਆਲ ਝਟਕ ਦਿੱਤਾ ਅਤੇ ਸੋਚਿਆ, ਇਹ ਤਸ਼ਬੀਹ ਵੀ ਠੀਕ ਨਹੀਂ ਸੀ। ਕੀ ਪਤਾ, ਜੜ੍ਹਾਂ ਖੱਗੇ ਜਾਣ ਦੀ ਕੋਈ ਉਮਰ ਹੋਵੇ। ਸ਼ਾਇਦ ਇਸੇ ਲਈ ਮਾਂ ਸ਼ਹਿਰ ਜੜ੍ਹਾਂ ਨਹੀਂ ਸੀ ਲਾ ਸਕੀ, ਪਰ ਪਤਾ ਨਹੀਂ ਕਿਉਂ? ਮੈਂ ਇਹ ਖਿਆਲ ਵੀ ਝਟਕ ਦਿੱਤਾ ਅਤੇ ਬੜੇ ਦੁਖੀ ਮਨ ਨਾਲ ਸੋਚਣ ਲੱਗਾ ਕਿ ਆਖਰ ਮੈਂ ਕਿਹਤੇ ਲੋਕਾਂ ਵਿਚੋਂ ਸਾਂ? ਜਿਨ੍ਹਾਂ ਨੂੰ ਸ਼ਹਿਰ ਦੀ ਮਿੱਟੀ ਕਦੇ ਰਾਸ ਨਹੀਂ ਸੀ ਆਈ ਅਤੇ ਪਿੰਡ ਦੀ ਮਿੱਟੀ ਵਿੱਚ ਜੜ੍ਹਾਂ ਲਈ ਕੋਈ ਥਾਂ ਹੀ ਨਹੀਂ ਸੀ ਰਹੀ, ਪਰ ਇਸ ਤੋਂ ਪਹਿਲਾਂ ਕਿ ਮੈਂ ਕੁਝ ਹੋਰ ਸੋਚਦਾ, ਮੈਨੂੰ ਲੱਗਾ, ਮੇਰੀਆਂ ਤਾਂ ਜਿਵੇਂ ਜੜ੍ਹਾਂ ਹੀ ਨਹੀਂ ਸਨ...।

# ਸ਼ੀਸ਼ੇ ਦਾ ਹੈ ਜਾਦੂਮਈ ਪ੍ਰਭਾਵ

ਸ਼ਬਦੋ ਵਣਜਾਰਿਓ

ਪਰਮਜੀਤ ਢੀਂਗਰਾ
ਫੋਨ: +91-9417358120





ਸ਼ਿੰਗਾਰ ਦੇ ਵਿਭਿੰਨ ਸਾਧਨਾਂ ਤੇ ਪਰੰਪਰਾਵਾਂ ਵਿੱਚ ਸ਼ੀਸ਼ੇ ਦਾ ਵਿਸ਼ੇਸ਼ ਸਥਾਨ ਰਿਹਾ ਹੈ। ਪ੍ਰਾਚੀਨ ਕਾਲ ਤੋਂ ਹੀ ਮਨੁੱਖ ਵਿੱਚ ਸੋਹਣਾ ਬਣਨ ਤੇ ਦਿਸਣ ਦੀ ਇੱਛਾ ਪ੍ਰਬਲ ਰਹੀ ਹੈ। ਸਾਡੀ ਲੋਕ ਪਰੰਪਰਾ ਵਿੱਚ ਵੀ ਸ਼ੀਸ਼ੇ ਦਾ ਵਿਸ਼ੇਸ਼ ਸਥਾਨ ਰਿਹਾ ਹੈ। ਕਿਸੇ ਦੂਸਰੇ ਸੋਹਣੇ ਨੂੰ ਦੇਖ ਕੇ ਮਨੁੱਖ ਅੰਦਰ ਆਪਣੇ ਆਪ ਨੂੰ ਨਿਹਾਰਨ ਦੀ ਇੱਛਾ ਪੈਦਾ ਹੋਈ ਹੋਵੇਗੀ ਤੇ ਏਸੇ ਤੋਂ ਸ਼ਾਇਦ ਸ਼ੀਸ਼ੇ ਜਾਂ ਦਰਪਣ ਦਾ ਜਨਮ ਹੋਇਆ ਹੋਵੇ। ਫਾਰਸੀ ਕੋਸ਼ ਅਨੁਸਾਰ ਸ਼ੀਸ਼ਾ- ਕੱਚ, ਮੂੰਹ ਦੇਖਣ ਵਾਲਾ ਦਰਪਣ, ਬੋਤਲ, ਸੁਰਾਹੀ, ਬੈਰਾਮੀਟਰ, ਦਿਲ, ਹੁੱਕਾ; ਸ਼ੀਸ਼ਾ-ਬਾਜ਼=ਚਾਲਬਾਜ਼, ਠੱਗ, ਬਾਜ਼ੀਗਰ ਜੋ ਪਾਣੀ ਨਾਲ ਭਰੀ ਬੋਤਲ ਸਿਰ ’ਤੇ ਟਿਕਾ ਕੇ ਨੱਚਦਾ ਹੈ; ਸ਼ੀਸ਼ਾ-ਬਾਜ਼ੀ=ਮੱਕਾਰੀ, ਠੱਗੀ; ਸ਼ੀਸ਼ਾਬੰਦੀ- ਮੂੰਹ ਨਾਲ ਸੀਟੀ ਵਜਾਉਣੀ; ਸ਼ੀਸ਼ਾ-ਏ-ਹਜ਼ਾਮ=ਪੱਛ ਲਾਉਣ ਪਿੱਛੋਂ ਖ਼ੂਨ ਖਿੱਚਣ ਲਈ ਲਾਇਆ ਗਿਆ ਸ਼ੀਸ਼ਾ; ਸਿੰਙੀ ਦੀ ਥਾਂ ਲਾਉਣ ਵਾਲਾ ਸ਼ੀਸ਼ਾ; ਸ਼ੀਸ਼ਾ-ਦਿਲ=ਕੋਮਲ ਸੁਭਾਅ।

ਨਿਰੁਕਤ ਕੋਸ਼ ਅਨੁਸਾਰ ਇੱਕ ਪਾਰਦਰਸ਼ਕ ਪਦਾਰਥ, ਜਿਸ ਦੇ ਬਰਤਨ ਆਦਿ ਬਣਦੇ ਹਨ; ਮੂੰਹ ਦੇਖਣ ਦਾ ਸਾਧਨ; ਕੱਚ- ਫਾਰਸੀ ਸ਼ੀਸ਼ਾ, ਮੂੰਹ ਦੇਖਣ ਵਾਲਾ ਸ਼ੀਸ਼ਾ, ਦਰਪਣ, ਬੋਤਲ, ਸੁਰਾਹੀ, ਛੋਟੀ ਬੋਤਲ। ਪੰਜਾਬੀ ਕੋਸ਼ਾਂ ਅਨੁਸਾਰ ਇੱਕ ਪਦਾਰਥ, ਜੋ ਆਮ ਕਰਕੇ ਪਾਰਦਰਸ਼ਕ ਪਰ ਧੁੰਧਲਾ ਵੀ ਹੁੰਦਾ ਹੈ। ਇਹ ਸਿਲੀਕੇਟਾਂ ਦੇ ਮਿਸ਼ਰਣ ਤੋਂ ਬਣਦਾ ਹੈ, ਪਰ ਕਈ ਵਾਰੀ ਇਸ ਵਿੱਚ ਫਾਸਫੋਰਸ ਤੇ ਕਾਰਬੋਰੇਟਸ ਵੀ ਮਿਲਾ ਲਏ ਜਾਂਦੇ ਹਨ। ਸ਼ੀਸ਼ਾ ਬਾਸ਼ਾ- ਭੁੱਖਾ, ਸ਼ੌਕੀਨ, ਬਣਿਆ-ਠਣਿਆ ਰਹਿਣ ਵਾਲਾ ਆਦਮੀ ਜੋ ਸ਼ਿੰਗਾਰ ’ਤੇ ਆਪਣੀ ਹੈਸੀਅਤ ਤੋਂ ਵੱਧ ਖਰਚ ਕਰੇ, ਛੇਤੀ ਟੁੱਟ ਜਾਣ ਵਾਲੀ ਚੀਜ਼, ਸ਼ੀਸ਼ਾ ਲੂਣ- ਇੱਕ ਤਰ੍ਹਾਂ ਦਾ ਸ਼ੀਸ਼ੇ ਵਰਗਾ, ਸਫਾਫ਼ ਲੂਣ, ਖਾਣ ਵਾਲੇ ਲੂਣ ਦੇ ਪੱਧਰੀ ਸਤਹ ਵਾਲੇ ਸਾਫ ਟੁਕੜੇ, ਸੀਸੀ, ਸ਼ੀਸ਼ੀ, ਛੋਟੀ ਬੋਤਲ; ਮਹਾਨ ਕੋਸ਼ ਵਿੱਚ ਇਹਦੇ ਲਈ ਸੀਸਾ ਸ਼ਬਦ ਵਰਤਿਆ ਗਿਆ ਹੈ। ਸੀਸਾ-ਸੰਗਿਆ-ਸੀਸਕ, ਸਿੱਕਾ, ਫਾਰਸੀ ਕੰਚ, ਕੱਚ, ਦਰਪਣ, ਬੋਤਲ, ‘ਸੀਸੇ ਸਰਾਬ ਕਿ ਫੂਲ ਗੁਲਾਬ’ (ਚਰਿਤ੍ਰ-220)।

ਕਿਹਾ ਜਾਂਦਾ ਹੈ ਕਿ ਅੱਜ ਤੋਂ ਕੋਈ ਅੱਠ ਹਜ਼ਾਰ ਵਰ੍ਹੇ ਪਹਿਲਾਂ ਮਨੁੱਖ ਨੇ ਸ਼ੀਸ਼ੇ ਵਿੱਚ ਆਪਣਾ ਮੂੰਹ ਦੇਖਣਾ ਸ਼ੁਰੂ ਕਰ ਦਿੱਤਾ ਸੀ। ਉਸ ਤੋਂ ਪਹਿਲਾਂ ਤੱਕ ਉਹ ਆਪਣਾ ਮੂੰਹ ਕੇਵਲ ਖੜ੍ਹੇ, ਸਥਿਰ ਪਾਣੀ ਵਿੱਚ ਹੀ ਦੇਖ ਸਕਦਾ ਸੀ। ਲੱਖਾਂ ਸਾਲਾਂ ਤੋਂ ਉਹਦੇ ਕੋਲ ਇਹੀ ਸਾਧਨ ਸੀ ਜਾਂ ਫਿਰ ਕਿਸੇ ਚਮਕੀਲੀ ਸਤਹ ’ਤੇ ਧੁੰਧਲਾ ਅਕਸ ਦੇਖ ਸਕਦਾ ਸੀ। ਅੱਜ ਜਿਸ ਨੂੰ ਅਸੀਂ ਸ਼ੀਸ਼ਾ ਕਹਿੰਦੇ ਹਾਂ, ਇਹਦੀ ਈਜਾਦ ਕੋਈ ਚਾਰ ਹਜ਼ਾਰ ਵਰ੍ਹੇ ਪਹਿਲਾਂ ਮਿਸਰ ਵਿੱਚ ਹੋਈ। ਈਸਾ ਤੋਂ ਕੋਈ ਛੇ ਹਜ਼ਾਰ ਵਰ੍ਹੇ ਪਹਿਲਾਂ ਮਨੁੱਖ ਨੇ ਚਮਕੀਲੇ ਜਵਾਲਾ ਮੁਖੀ ਪੱਥਰਾਂ ਵਿੱਚ ਆਪਣਾ ਅਕਸ ਦੇਖਣਾ ਸ਼ੁਰੂ ਕਰ ਦਿੱਤਾ ਸੀ।

ਸ਼ੀਸ਼ਾ ਸ਼ਬਦ ਦੀ ਵਿਓਤਪਤੀ ਸੰਸਕ੍ਰਿਤ ਦੇ ‘ਸ਼ਿਸ਼ਯ’ ਸ਼ਬਦ ਤੋਂ ਹੋਈ ਹੈ, ਜਿਸਦਾ ਅਰਥ ਹੈ ‘ਦੇਖਿਆ ਹੋਇਆ।’ ਸੰਸਕ੍ਰਿਤ ਵਿੱਚ ਇੱਕ ਹੋਰ ਸ਼ਬਦ ਹੈ ‘ਸਾਕਸ਼ਿਨ’, ਜਿਸਦਾ ਅਰਥ ਹੈ ‘ਦ੍ਰਸ਼ਟਾ’ ਭਾਵ ਜੋ ਦੇਖ ਰਿਹਾ ਹੈ। ਸਾਕਸ਼ੀ ਦਾ ਭਾਵ ਵੀ ਗਵਾਹ ਜਾਂ ਚਸ਼ਮਦੀਦ ਹੈ। ਇਹ ਬਣਿਆ ਹੈ ‘ਸਹਿ+ਅਕਸ਼ਿ’ ਤੋਂ, ਸਹਿ ਦਾ ਅਰਥ ਹੈ ‘ਭਾਵ’ ਤੇ ਅਕਸ਼ਿ ਦਾ ਅਰਥ ਹੈ- ਅੱਖ, ਨੇਤਰ, ਨੈਣ। ‘ਸ਼ਾਕਸ਼ਾਤ’ ਸ਼ਬਦ ਵੀ ਇਸ ਤੋਂ ਬਣਿਆ ਹੈ ਅਰਥਾਤ ਸਨਮੁਖ, ਸਾਹਮਣੇ। ਸ਼ੀਸ਼ੇ ਵਿੱਚ ਵੀ ਅਸੀਂ ਆਪਣੇ ਪ੍ਰਤੀਬਿੰਬ ਦੇ ਸਨਮੁਖ ਜਾਂ ਸਾਹਮਣੇ ਹੁੰਦੇ ਹਾਂ। ਅਕਸ਼ ਜਾਂ ਅਕਸ਼ਿ ਤੋਂ ਹੀ ਬਣਿਆ ਹੈ- ਸਮਕਸ਼ (ਸਮ+ਅਕਸ਼) ਅਰਥਾਤ ਅੱਖਾਂ ਸਾਹਮਣੇ। ਇਹਦੇ ਲਈ ਸਾਖੀ ਜਾਂ ਗਵਾਹੀ ਸ਼ਬਦ ਵੀ ਮਿਲਦਾ ਹੈ, ਜਿਸਦਾ ਅਰਥ ਹੈ- ਅੱਖਾਂ ਸਾਹਮਣੇ। ਸਾਖੀ ਅਥਵਾ ਸਾਕਸ਼ੀ ਤੋਂ ਹੀ ਬਣਿਆ ਸ਼ਬਦ ਹੈ- ‘ਸਿਸ਼ਯ’। ਸ਼ੀਸ਼ਾ ਮੂਲ ਰੂਪ ਵਿੱਚ ਫ਼ਾਰਸੀ ਦਾ ਸ਼ਬਦ ਹੈ, ਨਾ ਕਿ ਸੰਸਕ੍ਰਿਤ ਦਾ। ਇਹਦੇ ਲਈ ਅਵੇਸਤਾ (ਪੁਰਾਤਨ ਫ਼ਾਰਸੀ) ਵਿਚ ਮਿਲਦਾ-ਜੁਲਦਾ ਸ਼ਬਦ ‘ਸ਼ੀਸ਼ਾ’ ਹੈ।

ਅਰਬੀ ਫ਼ਾਰਸੀ ਦੇ ਪ੍ਰਭਾਵ ਹੇਠ ਭਾਰਤੀ ਭਾਸ਼ਾਵਾਂ ਵਿੱਚ ਪਹਿਲਾਂ ਸ਼ੀਸ਼ੇ ਲਈ ਕੱਚ ਵਰਤਿਆ ਜਾਂਦਾ ਸੀ। ਸ਼ੀਸ਼ਾ ਵੀ ਕੱਚ ਤੋਂ ਹੀ ਬਣਦਾ ਹੈ। ਫ਼ਾਰਸੀ ਵਿੱਚ ‘ਸ਼ੋਸ਼:’ ਦਾ ਅਰਥ ਹੈ- ਜ਼ਰਾ ਖੰਡ, ਅਥਵਾ ਸੋਨੇ ਚਾਂਦੀ ਦੀ ਡਲੀ। ਇਸ ਦਾ ਇੱਕ ਅਰਥ ਚਮਕ ਵੀ ਹੈ। ਏਸੇ ਲਈ ਸ਼ੀਸ਼ਾ ਚਮਕਦਾਰ ਵਸਤੂ ਹੈ। ਸ਼ੀਸ਼ ਮਹਿਲ- ਕੱਚ ਦੇ ਟੁਕੜਿਆਂ ਨਾਲ ਸਜਾਇਆ ਮਹੱਲ; ਸ਼ੀਸ਼ਗਰ- ਕੱਚ ਦਾ ਸਮਾਨ ਬਣਾਉਣ ਵਾਲਾ। ‘ਸ਼ੀਸ਼ੇ ਵਿੱਚ ਉਤਾਰਨਾ’ ਮੁਹਾਵਰਾ ਵੀ ਹੈ, ਜਿਸਦਾ ਅਰਥ ਹੈ- ਕਿਸੇ ’ਤੇ ਜਬਰਦਸਤ ਪ੍ਰਭਾਵ ਪਾਉਣਾ ਜਾਂ ਕਾਬੂ ਕਰਨਾ। ਪੁਰਾਤਨ ਸਮਿਆਂ ਵਿੱਚ ਫਾਰਸ ਵਿੱਚ ਕੱਚ ’ਤੇ ਕੀਤੀ ਜਾਂਦੀ ਚਿੱਤਰਕਾਰੀ ਬੜੀ ਪ੍ਰਸਿਧ ਸੀ। ਇਸ ਕਲਾਤਮਕ ਜਾਦੂਗਰੀ ਤੋਂ ਹੀ ਸ਼ਾਇਦ ਸ਼ੀਸ਼ੇ ਵਿੱਚ ਉਤਾਰਨਾ ਮੁਹਾਵਰਾ ਬਣਿਆ ਹੋਵੇ।

ਮਿਸਰੀਆਂ ਨੇ ਜਦੋਂ ਕੱਚ ਈਜਾਦ ਕਰ ਲਿਆ ਤਾਂ ਉਹਦੇ ਵਿੱਚੋਂ ਪ੍ਰਤੀਬਿੰਬ ਦੇਖਣ ਦੀ ਖਾਸੀਅਤ ਤੋਂ ਤਾਂਤਰਿਕ-ਨਜੂਮੀ ਬੜੇ ਪ੍ਰਭਾਵਿਤ ਹੋਏ ਤੇ ਇਸ ਤੋਂ ਭਵਿੱਖਬਾਣੀਆਂ ਕਰਨ ਲੱਗ ਪਏ। ਉਹ ਸ਼ੀਸ਼ੇ ਦੀ ਇੱਕ ਗੇਂਦ ਜਿਸਨੂੰ ਯੂਰਪ ਵਿੱਚ ਮੈਜਿਕ ਬਾਲ ਜਾਂ ਕ੍ਰਿਸਟਲ ਬਾਲ ਜਾਂ ਗਲਾਸਆਈ ਕਹਿੰਦੇ ਹਨ, ਨਾਲ ਪਾਰਲੌਕਿਕ ਆਤਮਾਵਾਂ ਨਾਲ ਗੱਲ ਕਰਨ ਦਾ ਢੋਂਗ ਰਚਦੇ ਹਨ। ਲੋਕਾਂ ਨੂੰ ਇਹ ਵਹਿਮ ਹੁੰਦਾ ਹੈ ਕਿ ਸ਼ੀਸ਼ੇ ਵਿੱਚ ਉਹ ਜਿਹੜੀਆਂ ਆਤਮਾਵਾਂ ਉਤਾਰਦੇ ਹਨ, ਉਹ ਭਵਿੱਖਬਾਣੀ ਕਰਦੀਆਂ ਹਨ। ਅਰੇਬੀਅਨ ਨਾਈਟਸ ਵਿੱਚ ਜਿੰਨ ਨੂੰ ਬੋਤਲ ਵਿੱਚ ਬੰਦ ਕਰਨ ਦਾ ਕਿੱਸਾ ਵੀ ਸ਼ੀਸ਼ੇ ਵਿੱਚ ਉਤਾਰਨ ਨਾਲ ਜੁੜਿਆ ਹੋਇਆ ਹੈ। ਕਈ ਧਾਰਮਿਕ ਸਥਾਨਾਂ ’ਤੇ ਵੀ ਸ਼ੀਸ਼ੇ ਲੱਗੇ ਹੋਏ ਹਨ, ਜਿਨ੍ਹਾਂ ਬਾਰੇ ਮਾਨਤਾ ਹੈ ਕਿ ਉਸ ਵਿੱਚ ਮੂੰਹ ਦੇਖਣ ਨਾਲ ਦੁਖ ਦੂਰ ਹੋ ਜਾਂਦੇ ਹਨ। ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਸ਼ੀਸ਼ਾ ਜਾਦੂਮਈ ਪ੍ਰਭਾਵ ਰੱਖਦਾ ਹੈ। ਅੱਜ ਇਮਾਰਤਾਂ ਵਿੱਚ, ਸਾਜ ਸਜਾਵਟ, ਸ਼ਿੰਗਾਰ, ਗਹਿਣਿਆਂ, ਫਰਨੀਚਰ ਤੇ ਹੋਰ ਅਨੇਕਾਂ ਤਰ੍ਹਾਂ ਦੀਆਂ ਵਸਤਾਂ ਵਿੱਚ ਇਹ ਸ਼ਾਨ ਦਾ ਪ੍ਰਤੀਕ ਬਣਿਆ ਹੋਇਆ ਹੈ।

# ਝੰਡੇ ਸ਼ਾਹ, ਸੁਥਰੇ ਸ਼ਾਹ ਅਤੇ ਸੱਯਦ ਸ਼ਾਹ ਜਾਨੀ

‘ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ’

ਅਲੀ ਰਾਜਪੁਰਾ
ਫੋਨ:+91-9417679302




**“ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ” ਪੁਸਤਕ ਨੌਜਵਾਨ ਲੇਖਕ ਅਲੀ ਰਾਜਪੁਰਾ ਦੀ ਭਾਈਚਾਰਕ ਸਾਂਝ ਸਬੰਧੀ ਇੱਕ ਪੜ੍ਹਨਯੋਗ ਪੁਸਤਕ ਹੈ। ਸੁਹਿਰਦ ਪਾਠਕਾਂ ਲਈ ਇਹ ਪੁਸਤਕ ‘ਪੰਜਾਬੀ ਪਰਵਾਜ਼’ ਵਿੱਚ ਲੜੀਵਾਰ ਛਾਪੀ ਜਾ ਰਹੀ ਹੈ। ਇਸ ਅੰਕ ਵਿੱਚ ਝੰਡੇ ਸ਼ਾਹ, ਸੁਥਰੇ ਸ਼ਾਹ ਅਤੇ ਸੱਯਦ ਸ਼ਾਹ ਜਾਨੀ ਬਾਰੇ ਸੰਖੇਪ ਵੇਰਵਾ ਹੈ...**

ਝੰਡੇ ਸ਼ਾਹ ਦਾ ਅਸਲ ਨਾਂ ਸੂਫੀ ਸਾਈਂ ਵਲੈਤ ਸ਼ਾਹ ਸੀ। ਪਿੰਡ ਝੰਡੇ ਕਲਾਂ (ਸਰਦੂਲਗੜ੍ਹ) ਦਾ ਹੋਣ ਕਰਕੇ ਲੋਕ ਇਸ ਨੂੰ ਝੰਡੇ ਸ਼ਾਹ ਕਹਿਣ ਲੱਗੇ। ਮਾਨਸਾ ਤਹਿਸੀਲ ਦਾ ਮਸ਼ਹੂਰ ਪਿੰਡ ਹੈ ਝੰਡੇ। ਝੰਡੇ ਸ਼ਾਹ ਨੇ ਗੁਰੂਆਂ ਪ੍ਰਤੀ ਆਪਣੇ ਮਨ ਅੰਦਰ ਅਥਾਹ ਸਨੇਹ ਪਾਲ਼ਿਆ ਹੋਇਆ ਸੀ, ਕਿਉਂਕਿ ਉਹ ਆਪਣੇ ਮੁਰਸ਼ਦ ਪਾਸੋਂ ਗੁਰੂ ਘਰ ਦੀ ਮਹਿਮਾ ਬੜੀ ਰੀਝ ਨਾਲ ਸੁਣਦਾ ਸੀ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਬਾਰੇ ਸੁਣ ਕੇ ਉਸਨੇ ਦੁੱਖ ਮਨਾਇਆ ਸੀ। ਉਸ ਦਿਨ ਤੋਂ ਬਾਅਦ ਝੰਡੇ ਸ਼ਾਹ ਉਦਾਸ ਰਹਿੰਦਾ ਹੋਇਆ ਗੁਰੂ ਗੋਬਿੰਦ ਸਿੰਘ ਜੀ ਦੀ ਉਡੀਕ ਕਰਨ ਲੱਗਿਆ। ਤੜਕੇ ਉਠ ਕੇ ਗ਼ਲੀਆਂ ਵਿੱਚ ਪਾਣੀ ਛਿੜਕਦਾ ਤੇ ਝਾੜੂ ਮਾਰਦਾ ਹੈ, ਜਦੋਂ ਕਿਸੇ ਵੀ ਰਾਹੀ ਨੇ ਪੁੱਛਣਾ ਤਾਂ ਝੰਡੇ ਸ਼ਾਹ ਮੁਹੱਬਤ ਭਿੱਜੇ ਬੋਲਾਂ ਵਿੱਚ ਆਖਦਾ, ‘ਮੇਰੇ ਮੁਰਸ਼ਦ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਮਾਰਗ ’ਤੇ ਆਉਣਾ ਹੈ, ਮੈਂ ਡਰਦਾਂ ਕਿਧਰੇ ਮਿੱਟੀ ਘੱਟਾ ਉਡ ਕੇ ਗੁਰੂ ਸਾਹਿਬ ’ਤੇ ਨਾ ਪਵੇ...।’

ਸਮਾਂ ਪਾ ਕੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਪਿੰਡ ਝੰਡੇ ਆਏ ਤਾਂ ਇਹ ਖ਼ੁਸ਼ੀ ’ਚ ਫੁੱਲਿਆ ਨਾ ਸਮਾਇਆ ਤੇ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ। ਗੁਰੂ ਸਾਹਿਬ ਨੇ ਜਦੋਂ ਜਲ ਮੰਗਿਆ ਤਾਂ ਝੰਡੇ ਸ਼ਾਹ ਨੇ ਕਿਹਾ, ‘ਗੁਰੂ ਜੀ ਤੁਸੀਂ ਦੁੱਧ ਪੀਓ, ਪਾਣੀ ਤਾਂ ਇੱਥੋਂ ਦਾ ਖਾਰਾ ਹੈ ਜੋ ਪੀਣਯੋਗ ਨਹੀਂ।’ ਗੁਰੂ ਜੀ ਨੇ ਇੱਕ ਥਾਂ ਨਿਸ਼ਾਨ ਲਾ ਕੇ ਬਚਨ ਕੀਤਾ, ‘ਇਥੇ ਖੂਹ ਪੁੱਟੋ, ਜਲ ਮਿੱਠਾ ਨਿਕਲੇਗਾ...।’ ਗੁਰੂ ਜੀ ਨੇ ਖੂਹ ਲਈ ਮਾਇਆ ਵੀ ਭੇਟ ਕੀਤੀ। ਸੱਚਮੁਚ ਜਦੋਂ ਉੱਥੇ ਖੂਹ ਪੁੱਟਿਆ ਗਿਆ ਤਾਂ ਸੀਤਲ-ਮਿੱਠਾ ਜਲ ਨਿਕਲਿਆ।

## ਸੁਥਰੇ ਸ਼ਾਹ

ਇੱਕ ਵਾਰ ਗੁਰੂ ਹਰਗੋਬਿੰਦ ਸਾਹਿਬ ਜੀ ਪਿੰਡਾਂ ਵਿੱਚੋਂ ਗੁਜ਼ਰ ਰਹੇ ਸਨ। ਉਸ ਸਮੇਂ ਇਹ ਬਾਲ ਰੋਂਦਾ ਕੁਰਲਾਉਂਦਾ ਮਿਲਿਆ ਸੀ। ਮਿੱਟੀ ਵਿੱਚ ਲਿਬੜਿਆ ਹੋਣ ਕਰਕੇ ਗੁਰੂ ਜੀ ਨੇ ਕਿਹਾ ਸੀ, ‘ਲਿਆਓ ਮੈਨੂੰ ਸੰਭਾਲ ਦਿਓ.. ਤੁਹਾਡੇ ਕੱਪੜੇ ਖ਼ਰਾਬ ਹੋ ਜਾਣਗੇ।’ ਗੁਰੂ ਜੀ ਦੇ ਭਗਤ ਭਾਈ ਭਗਤੂ ਨੇ ਕਿਹਾ, ‘ਗੁਰੂ ਜੀ ਇਹ ਕਿਹੜਾ ਕੁਥਰਾ (ਕਰੂਪ) ਹੈ, ਇਸ ਨੂੰ ਸਾਫ਼ ਕਰਕੇ ਹੁਣੇ ਸੁਥਰਾ ਬਣਾ ਲੈਂਦੇ ਹਾਂ।’ ਗੁਰੂ ਜੀ ਦੀ ਛਤਰ-ਛਾਇਆ ਹੇਠ ਉਹ ਪਲਣ ਲੱਗਿਆ। ਜਦੋਂ ਉਸ ਦੇ ਪਰਿਵਾਰ ਨੂੰ ਉਸ ਦੇ ਗੁਰੂ ਸਾਹਿਬ ਕੋਲ਼ ਹੋਣ ਦਾ ਪਤਾ ਲੱਗਿਆ ਤਾਂ ਉਹ ਉਸ ਨੂੰ ਘਰ ਲੈ ਗਏ। ਥੋੜ੍ਹੇ ਸਮੇਂ ਬਾਅਦ ਉਹ ਫਿਰ ਵਾਪਿਸ ਗੁਰੂ ਸਾਹਿਬ ਕੋਲ ਆਇਆ। ਗੁਰੂ ਮਹਾਰਾਜ ਉਸ ਨੂੰ ਦੇਖ ਕੇ ਬੋਲੇ, ‘ਆਓ ਸੁਥਰਾ ਸ਼ਾਹ ਜੀ...।’ ਇੱਥੋਂ ਇਸ ਬਾਲ ਦਾ ਨਾਂ ਸੁਥਰਾ ਸ਼ਾਹ ਪੱਕ ਗਿਆ। ਇਹ ਬਾਲ ਵੱਡਾ ਹੋ ਕੇ ਪੰਜਾਬੀ ਦਾ ਪ੍ਰਸਿੱਧ ਹਾਸ-ਰਸ ਕਵੀ ਬਣਿਆ। ਸੁਥਰੇ ਸ਼ਾਹ ਨੂੰ ਗੁਰੂ ਹਰਗੋਬਿੰਦ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨੇ ਨਸੀਬ ਹੋਏ। ਦੱਸਿਆ ਜਾਂਦਾ ਹੈ ਕਿ ਸੁਥਰਾ ਸੰਪਰਦਾਇ ਵੀ ਚੱਲੀ ਜਿਸ ਦੇ ਉੱਘੇ ਸੱਜਣ ਭਾਈ ਜਾਂਦੋ, ਭਾਈ ਰਜਾਲ ਸ਼ਾਹ ਤੇ ਅੰਧੇਰੇ ਸ਼ਾਹ ਹੋਏ। (ਨੋਟ: ਸੁਥਰੇ ਸ਼ਾਹ ਦਾ ਮੁਸਲਮਾਨ ਹੋਣਾ ਸਿੱਧ ਨਹੀਂ ਹੋ ਸਕਿਆ।)




## ਕਾਜ਼ੀ ਸਲਾਰਦੀਨ

ਕਾਜ਼ੀ ਸਲਾਰਦੀਨ ਪੰਜ ਵਕਤ ਨਮਾਜ਼ੀ ਸੀ। ਇਸਲਾਮਿਕ ਫ਼ਰਜ਼ਾਂ ਦਾ ਪੂਰਕ ਸੀ। ਅੱਲਾ ਦੀ ਹੋਣੀ ਤੋਂ ਭੈਅ ਖਾਂਦਾ ਸੀ, ਦਿਲ ਨਰਮ, ਜ਼ੁਬਾਨ ’ਤੇ ਕਲਮਾ ਸੀ। ਇਸਲਾਮਿਕ ਸ਼ਰਾ ਦੇ ਅੰਦਰ ਰਹਿ ਕੇ ਸਾਰੇ ਧਰਮਾਂ ਨੂੰ ਸਤਿਕਾਰਦਾ ਸੀ। ਉਸ ਦੇ ਦਿਲ ਅੰਦਰ ਕਿਸੇ ਤਰ੍ਹਾਂ ਦੀ ਕੱਟੜਤਾ ਦਾ ਵਾਸਾ ਨਹੀਂ ਸੀ।

ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਨ ਤਾਂ ਕਾਜ਼ੀ ਦੇ ਪਿੰਡ ਦੀ ਸੰਗਤ ਗੁਰੂ ਜੀ ਦੇ ਦਰਸ਼ਨਾਂ ਲਈ ਜਾ ਰਹੀ ਸੀ। ਇਹ ਵੀ ਦਿਲ ’ਚ ਸ਼ਰਧਾ ਲੈ ਕੇ ਗੁਰੂ ਜੀ ਦੇ ਦਰਬਾਰ ਜਾ ਪਹੁੰਚਿਆ। ਗੁਰੂ ਜੀ ਨੇ ਸਲਾਰਦੀਨ ਨੂੰ ਆਪਣੇ ਕੋਲ਼ ਬਿਠਾਇਆ ਤੇ ਗੁਰੂ ਜੀ ਦੀ ਵਿਚਾਰਧਾਰਾ/ਰਹਿਮ ਦਿਲੀ ਤੋਂ ਬਹੁਤ ਪ੍ਰਭਾਵਿਤ ਹੋਇਆ। ਗੁਰੂ ਜੀ ਨੇ ਕਾਜ਼ੀ ਨੂੰ ਅੱਲ੍ਹਾ ਪਾਕ ਦੀ ਦਿਲੋਂ ਬੰਦਗੀ ਕਰਨ ਲਈ ਕਿਹਾ, ਭਟਕਿਆਂ ਨੂੰ ਰਾਹ ਪਾਉਣ ਦੀ ਸਲਾਹ ਦਿੱਤੀ ਤੇ ਕਿਹਾ ਕਿ ਹਰ ਇਨਸਾਨ ਨੂੰ ਪਰਾਏ ਹੱਕ ਤੋਂ ਇਸ ਤਰ੍ਹਾਂ ਬਚਣਾ ਚਾਹੀਦਾ ਹੈ ਜਿਵੇਂ ਸ਼ਰ੍ਹਾ ’ਚ ਰਹਿਣ ਵਾਲਾ ਮੁਸਲਮਾਨ ਸੂਰ ਦੇ ਮਾਸ ਤੋਂ ਪਰਹੇਜ਼ ਕਰਦਾ ਹੈ; ਕਿਉਂਕਿ ਬੇਗਾਨੇ ਹੱਕਾਂ ਨੂੰ ਦੱਬ ਕੇ ਮਾਨਸਿਕ ਸੰਤੁਸ਼ਟੀ ਨਹੀਂ ਹਾਸਲ ਕੀਤੀ ਜਾ ਸਕਦੀ, ਦੁਨਿਆਵੀ ਸੁਖ ਜ਼ਰੂਰ ਹਾਸਲ ਕੀਤੇ ਜਾ ਸਕਦੇ ਹਨ। ਉਸ ਦਿਨ ਪਿੱਛੋਂ ਕਾਜ਼ੀ ਸਲਾਰਦੀਨ ਗੁਰੂ ਜੀ ਦੇ ਦੱਸੇ ਰਾਹ ’ਤੇ ਤੁਰਨ ਲੱਗਿਆ ਤੇ ਇਸ ਦੀ ਮਹਿਮਾ ਹੋਣ ਲੱਗੀ।


## ਸੱਯਦ ਸ਼ਾਹ ਜਾਨੀ

‘ਜਾਨੀ ਕੋ ਇੱਕ ਜਾਨੀ ਬਿਨਾ, ਕੁਛ ਨਾ ਸੁਹਾਵੈ ਉਰ ਇੱਕ ਛਿਨਾ॥’

ਸੱਯਦ ਸ਼ਾਹ ਜਾਨੀ ਬਾਰੇ ਦੱਸਿਆ ਜਾਂਦਾ ਹੈ ਕਿ ਉਹ ਇੱਕ ਮੁਸਲਮਾਨ ਫ਼ਕੀਰ ਸੀ, ਜੋ ਹਜ਼ਰਤ ਮੁਹੰਮਦ ਦੀ ਵੰਸ਼ ਵਿੱਚੋਂ ਸੀ। ਉਹ ਪਰਮਾਤਮਾ ਦੀ ਤਲਾਸ਼ ਵਿੱਚ ਭਟਕਦਾ ਰਹਿੰਦਾ ਸੀ। ਬੇਸ਼ੱਕ ਉਹ ਨਿਤ ਸੂਫ਼ੀ ਫ਼ਕੀਰਾਂ ਦੀ ਸੰਗਤ ਕਰਦਾ, ਪਰ ਫੇਰ ਵੀ ਉਸ ਦੀ ਭਟਕਣ ਪਹਿਲਾਂ ਵਾਂਗ ਕਾਇਮ ਸੀ। ਇੱਕ ਵਾਰ ਉਹ ਖਵਾਜ਼ਾ ਰੌਸ਼ਨ ਕੋਲ ਜਾ ਪਹੁੰਚਿਆ ਤੇ ਕਿਹਾ ‘ਮੈਂ ਪਰਮਾਤਮਾ ਨੂੰ ਮਿਲਣਾ ਚਾਹੁੰਦਾ ਹਾਂ।’ ਉਦੋਂ ਖਵਾਜ਼ਾ ਸਾਹਿਬ ਨੇ ਦੱਸਿਆ ਕਿ ਤੂੰ ਸਭ ਧਰਮਾਂ ਦੇ ਸਾਂਝੇ ਪੀਰ ਗੁਰੂ ਹਰਿਗੋਬਿੰਦ ਕੋਲ਼ ਜਾ, ਉਹ ਤੇਰੀ ਭਟਕਣ ਦੂਰ ਕਰ ਸਕਦੇ ਹਨ। ਜਾਨੀ ਇੰਨੀ ਗੱਲ ਸੁਣ ਕੇ ਹੈਰਾਨ ਹੋਇਆ, ‘ਜੀ ਉਹ ਤਾਂ ਤਲਵਾਰ ਦੇ ਧਨੀ ਦੱਸੇ ਜਾਂਦੇ ਹਨ, ਉਹ ਮੈਨੂੰ ਕਿਵੇਂ ਪਰਮਾਤਮਾ ਨਾਲ ਮਿਲਾ ਸਕਦੇ ਹਨ...?’ ਖਵਾਜ਼ਾ ਸਾਹਿਬ ਨੇ ਦੱਸਿਆ, ‘ਉਹ ਅੱਲ੍ਹਾ ਦੇ ਰਸੂਲ ਹਨ, ਹਥਿਆਰ ਤਾਂ ਕਮਜ਼ੋਰ ਦੀ ਰਾਖੀ ਲਈ ਵਰਤਦੇ ਹਨ।’ ਸ਼ਾਹ ਜਾਨੀ ਗੁਰੂ ਹਰਿਗੋਬਿੰਦ ਜੀ ਕੋਲ਼ ਜਾ ਪਹੁੰਚਿਆ ਤੇ ਉਸ ਨੇ ਸੰਗਤ ਵਿੱਚ ਬੈਠ ਕੇ ਜ਼ੋਰ ਦੀ ਆਵਾਜ਼ ਲਗਾਈ, ‘ਜਾਨੀ ਕੋ ਜਾਨੀ ਸੇ ਮਿਲਾ ਦੋ।’ ਗੁਰੂ ਜੀ ਵੀ ਸ਼ਾਹ ਜਾਨੀ ਨੂੰ ਅਜ਼ਮਾਉਣਾ ਚਾਹੁੰਦੇ ਸਨ। ਉਹ ਹਰ ਵਾਰ ਉਸ ਕੋਲ਼ੋਂ ਲੰਘਣ ਲੱਗੇ। ਉਸ ਨੂੰ ਅਣਦੇਖਿਆ ਕਰਕੇ ਲੰਘ ਜਾਂਦੇ। ਗੁਰੂ ਜੀ ਨੇ ਇੱਕ ਵਾਰ ਉਸ ਨੂੰ ਪੈਸੇ ਵੀ ਭੇਜੇ ਸਨ ਕਿ ਉਹ ਲੈ ਕੇ ਵਾਪਿਸ ਪਰਤ ਜਾਵੇ, ਪਰ ਜਾਨੀ ਨੇ ਇਹ ਸਵੀਕਾਰ ਨਾ ਕੀਤੇ ਤੇ ਬੋਲਿਆ, ‘ਮੈਨੂੰ ਤਾਂ ਸੱਚੀ ਦੌਲਤ ਦੀ ਲੋੜ ਐ...।’ ਉਹ ਆਉਂਦੇ-ਜਾਂਦੇ ਹਰ ਸਿੱਖ ਰਾਹੀਂ ਗੁਰੂ ਜੀ ਨੂੰ ਸੁਨੇਹੇ ਘੱਲਦਾ ਸੀ। ਇੱਕ ਦਿਨ ਗੁਰੂ ਜੀ ਨੇ ਫਰਮਾਇਆ ਕਿ ‘ਜੇ ਉਸ ਨੂੰ ਇੰਨੀ ਭੁੱਖ ਹੈ, ਉਹ ਇੰਨਾ ਕਾਹਲਾ ਹੈ ਤਾਂ ਜਾ ਕੇ ਦਰਿਆ ’ਚ ਕੁੱਦ ਪਵੇ।’ ਇੰਨਾ ਸੁਣਦਿਆਂ ਜਾਨੀ ਦਰਿਆ ਵੱਲ ਨੱਸ ਤੁਰਿਆ। ਜਦੋਂ ਗੁਰੂ ਜੀ ਨੂੰ ਖ਼ਬਰ ਹੋਈ ਤਾਂ ਉਨ੍ਹਾਂ ਨੇ ਘੋੜ ਸਵਾਰ ਮਗਰ ਭੇਜੇ ਤੇ ਉਹ ਜਾਨੀ ਨੂੰ ਫੜ ਕੇ ਗੁਰੂ ਜੀ ਕੋਲ਼ ਲੈ ਕੇ ਆਏ। ਗੁਰੂ ਜੀ ਉਸ ਦੀ ਸੱਚੀ ਸ਼ਰਧਾ ਤੋਂ ਬੇਅੰਤ ਪ੍ਰਭਾਵਿਤ ਹੋਏ ਤੇ ਉਸ ’ਤੇ ਗਿਆਨ ਦੀ ਬਖ਼ਸ਼ਿਸ਼ ਕੀਤੀ।

# AVANTE'

## BANQUETS & CONFERENCE CENTER






## CATERED WEDDING PACKAGE

*INCLUDES THE FOLLOWING:*

6 Hour Venue Rental *Time Extensions are Available
Custom Wedding Cake
Elegant White Linen & Napkins with Floor Length Tablecloth
Champagne Chiavari Chairs
Silk Floral Centerpieces with 12" Mirror
Private Bridal Suite Featuring a Makeup Table & Private Restroom 4
4 Hours Open Bar with Premium Alcohol (with Alcohol Package)
Wine Service Through-out Dinner (with Alcohol Included)
Includes All White Plate-ware, Upgraded Silver Flatware and Glassware
Room Floor-plan Coordinator *Complimentary Parking*
Beautiful Landscape with Carriage, Perfect for Photo Opportunities
20% Service Charge and 8% Sales Tax will be added to All Services



## ADDITIONAL UPGRADES

**LUXURIOUS WHITE LEATHER GUEST OF HONOR CHAIRS**
Choose our plush chairs to help you stand out. And make you feel even more special on your beautiful wedding day.

**CHAMPAGNE TOAST FOR EVERYONE**
Let your guests help to celebrate YOU on YOUR day while raising a glass in your honor.

**DRAPERY:** Beautiful, flowing white drapery to use behind your head table.
**UPLIGHTING:** Includes 6 multicolor LED up lights (Multiple Sets Available)

**SWEET TABLE PACKAGES**
TRADITIONAL and DELUXE

**DISPLAYS:**
ANTIPASTO DISPLAY
MEDITERRANEAN DISPLAY
SEAFOOD TOWER DISPLAY
CALAMARI PLATTER

**Late Night Eats Packages**

**(847) 287-1006**

**1050 Northwest Hwy,
Fox River Grove, IL 60021**

**Office@AvanteBanquets.com
www.AvanteBanquets.com**